# ਸਿਰਜਣਾ

ਅਪਰੈਲ–ਜੂਨ 1979

ਨਿਗਰਾਨ : ਸੰਤ ਸਿੰਘ ਸੇਖੋਂ
ਸੰਪਾਦਕ : ਰਘਬੀਰ ਸਿੰਘ

34

ਮੁੱਲ : ਢਾਈ ਰੁਪਏ
ਸਾਲਾਨਾ : ਦਸ ਰੁਪਏ

# ਸਿਰਜਣਾ

ਅਪਰੈਲ-ਜੂਨ 1979

●

ਨਿਗਰਾਨ
**ਸੰਤ ਸਿੰਘ ਸੇਖੋਂ**

●

ਸੰਪਾਦਕ
**ਰਘਬੀਰ ਸਿੰਘ**

●

ਪਤਾ
**1023, ਸੈਕਟਰ 38-ਬੀ**
**ਚੰਡੀਗੜ੍ਹ-160023**

●

**SIRJANA is approved by DPI Punjab for all schools, colleges and social education centres vide letter No. 2/6-66 B (EP) dated 26.9.66**

## ਇਸ ਅੰਕ ਵਿਚ

ਸੰਤ ਸਿੰਘ ਸੇਖੋਂ/ਨਿਬੰਧ/ਸਾਹਿੱਤ ਰਚਨਾ ਦੇ ਪ੍ਰੇਰਕ/1
ਸੁਭਾਸ਼/ਕਵਿਤਾ/ਮਾਣ-ਪੱਤਰ/7
ਗੁਰਦਿਆਲ ਸਿੰਘ/ਕਹਾਣੀ/ਖੜਸੁੱਕ ਰੁੱਖ ਦਾ ਪਰਛਾਵਾਂ/9
ਕੇ.ਐਲ. ਗਰਗ/ਕਹਾਣੀ/ਚੌਥਾ ਬਾਂਦਰ/17
ਫਤਹਿਜੀਤ/ਕਵਿਤਾ/ਚੰਡੀਗੜ੍ਹ/24
ਹਰਪ੍ਰੀਤ ਸਿੰਘ/ਕਹਾਣੀ/ਹੌਲੀ ਹੌਲੀ ਸਰਕਦੀ ਧੁੱਪ/25
ਕੁਮਾਰ ਵਿਕਲ/ਕਵਿਤਾਵਾਂ/ਇਕ ਨਾਸਤਕ ਕੇ ਪ੍ਰਾਰਥਨਾ ਗੀਤ/29
ਕੇਸਰ ਸਿੰਘ ਕੇਸਰ/ਨਿਬੰਧ/ਪ੍ਰਗਤੀਵਾਦੀ ਪੰਜਾਬੀ ਕਵਿਤਾ/33
ਤ੍ਰੈਲੋਚਨ/ਕਵਿਤਾ/ਕਰੀਏ ਤਾਂ ਕੀ ਕਰੀਏ/44
ਤੇਜਵੰਤ ਸਿੰਘ ਗਿੱਲ/ਨਿਬੰਧ/ਸੇਰੇਬੇਰੀਆਕੋਫ ਦੀ ਆਲੋਚਨਾਤਮਕ ਦ੍ਰਿਸ਼ਟੀ ਤੇ ਵਿਧੀ/45
ਗੁਰਪ੍ਰਤਾਪ ਸਿੰਘ ਗਿੱਲ/ਕਵਿਤਾ/ਬੁਝੇ ਹੋਏ ਦੀਵਿਆਂ ਦੀ ਦਾਸਤਾਂ/52
ਅਮਰਜੀਤ ਸਿੰਘ/ਟਿੱਪਣੀ/ਸਿੱਖ ਧਰਮ ਤੇ ਜੱਟ ਬੁੱਧੀਮਾਨ/53
ਗੁਰਚਰਨ ਚੀਮਾ/ਕਵਿਤਾ/ਸੱਚ ਜਾਣੀਂ/55
ਸੁਰਜੀਤ ਗਿੱਲ/ਨਿਬੰਧ/ਭਵਾਨੀ : ਕੁਝ ਸਮੱਸਿਆਵਾਂ/57
ਜਸਵੰਤ ਸਿੰਘ ਦੀਦ/ਕਵਿਤਾ/ਗੁਆਚੇ ਘਰ ਦੀ ਤਲਾਸ਼/63
ਲੋਕ ਨਾਥ/ਰੰਗ ਮੰਚ/ਨਾਟਕ ਮੇਲਾ : ਆਪਣੀਆਂ ਸਾਰੀਆਂ 'ਅਨਾਟਕੀ' ਮੁਦ੍ਰਾਵਾਂ ਸਮੇਤ/65
ਅਰਬਦ ਨਰਬਦ ਧੁੰਧੂਕਾਰਾ/ਰੀਵੀਊ/ਰਘਬੀਰ ਸਿੰਘ/70
ਓਦਰੀ ਧੁੱਪ/ਰੀਵੀਊ/ਹਰਭਜਨ ਹਲਵਾਰਵੀ/72
ਬਦਲਦੀ ਰੁੱਤ/ਰੀਵੀਊ/ਸੁਰਜੀਤ ਗਿੱਲ/74
ਇਨਸਾਈਡ ਆਊਟਸਾਈਡ/ਰੀਵੀਊ/ਸੁਰਜੀਤ ਗਿੱਲ/76
ਰੰਗਾਂ ਦੀ ਤਪਸ਼/ਰੀਵੀਊ/ਹਰਭਜਨ ਸਿੰਘ ਹੁੰਦਲ/78
ਲੋਹੇ ਦੇ ਮਰਦ/ਰੀਵੀਊ/ਸੁਰਜੀਤ ਬਰਾੜ/79
ਦੋ ਕਾਵਿ ਸੰਗ੍ਰਹਿ/ਰੀਵੀਊ/ਹਰਭਜਨ ਹਲਵਾਰਵੀ/81
ਗੋਲ ਫਰੇਮ/ਰੀਵੀਊ/ਮਨਜੀਤ ਸਿੰਘ/82

ਸੰਤ ਸਿੰਘ ਸੇਖੋਂ

# ਸਾਹਿਤ ਰਚਨਾ ਦੇ ਪ੍ਰੇਰਕ

ਪੁਰਾਣੇ ਸਮੇਂ ਦੇ ਤੇ ਆਧੁਨਿਕ ਸਮੇਂ ਦੇ ਸਾਹਿਤ ਸ਼ਾਸਤਰ ਦੋਹਾਂ ਨੂੰ ਵਿਚਾਰ ਗੋਚਰ ਕਰੀਏ ਤਾਂ ਭਾਵੇਂ ਬਲ-ਬਿੰਦੂ ਉਤੇ ਮਤਭੇਦ ਦਿਸੇਗਾ, ਪਰ ਇਕ ਗੱਲ ਸਾਂਝੀ ਦਿਸ ਪਵੇਗੀ ਕਿ ਸਾਹਿਤ ਰਚਨਾ ਦੀ ਪ੍ਰੇਰਣਾ ਮਨੁਖ ਦੇ ਸੁਭਾਵ ਵਿਚੋਂ ਉਤਪੰਨ ਹੁੰਦੀ ਹੈ। ਇਸ ਪ੍ਰੇਰਣਾ ਨੂੰ ਚਾਹੇ ਆਤਮ-ਅਭਿਵਿਅਕਤੀ ਦਾ ਨਾਮ ਦੇ ਲਵੋ ਚਾਹੇ ਸੰਚਾਰ ਦਾ, ਸਾਹਿਤ ਰਚਨਾ ਮਨੁਖ ਆਪਣੇ ਸੁਭਾਵ ਦੇ ਕਿਸੇ ਤੱਤ ਤੋਂ ਪ੍ਰੇਰਿਤ ਹੋ ਕੇ ਕਰਦਾ ਹੈ।

ਪੁਰਾਣੇ ਸਮੇਂ ਵਿਚ ਤਾਂ ਖੁਲ੍ਹ ਕੇ ਇਹ ਕਿਹਾ ਜਾਂਦਾ ਸੀ ਕਿ ਸਾਹਿਤ ਰਚਨਾ ਦਾ ਮਨੋਰਥ ਸੰਸਾਰਕ ਪੱਧਰ ਉਤੇ ਧਨ ਤੇ ਕੀਰਤੀ ਦੀ ਪ੍ਰਾਪਤੀ ਹੁੰਦਾ ਹੈ ਤੇ ਉਚੇਰੇ ਅਧਿਆਤਮਕ ਪੱਧਰ ਉਤੇ ਸੱਚੇ ਆਨੰਦ ਤੇ ਕਲਿਆਣ ਦੀ ਪ੍ਰਾਪਤੀ। ਮਨੋਰਥ ਭਾਵੇਂ ਅਧਿਆਤਮਕ ਤੇ ਉੱਦਾਤ ਹੋਵੇ, ਤੇ ਭਾਵੇਂ ਸੰਸਾਰਕ ਤੇ ਉਪਯੋਗੀ, ਸਾਹਿਤ ਰਚਨਾ ਪਿਛੇ ਇਹ ਹੁੰਦਾ ਜ਼ਰੂਰ ਹੈ।

ਜੇ ਹੁਣ ਤਕ ਦੀ ਸਾਰੇ ਸੰਸਾਰ ਵਿਚ ਸਾਹਿਤ ਰਚਨਾ ਨੂੰ ਵਿਚਾਰੀਏ ਤਾਂ ਇਹ ਦਿਸ ਪਵੇਗਾ ਕਿ ਇਹ ਪ੍ਰੇਰਕ ਮੁਖ ਰੂਪ ਵਿਚ ਮਨੁਖ ਦੇ ਸ਼ੁਭ ਗੁਣਾਂ ਦੀ ਪ੍ਰਸ਼ੰਸਾ ਤੇ ਅਸ਼ੁਭ ਗੁਣਾਂ ਦੀ ਨਿੰਦਾ ਹੁੰਦੀ ਹੈ। ਸ਼ੁਭ ਗੁਣਾਂ ਵਿਚ ਮੁਖ ਅੱਗੋਂ ਮਨੁੱਖ ਦੀ ਯੁਧ ਕਰਮ ਵਿਚ ਵੀਰਤਾ, ਪ੍ਰੇਮ ਵਿਚ ਸੁਹਿਰਦਤਾ ਤੇ ਆਤਮ-ਤਿਆਗ, ਸਮਾਜ ਵਿਚ ਨੀਤਿ-ਆਚਾਰ ਤੇ ਅਧਿਆਤਮਕ ਪੱਖ ਉਤੇ ਜੀਵਨ ਤੱਤ ਨੂੰ ਸਮਝਣ ਬੁਝਣ ਦੀ ਆਕਾਂਖਾ ਆਉਂਦੇ ਹਨ, ਤੇ ਅਸ਼ੁਭ ਗੁਣ ਇਨ੍ਹਾਂ ਦੇ ਪ੍ਰਤਿਕੂਲ ਮਨੁਖ ਦੀਆਂ ਤਰੁਟੀਆਂ ਹਨ।

ਜੇ ਮਨੁਖ ਦੀ ਕਲਾਤਮਕ ਗਤਿਵਿਧੀ ਨੂੰ ਵੇਖਿਆ ਵਿਚਾਰਿਆ ਜਾਵੇ ਤਾਂ ਕਲਾ ਦੇ ਮੁਖ ਰੂਪ ਕਾਵਿ ਰਚਨਾ, ਚਿਤਰ ਰਚਨਾ, ਸੰਗੀਤ ਰਚਨਾ, ਮੂਰਤੀ ਰਚਨਾ ਤੇ ਮੰਦਿਰ ਰਚਨਾ ਹਨ, ਤੇ ਇਨ੍ਹਾਂ ਤੋਂ ਕੁਝ ਹਟ ਕੇ ਨਚਣਾ ਕੁਦਣਾ ਤੇ ਇਨ੍ਹਾਂ ਦੇ ਵਿਸਤ੍ਰਿਤ ਹੋਰ ਰੂਪ, ਮੌਜ ਮੇਲਾ, ਖੇਡਾਂ, ਆਦਿ। ਕਾਵਿ ਰਚਨਾ ਦਾ ਵਿਸਤ੍ਰਿਤ ਰੂਪ ਸਾਹਿਤ ਰਚਨਾ ਬਣ ਜਾਂਦਾ ਹੈ, ਜਿਸ ਵਿਚ ਕਥਾ ਕਹਾਣੀ, ਨਾਟਕ, ਤੇ ਇਹ ਵੀ ਗੱਦ ਰੂਪ ਵਿਚ, ਤੇ ਹੋਰ ਗੱਦ ਰੂਪ ਆ ਜਾਂਦੇ ਹਨ।

ਪੁਰਾਣੇ ਸਮਿਆਂ ਵਿਚ ਮਨੁਖ ਦੀ ਰੁਚੀ ਸੀ ਸੰਸਾਰਕ ਪੱਧਰ ਦੀ ਕਲਾ ਰਚਨਾ ਤੋਂ ਉੱਦਾਤ ਹੋ ਕੇ ਅਧਿਆਤਮਕ ਪੱਧਰ ਦੀ ਰਚਨਾ ਕਰਨਾ, ਤੇ ਇਸ ਰੁਚੀ ਤੋਂ ਇਹ ਸਿਧਾਂਤ ਬਣ ਗਿਆ ਕਿ ਮਨੁਖ ਦੀ ਕਲਾਤਮਕ ਰਚਨਾ ਦਾ ਮਨੋਰਥ ਜੀਵਨ ਤੱਤ ਅਥਵਾ ਸੱਚ ਦੀ ਪ੍ਰਾਪਤੀ ਹੀ ਹੈ। ਅਜੋਕੇ ਸਮਿਆਂ ਵਿਚ ਜਦੋਂ ਅਧਿਆਤਮਕ ਚਿੰਤਨ ਕੁਝ ਗੌਣ ਜਿਹਾ

ਬਣ ਗਿਆ ਹੈ ਇਸ ਸਿੱਧਾਂਤ ਦਾ ਬਲ ਵਧੇਰੇ ਜੀਵਨ ਸੱਚ ਨੂੰ ਸਮਝਣ ਤੇ ਵਿਅਕਤ ਕਰਨ ਉਤੇ ਆ ਗਿਆ ਹੈ ।

ਪ੍ਰਸ਼ਨ ਉਠਦਾ ਹੈ ਕਿ ਜੀਵਨ ਦਾ ਸੱਚ ਕੀ ਹੈ ਤੇ ਇਸ ਨੂੰ ਪ੍ਰਾਪਤ ਕਰਨਾ ਕਿਉਂ ਲਾਭਵੰਦਾ ਹੈ ? ਕੀ ਇਸ ਪ੍ਰਾਪਤੀ ਦੇ ਪਿੱਛੇ ਕੋਈ ਉਪਯੋਗੀ ਧਾਰਨਾ ਹੈ ? ਆਧੁਨਿਕਵਾਦੀ ਉਪਯੋਗੀ ਉਕਤੀ ਤੋਂ ਚੌਂਕ ਜਾਂਦੇ ਹਨ । ਤੇ ਉਹ ਇਸ ਗੱਲ ਉਤੇ ਜ਼ੋਰ ਦਿੰਦੇ ਹਨ ਕਿ ਇਹ ਪ੍ਰਾਪਤੀ ਮਨੁਖ ਦੀ ਆਤਮਾ ਦਾ ਵਿਗਸਣ ਹੀ ਹੈ, ਇਸ ਤੋਂ ਅੱਗੇ ਕੋਈ ਉਪਯੋਗੀ ਲਾਭ ਗੌਣ ਪੱਧਰ ਦਾ ਹੀ ਹੋ ਸਕਦਾ ਹੈ । ਪਰ ਚਾਹੇ ਉਪਯੋਗੀ ਲਾਭ ਗੌਣ ਹੀ ਹੋਵੇ ਤੇ ਮੁਖ ਲਾਭ ਆਤਮ–ਵਿਕਾਸ, ਫਿਰ ਵੀ ਜੀਵਨ ਸੱਚ ਦੀ ਅਭਿਵਿਅਕਤੀ ਸਾਹਿਤ ਤੇ ਕਲਾ ਰਚਨਾ ਦਾ ਮੁਖ ਕਰਮ ਮੰਨਿਆ ਜਾਂਦਾ ਹੈ । ਪਰ ਕੋਈ ਸ਼ਬਦ ਵੀ ਵਰਤ ਲਈਏ, ਇਸ ਜੀਵਨ ਸੱਚ ਦੇ ਮੁੱਲ ਤੋਂ ਦ੍ਰਿਸ਼ਟੀ ਹਟਾਈ ਨਹੀਂ ਜਾ ਸਕਦੀ । ਆਧੁਨਿਕ ਸਮੇਂ ਦੇ ਕਲਾ ਚਿੰਤਨ ਵਿਚ ਭੇਦ ਮੁਖ ਰੂਪ ਵਿਚ ਜੀਵਨ ਸੱਚ ਦੀ ਵਿਆਖਿਆ ਬਾਰੇ ਦੇਖਣ ਵਿਚ ਆਉਂਦਾ ਹੈ । ਮਾਸਕਸਵਾਦੀ ਚਿੰਤਨ ਜੀਵਨ ਸੱਚ ਨੂੰ ਇਕ ਇਤਿਹਾਸਕ ਪ੍ਰਕ੍ਰਿਆ ਮੰਨਦਾ ਹੈ ਤੇ ਮਨੁਖ ਦੀ ਇਸ ਬਾਰੇ ਸੂਝ-ਬੂਝ ਨੂੰ ਇਤਿਹਾਸਕ ਵਿਕਾਸ ਅਨੁਸਾਰ ਬਦਲਦੀ ਤੇ ਵਿਕਸਦੀ ਮੰਨਦਾ ਤੇ ਆਖਦਾ ਹੈ । ਪੁਰਾਣੇ ਸਮੇਂ ਦਾ ਅਧਿਆਤਮਕ ਅਥਵਾ ਧਾਰਮਿਕ ਚਿੰਤਨ ਜੀਵਨ ਸੱਚ ਨੂੰ ਸਥਿਰ ਤੇ ਕਾਲਪਰਕ ਪਰਿਵਰਤਨ ਤੋਂ ਉਪਰ ਦ ਕੋਈ ਪ੍ਰਪੰਚ ਅਥਵਾ ਪ੍ਰਕਟਨ ਸਮਝਦਾ ਸੀ । 'ਆਦਿ ਸਚੁ ਜੁਗਾਦਿ ਸਚੁ' ਦੇ ਸਮਾਨਾਰਥ ਸ਼ਬਦ ਹਰ ਪ੍ਰਕਾਰ ਦੇ ਈਸ਼ਵਰਵਾਦੀ ਧਰਮ ਦੇ ਚਿੰਤਨ ਦਾ ਧੁਰਾ ਹਨ, ਆਧੁਨਿਕ ਜਗਤ ਵਿਚ ਸੰਰਚਨਾ-ਵਾਦ ਜਿਹੇ ਮਤ ਇਸੇ ਸਿਧਾਂਤ ਦੇ ਸੰਸਾਰਕ ਰੂਪ ਦੇ ਸਮਰਥਕ ਹਨ, ਜਿਨ੍ਹਾਂ ਅਨੁਸਾਰ ਮਨੁਖੀ ਮਨ ਇਕ 'ਆਦਿ ਸਚੁ ਜੁਗਾਦਿ ਸਚ' ਘਟਨਾ ਹੈ, ਤੇ ਸਾਹਿਤ, ਕਲਾ ਰਚਨਾ ਇਸੇ ਘਟਨਾ ਦੀ ਅਭਿਵਿਅਕਤੀ ਹੈ ।

ਜਿਥੇ ਮਾਰਕਸਵਾਦੀ ਚਿੰਤਨ ਹਰ ਸਾਹਿਤ ਅਥਵਾ ਕਲਾ ਕ੍ਰਿਤੀ ਵਿਚ ਸਮੇਂ ਅਨੁਸਾਰ ਪਰਿਵਰਤਿਤ ਤੇ ਵਿਕਸਿਤ ਰੂਪ ਵਿਚ ਮਨੁਖ ਦੇ ਸ਼੍ਰੇਣੀ–ਗਤ ਸੁਭਾਵ ਨੂੰ ਕੰਮ ਕਰਦਾ ਦੇਖਦਾ ਹੈ, ਉਥੇ ਸੰਰਚਨਾਵਾਦੀ ਚਿੰਤਨ ਸਾਹਿਤ ਅਥਵਾ ਕਲਾ ਕ੍ਰਿਤੀ ਨੂੰ ਆਤਮ-ਸਿਧ ਪ੍ਰਕਟਨ ਮੰਨ ਕੇ ਇਸ ਵਿਚ ਸਦੀਵੀ ਅੰਤਰਵਿਰੋਧਾਂ ਤੇ ਸਮੀਕਰਨਾਂ ਦੀਆਂ ਲੜੀਆਂ ਦਾ ਆਵਿਸ਼ਕਾਰ ਕਰਦਾ ਹੈ । ਉਹ ਇਨ੍ਹਾਂ ਅੰਤਰਵਿਰੋਧਾਂ ਤੇ ਸਮੀਕਰਣਾਂ ਦਾ ਮੂਲ ਨਿਰੀਖਿਅਤ ਕਰਦਾ ਹੈ, ਪਰ ਇਸ ਨਿਰੀਖਣ ਬਾਰੇ ਕੋਈ ਪਰਿਮਾਣ ਨਿਯਤ ਕਰਨ ਤੋਂ ਸੰਕੋਚ ਕਰਦਾ ਹੈ । ਉਹ ਮਾਰਕਸਵਾਦੀ ਚਿੰਤਨ ਉਤੇ ਦੂਸ਼ਨ ਲਗਾਂਦਾ ਹੈ ਕਿ ਇਹ ਸ਼੍ਰੇਣੀ-ਵਿਰੋਧ ਨੂੰ ਦੇਖਦਾ ਕਲਾ ਕ੍ਰਿਤੀ ਦੀ ਆਤਮ-ਸਿਧੀ ਵਲੋਂ ਅਵੇਸਲਾ ਰਹਿੰਦਾ ਹੈ ।

ਪਰ ਕਿਸੇ ਕ੍ਰਿਤੀ ਦੀ ਆਤਮ -ਸਿਧੀ ਦਾ ਕੀ ਅਰਥ ਹੈ ? ਇਸ ਬਾਰੇ ਸੰਰਚਨਾਵਾਦੀ ਬਹੁਤਾ ਗਿਆਨ ਪ੍ਰਦਾਨ ਕਰਨ ਦੀ ਖੇਚਲ ਨਹੀਂ ਕਰਦੇ । ਕਿਸੇ ਕਵਿਤਾ ਵਿਚ ਕਿਹੜਾ ਤੱਤ ਹੈ ਜੋ ਇਸ ਨੂੰ ਆਤਮ-ਸਿਧ ਬਣਾਂਦਾ ਹੈ ? ਫਿਰ ਕੀ ਵਖ ਵਖ ਆਤਮ-ਸਿਧ ਕਵਿਤਾਵਾਂ ਅਥਵਾ ਕ੍ਰਿਤੀਆਂ ਵਿਚ ਕੋਈ ਉੱਤਮ ਮਧਮ ਦੀ ਪਛਾਣ ਕੀਤੀ ਜਾ ਸਕਦੀ ਹੈ ? ਤੇ ਉਹ ਕਿਸ ਆਧਾਰ ਉਤੇ ? ਕੀ ਕੋਈ ਕ੍ਰਿਤੀ ਘੱਟ ਆਤਮ-ਸਿਧ ਹੋ ਸਕਦੀ ਹੈ ਤੇ ਕੋਈ

ਵੱਧ ? ਇਸ ਭੇਦ ਦਾ ਵੀ ਨਿਰਣਾ ਕਿਵੇਂ ਕੀਤਾ ਜਾਵੇ ?

ਇਕ ਥਾਂ ਡਾ. ਹਰਿਭਜਨ ਸਿੰਘ ਨੇ ਲਿਖਿਆ ਹੈ ਕਿ ਸੰਰਚਨਾ ਤਾਂ ਕਿਸੇ ਕਵਿਤਾ ਦਾ ਤਾਣਾ ਹੈ, ਇਸ ਵਿਚ ਪੇਟਾ ਕਵੀ ਨੇ ਆਪ ਪਾਣਾ ਹੈ। ਅਮਰੀਕਨ ਕਵੀ ਰੈਸਮ ਵੀ ਇਸ ਤਰ੍ਹਾਂ ਦਾ ਭੇਦ-ਭਾਵ ਵਰਣਨ ਕਰਦਾ ਹੈ। ਕੀ ਇਸ ਤੋਂ ਇਹ ਭਾਵ ਲਿਆ ਜਾਵੇ ਕਿ ਜੇ ਕੁਝ ਇਕ ਕਵਿਤਾਵਾਂ ਆਪਣੇ ਤਾਣੇ ਵਿਚ ਆਤਮ-ਸਿਧ ਹਨ, ਤੇ ਉਨ੍ਹਾਂ ਦੇ ਸਮੁਚੇ ਅਰਥਾਂ ਵਿਚ ਕਵੀ ਦੇ ਦਿਤੇ ਪੇਟੇ ਕਾਰਣ ਉਤਮ-ਮਧਮ ਦਾ ਭੇਦ ਬਣ ਜਾਵੇਗਾ ? ਕੀ ਇਕ ਸੰਰਚਨਾਵਾਦੀ ਆਲੋਚਕ ਕਵਿਤਾ ਵਿਚ ਉਤਮ ਤੇ ਮਧਮ ਦੇ ਭੇਦ ਨੂੰ ਮੰਨੇਗਾ ? ਜੇ ਉਹ ਮੰਨਦਾ ਹੈ ਤਾਂ ਸਿਧ ਹੈ ਕਿ ਮੁਲਿਆਂਕਣ ਹੋ ਜਾਂਦਾ ਹੈ।

ਸੱਚ ਤਾਂ ਇਹ ਹੈ ਕਿ ਜਗਤ ਵਿਚ ਕੋਈ ਵੀ ਵਸਤ ਮੁੱਲ ਸੱਖਣੀ ਨਹੀਂ, ਤੇ ਵਖ ਵਖ ਵਸਤਾਂ ਵਿਚ ਮੁੱਲ ਦਾ ਭੇਦ ਬਣਿਆ ਰਹਿੰਦਾ ਹੈ। ਉਪਯੋਗੀ ਵਸਤਾਂ ਵਿਚ ਇਹ ਭੇਦ ਉਨ੍ਹਾਂ ਦੇ ਉਪਯੋਗ ਦੀ ਮਾਤ੍ਰਾ ਤੇ ਸੁਭਾਵ ਉਤੇ ਨਿਰਭਰ ਕਰਦਾ ਹੈ। ਜਿਨ੍ਹਾਂ ਨੂੰ ਅਸੀਂ ਕਲਾ ਕ੍ਰਿਤੀਆਂ ਆਖ ਕੇ ਉਪਯੋਗ ਦੇ ਘੇਰੇ ਵਿਚੋਂ ਕਢ ਲੈਂਦੇ ਹਾਂ, ਉਨ੍ਹਾਂ ਵਿਚ ਉਤਮ-ਮਧਮ ਦਾ ਭੇਦ ਕਿਸ ਤਰ੍ਹਾਂ ਨਿਸ਼ਚਿਤ ਕੀਤਾ ਜਾਵੇ, ਇਸ ਨਿਰਣੇ ਤੋਂ ਪਹਿਲਾਂ ਸਾਨੂੰ ਹਰ ਕ੍ਰਿਤੀ ਦੀ ਆਤਮ-ਸਿਧੀ ਦਾ ਪ੍ਰਮਾਣ ਵੀ ਨਿਸ਼ਚਿਤ ਕਰਨਾ ਪਵੇਗਾ। ਉਤਮ-ਮਧਮ ਭੇਦ ਨੂੰ ਅਸੀਂ ਕੇਵਲ ਆਤਮ-ਸਿਧੀ ਦੇ ਅੰਤਰ ਉਤੇ ਆਧਾਰਿਤ ਨਹੀਂ ਕਰ ਸਕਦੇ। ਜੇ ਇਉਂ ਕਰਦੇ ਹਾਂ ਤਾਂ ਸਾਨੂੰ ਆਤਮ-ਸਿਧੀ ਦੇ ਵਿਸਤਾਰ ਵਿਚ ਜਾਣਾ ਪਵੇਗਾ ਤੇ ਉਤਮ-ਮਧਮ ਦੀ ਪਰਖ ਲਈ ਉਸ ਵਿਸਤਾਰ ਉਤੇ ਆਧਾਰ ਰਖਣਾ ਪਵੇਗਾ।

ਉਸ ਵਿਸਤਾਰ ਵਿਚ ਪਹਿਲੀ ਤੇ ਪ੍ਰਥਮਕ ਪੱਧਰ ਦੀ ਗੱਲ ਸ਼ਿਲਪ ਸ਼ੈਲੀ ਦੀ ਹੋਵੇਗੀ। ਤੇ ਇਸ ਗਲ ਵਿਚ ਸੰਰਚਨਾਵਾਦੀ ਆਪਣੇ ਪਖ ਨੂੰ ਕੁਝ ਸਪਸ਼ਟ ਜ਼ਰੂਰ ਕਰ ਦਿੰਦੇ ਹਨ। ਪਰ ਉਹ ਵੀ ਇਸ ਤੋਂ ਇਨਕਾਰ ਨਹੀਂ ਕਰਦੇ ਕਿ ਸ਼ਿਲਪ ਤੇ ਸ਼ੈਲੀ ਵਿਚ ਵੀ ਕੋਈ ਭੇਦ ਹੈ। ਸ਼ੈਲੀ ਵਿਅਕਤਿਗਤ ਹੁੰਦੀ ਹੈ ਤੇ ਸ਼ਿਲਪ ਸਮੂਹਕ। ਗੱਲ ਕਰੀਬ ਕਰੀਬ ਤਾਣੇ ਪੇਟ ਵਾਲੀ ਹੀ ਹੋ ਜਾਂਦੀ ਹੈ। ਤੇ ਭਾਵੇਂ ਸੰਰਚਨਾਵਾਦੀ ਇਸ ਤੋਂ ਵੀ ਇਨਕਾਰ ਨਹੀਂ ਕਰਦੇ ਪਰ ਸ਼ੈਲੀ ਦੇ ਵਿਆਕਤਿਗਤ ਸੁਭਾਵ ਵਿਚ ਉਹ ਬਹੁਤ ਅਜਿਹੀਆਂ ਗੱਲਾਂ ਕਰ ਜਾਂਦੇ ਹਨ, ਜਿਨ੍ਹਾਂ ਵਿਚ ਮੁਲਿਆਂਕਣ ਦਾ ਤੱਤ ਆ ਜਾਂਦਾ ਹੈ।

ਸ਼ੈਲੀ ਦੇ ਅੰਤਰਗਤ ਲੇਖਕ ਦਾ ਅੰਤਰਾਤਮਾ ਆਉਂਦਾ ਹੈ। ਰੂਪਵਾਦੀਆਂ ਦੇ ਪਿਤਾ ਪੁਰਖ, ਵਾਲਟਰ ਪੇਟਰ, ਦਾ ਕਥਨ ਹੈ ਕਿ ਸ਼ੈਲੀ ਹੀ ਵਿਅਕਤੀ ਹੈ। ਸੋ ਜਦੋਂ ਸੰਰਚਨਾਵਾਦੀ ਕਿਸੇ ਕ੍ਰਿਤੀ ਵਿਚ ਵਿਰੋਧਾਂ ਤੇ ਸਮੀਕਰਣਾਂ ਦੀ ਗਿਣਤੀ ਮਿਣਤੀ ਕਰਦੇ ਹਨ ਤਾਂ ਉਹ ਕ੍ਰਿਤੀ ਦੇ ਤਾਣੇ ਨੂੰ ਹੀ ਵਿਚਾਰ ਗੋਚਰ ਲਿਆ ਰਹੇ ਹੁੰਦੇ ਹਨ। ਇਸ ਤੋਂ ਅੱਗੇ ਚਲ ਕੇ ਉਹ ਇਹ ਜਾਚਣ ਦਾ ਦਾਵਾ ਕਰਦੇ ਹਨ ਕਿ ਕਵੀ ਜਾਂ ਰਚਿਅਤਾ ਨੇ ਆਪਣੀ ਆਤਮਾ ਦੇ ਦ੍ਵੰਦਾਂ ਤੇ ਤਣਾਵਾਂ ਨੂੰ ਕਿਥੋਂ ਤਕ ਤੇ ਕਿਸ ਸ਼ਕਤੀ ਨਾਲ ਕਵਿਤਾ ਜਾਂ ਰਚਨਾ ਵਿਚ ਅੰਕਿਤ ਕੀਤਾ ਹੈ। ਤੇ ਜਦੋਂ ਉਹ ਇਉਂ ਕਰਦੇ ਹਨ ਤਾਂ ਮੁਲਿਆਂਕਣ ਦਾ ਤੱਤ ਸੁਤੇ ਹੀ ਆ ਜਾਂਦਾ ਹੈ।

ਵਾਸਤਵ ਵਿਚ ਮਾਰਕਸਵਾਦੀ ਆਲੋਚਨਾ ਵਿਰੁਧ ਸੰਰਚਨਾਵਾਦੀਆਂ ਦੀ ਆਪੱਤੀ

ਮੁਲਿਆਂਕਣ ਦੀ ਹੋਂਦ ਬਾਰੇ ਨਹੀਂ, ਇਸ ਦੀ ਵਿਧੀ ਬਾਰੇ, ਇਸ ਦੇ ਪਰਿਮਾਣਾਂ ਬਾਰੇ ਹੁੰਦੀ ਹੈ। ਸੰਰਚਨਾਵਾਦੀਆਂ ਨੂੰ ਆਪੱਤੀ ਹੁੰਦੀ ਹੈ ਕਿ ਮਾਰਕਸਵਾਦੀ ਆਲੋਚਨਾ ਕਿਸੇ ਰਚਨਾ ਦੀ ਸ਼ਿਲਪ-ਸ਼ੈਲੀ ਵਲ ਅਣਗਹਿਲੀ ਕਰ ਦਿੰਦੀ ਹੈ। ਪਰ ਇਹ ਆਪੱਤੀ ਸੰਦੇਹ-ਰਹਿਤ ਨਹੀਂ। ਸ਼ਿਲਪ ਤੋਂ ਕੋਈ ਮਾਰਕਸਵਾਦੀ ਵੀ ਅਵੇਸਲਾ ਨਹੀਂ ਹੁੰਦਾ ਤੇ ਨਾ ਹੀ ਸ਼ੈਲੀ ਦੇ ਵਿਅਕਤਿਗਤ ਸੁਭਾਵ ਤੋਂ ਉਹ ਇਨਕਾਰ ਕਰਦਾ ਹੈ। ਸੱਚ ਤਾਂ ਇਹ ਹੈ ਕਿ ਬਹੁਤੀ ਆਧੁਨਿਕ ਰਚਨਾ ਉਤੇ ਮਾਰਕਸਵਾਦੀਆਂ ਦੀ ਆਪੱਤੀ ਇਸ ਦੇ ਸ਼ਿਲਪ ਦੀ ਕਚਿਆਈ ਉਤੇ ਹੀ ਆਧਾਰਿਤ ਹੁੰਦੀ ਹੈ। ਪੜਵਾਸਤਵਾਦੀ ਵਿਧੀ ਉਤੇ, ਕਵਿਤਾ ਵਿਚ ਹੋਵੇ ਜਾਂ ਚਿਤਰਕਲਾ ਵਿਚ, ਮਾਰਕਸਵਾਦੀ ਆਲੋਚਕ ਸ਼ਿਲਪ ਦੇ ਪੱਖ ਤੋਂ ਹੀ ਆਪੱਤੀ ਦਰਸਾਂਦਾ ਹੈ। ਤੇ ਵਿਚਿਤਰ ਗੱਲ ਇਹ ਹੈ ਕਿ ਹੋਰ ਆਧੁਨਿਕਵਾਦੀਆਂ ਵਾਕਰ ਸੰਰਚਨਾਵਾਦੀ ਵੀ ਸ਼ਿਲਪ ਬਾਰੇ ਇਸ ਆਪੱਤੀ ਤੋਂ ਅਣਭਿਜ ਰਹਿੰਦਾ ਹੈ। ਉਹ ਇਸ ਨੂੰ ਕਚਿਆਈ ਮੰਨਦਾ ਹੀ ਨਹੀਂ; ਕੇਵਲ ਪ੍ਰਕਾਰ ਭੇਦ ਆਖਦਾ ਹੈ। ਮੇਰਾ ਛੰਦ ਬਾਰੇ ਮਤ, ਜਿਸ ਉਤੇ ਡਾਕਟਰ ਹਰਿਭਜਨ ਸਿੰਘ ਨੇ ਸਵਿਸਤਾਰ ਆਪੱਤੀ ਕੀਤੀ ਹੈ, ਸ਼ਿਲਪ ਦੀ ਪਕਿਆਈ ਦੀ ਹੀ ਮੰਗ ਕਰਦਾ ਹੈ। ਭਾਵੇਂ ਇਹ ਮੰਗ ਕੇਵਲ ਇਤਨੀ ਹੀ ਨਹੀਂ। ਸੋ ਅਸੀਂ ਦੇਖ ਸਕਦੇ ਹਾਂ ਕਿ ਸੰਰਚਨਾਵਾਦੀਆਂ ਦੀ ਮਾਰਕਸਵਾਦੀ ਆਲੋਚਨਾ ਉਤੇ ਆਪੱਤੀ ਬਹੁਤੀ ਸ਼ਿਲਪ ਦੀ ਕਚਿਆਈ ਪਕਿਆਈ ਉਤੇ ਆਧਾਰਿਤ ਨਹੀਂ ਹੁੰਦੀ। ਸ਼ਿਲਪ ਦੇ ਪਖ ਤੋਂ ਤਾਂ ਮਾਰਕਸਵਾਦੀ ਮਤ ਪ੍ਰਮਾਣਿਕਵਾਦ ਵਲ ਝੁਕਾਉ ਦਰਸਾਂਦਾ ਹੈ, ਤੇ ਸੰਰਚਨਾਵਾਦੀ ਆਪੱਤੀ ਇਸ ਝੁਕਾਉ ਉਤੇ, ਆਧੁਨਿਕਵਾਦੀ, ਰੁਚੀ ਵਾਲੀ ਹੁੰਦੀ ਹੈ।

ਇਸ ਤੋਂ ਅੱਗੇ ਆਉਂਦੀ ਹੈ ਸ਼ੈਲੀ ਦੀ ਗੱਲ। ਸੰਰਚਨਾਵਾਦੀ ਮਤ ਸ਼ੈਲੀ ਵਿਚ ਵਿਅਕਤੀ ਨੂੰ ਇਕ ਆਤਮ-ਸਿਧ ਤਥ ਮੰਨਦਾ ਹੈ। ਉਹ ਇਹ ਦੇਖਣ ਪਰਖਣ ਦੀ ਖੇਚਲ ਨਹੀਂ ਕਰਦਾ ਕਿ ਸ਼ੈਲੀ ਵਿਚਲੇ ਵਿਅਕਤੀ ਦਾ ਸੁਭਾਵ ਅੱਗੋਂ ਕਿਹੜੇ ਤੱਤਾਂ ਉਤੇ ਆਧਾਰਿਤ ਹੈ। ਉਸ ਨੂੰ ਇਹ ਪਰਵਾਹ ਨਹੀਂ ਕਿ ਰਚਿਅਤਾ ਵਿਅਕਤੀ ਦੀ ਰਚਨਾ ਦਾ ਸਮਾਜਕ ਝੁਕਾਉ ਕਿਧਰ ਨੂੰ ਹੈ। ਉਹ ਸਮਾਜਵਾਦੀ ਹੋਵੇ, ਪੂੰਜੀਵਾਦੀ ਹੋਵੇ, ਭੂਪਵਾਦੀ ਤੇ ਏਕਾਧਿਕਾਰਵਾਦੀ ਵੀ ਕਿਉਂ ਨਾ ਹੋਵੇ, ਸੰਰਚਨਾਵਾਦੀ ਉਸ ਵਿਚ ਆਤਮ-ਸਿਧੀ ਨੂੰ ਹੀ ਪ੍ਰਮਾਣ ਬਣਾਂਦਾ ਹੈ। ਪਰ ਇਸ ਦਾ ਪਰਿਣਾਮ ਇਹ ਹੁੰਦਾ ਹੈ ਕਿ ਉਹ ਇਸ ਵਿਅਕਤਿਗਤ ਆਤਮ-ਸਿਧੀ ਵਿਚ ਸਮਾਜਵਾਦੀ ਝੁਕਾਉ ਨੂੰ ਹੀ ਨਿੰਦਣਯੋਗ ਆਖਦਾ ਹੈ। ਉਹ ਇਹ ਮੰਨਣ ਨੂੰ ਤਿਆਰ ਨਹੀਂ ਕਿ ਜਿਸ ਰਚਨਾ ਸ਼ੈਲੀ ਵਿਚ ਝੁਕਾਉ ਸਮਾਜਵਾਦ ਵਲ ਨਹੀਂ, ਉਹ ਸਿਧੀ ਸਿਤੋੜ ਨਹੀਂ ਹੁੰਦੀ, ਝੁਕਾਉ ਉਸ ਵਿਚ ਵੀ ਹੁੰਦਾ ਹੈ ਤੇ ਉਹ ਪੂੰਜੀਵਾਦੀ ਜਾਂ ਭੂਪਵਾਦੀ, ਆਦਿ, ਹੁੰਦਾ ਹੈ। ਉਹ ਇਹ ਦਾਵਾ ਕਰਦਾ ਹੈ ਕਿ ਕੋਈ ਰਚਨਾ ਸ਼੍ਰੇਣੀ ਭਾਵ ਤੋਂ ਮੁਕਤ ਅਥਵਾ ਨਿਰਪਖ ਹੋ ਸਕਦੀ ਹੈ, ਜਦੋਂ ਕਿ ਮਾਰਕਸਵਾਦੀ ਆਲੋਚਕ ਦਾ ਦਾਵਾ ਹੈ ਕਿ ਕੋਈ ਰਚਨਾ ਇਸ ਤਰ੍ਹਾਂ ਨਿਰਪਖ ਨਹੀਂ ਹੋ ਸਕਦੀ।

ਸੰਰਚਨਾਵਾਦੀ ਕਹੇਗਾ ਕਿ ਪ੍ਰੇਮ ਦੀਆਂ ਬਹੁਤ ਕਵਿਤਾਵਾਂ ਇਸ ਪ੍ਰਕਾਰ ਸ਼੍ਰੇਣੀ ਭਾਵ ਤੋਂ ਮੁਕਤ ਹੁੰਦੀਆਂ ਹਨ। ਵਾਸਤਵ ਵਿਚ ਗੱਲ ਇਉਂ ਹੈ ਕਿ ਜੇ ਤੁਸੀਂ ਭੂਪਵਾਦੀ ਸਮੇਂ ਦੀਆਂ ਪ੍ਰੇਮ ਦੀਆ ਕਵਿਤਾਵਾਂ, ਗੀਤਾਂ, ਆਦਿ, ਨੂੰ ਇਸ ਪਖ ਤੋਂ ਵਿਚਾਰੋ ਤਾਂ ਉਨ੍ਹਾਂ ਵਿਚ

ਪ੍ਰੇਮੀ ਦਾ ਪ੍ਰੀਤਮ ਵਲ ਵਿਵਹਾਰ ਭੂਪਵਾਦੀ ਪੁਰਸ਼ ਦਾ ਇਸਤ੍ਰੀ ਵਲ ਏਕਾਧਿਕਾਰੀ ਭਾਂਤ ਦਾ ਹੀ ਹੁੰਦਾ ਹੈ। ਹੋਰ ਤਾਂ ਹੋਰ, ਗੁਰਬਾਣੀ ਵਿਚ ਵੀ ਜਦੋਂ ਪ੍ਰਭੂ ਪ੍ਰੇਮ ਨੂੰ ਮਨੁਖੀ ਰੂਪ ਦਿਤਾ ਜਾਂਦਾ ਹੈ ਤਾਂ ਇਸ ਵਿਚ ਭਗਤ ਇਸਤ੍ਰੀ ਹੈ ਤੇ ਇਸ਼ਟ ਪੁਰਸ਼ ਲੋਕ-ਗੀਤਾਂ ਦਾ ਭਾਵ ਬੋਧ ਤਾਂ ਬਹੁਤ ਕਰਕੇ ਭੂਪਵਾਦੀ ਹੀ ਹੁੰਦਾ ਹੈ।

ਅੱਜ ਦੇ ਯੁਗ ਵਿਚ ਰੋਮਾਂਟਿਕ ਕਵਿਤਾ ਵਿਚਲਾ ਪ੍ਰੇਮ ਜੇ ਇਸਤ੍ਰੀ ਪਾਸੋਂ ਪੁਰਸ਼ ਦੀ ਭਗਤੀ ਦੀ ਮੰਗ ਨਹੀਂ ਕਰਦਾ ਤਾਂ ਆਤਮ-ਸਮਰਪਣ ਤੇ ਆਤਮ-ਤਿਆਗ ਦੀ ਮੰਗ ਜ਼ਰੂਰ ਕਰਦਾ ਹੈ। ਪੂੰਜੀਵਾਦੀ ਯੁਗ ਵਿਚ ਕਵਿਤਾ ਦਾ ਭਾਵ-ਵਿਧਾਨ ਇਸੇ ਕਾਰਣ ਰੋਮਾਂਟਿਕ ਹੁੰਦਾ ਹੈ। ਇਸ ਯੁਗ ਦੀ ਕਵਿਤਾ ਬਹੁਤ ਘੱਟ ਯਥਾਰਥਵਾਦੀ ਹੁੰਦੀ ਹੈ। ਇਸ ਵਿਚਲਾ ਪ੍ਰੇਮ ਇਸਤ੍ਰੀ ਵਿਚ ਸਰੀਰਕ ਸੁੰਦਰਤਾ ਉਤੇ ਆਧਾਰਿਤ ਹੁੰਦਾ ਹੈ। ਭਾਵੇਂ ਇਸ ਸੁੰਦਰਤਾ ਦੇ ਜਾਚਣ ਪਰਖਣ ਵਿਚ ਪ੍ਰੇਮੀ ਕਿਤਨਾ ਵੀ ਮਨੋਭਾਵੀ ਕਿਉਂ ਨਾ ਹੋਵੇ। ਅੱਜ ਦੇ ਪੂੰਜੀਵਾਦੀ ਯੁਗ ਵਿਚ ਇਸਤ੍ਰੀ ਪੁਰਖ ਦੇ ਚਲਨ ਤੇ ਵਿਚਰਨ ਬਾਰੇ ਦੂਹਰੇ ਮਾਪ ਕੇਵਲ ਨੈਤਿਕ-ਸਮਾਜਕ ਖੇਤਰ ਵਿਚ ਹੀ ਲਾਗੂ ਨਹੀਂ, ਪ੍ਰੇਮ ਦੇ ਖੇਤਰ ਵਿਚ ਵੀ ਲਾਗੂ ਹਨ, ਤੇ ਇਹ ਗੱਲ ਇਸ ਯੁਗ ਦੀ ਕਵਿਤਾ ਵਿਚੋਂ ਭਲੀ ਭਾਂਤ ਸਿਧ ਹੋ ਜਾਂਦੀ ਹੈ। ਸਗੋਂ ਸੱਚ ਤਾਂ ਇਹ ਹੈ ਕਿ ਪੂੰਜੀਵਾਦੀ ਯੁਗ ਵਿਚ ਇਸਤ੍ਰੀ-ਪੁਰਖ ਦਾ ਘਰਿਸਥੀ ਜੀਵਨ ਹੀ ਨਹੀਂ, ਰੋਮਾਂਟਿਕ ਪ੍ਰੇਮ ਵੀ ਭੂਪਵਾਦੀ ਯੁਗ ਦੇ ਭਾਵ-ਬੋਧ ਤੋਂ ਉਪਰ ਨਹੀਂ ਉਠਿਆ। ਸੋ ਪ੍ਰੇਮ ਦੀ ਕਵਿਤਾ ਤੇ ਗੀਤਾਂ ਬਾਰੇ ਇਹ ਦਾਵਾ ਨਿਰਾਧਾਰ ਹੈ ਕਿ ਇਸ ਵਿਚ ਸ਼੍ਰੇਣੀ-ਭਾਵ ਨਿਹਿਤ ਜਾਂ ਸਪਸ਼ਟ ਪ੍ਰਕਾਰ ਵਿਅਕਤ ਨਹੀਂ ਹੁੰਦਾ।

ਜਦੋਂ ਉਨ੍ਹਵੀਂ ਸਦੀ ਵਿਚ ਰੋਮਾਂਟਿਕ ਭਾਵ-ਬੋਧ ਨੇ ਪੁਰਾਣੇ ਭੂਪਵਾਦੀ ਭਾਵ-ਬੋਧ ਨੂੰ ਵੰਗਾਰ ਦਿਤੀ ਸੀ, ਤਾਂ ਰੋਮਾਂਟਿਕ ਕਵਿਤਾ ਤੇ ਰਚਨਾ ਉਤੇ ਵੀ ਭੂਪਵਾਦੀ ਪ੍ਰਮਾਣਿਕਤਾ ਵਲੋਂ ਸ਼ਿਲਪ ਦੇ ਪਖ ਤੋਂ ਹੀ ਆਪੱਤੀ ਕੀਤੀ ਜਾਂਦੀ ਸੀ ਤੇ ਕੁਝ ਨੀਤਿ-ਆਚਾਰ ਦੇ ਪਖ ਤੋਂ। ਸ਼ੈਲੀ ਨੂੰ ਸ਼ਿਲਪ ਤੋਂ ਸੁਤੰਤਰ ਪੂੰਜੀਵਾਦ ਭਾਵ-ਬੋਧ ਅਧੀਨ ਰੋਮਾਂਟਿਕ ਕਵੀਆਂ ਤੇ ਕਲਾਕਾਰਾਂ ਨੇ ਹੀ ਕੀਤਾ। ਪਰ ਉਨ੍ਹਾਂ ਨੇ ਸ਼ੈਲੀ ਨੂੰ ਵਿਅਕਤਿਗਤ ਭਾਵ-ਬੋਧ ਦੇ ਅਧੀਨ ਕਰ ਦਿਤਾ। ਇਸ ਅਧੀਨਤਾ ਨੂੰ ਸੰਰਚਨਾਵਾਦੀ ਤਾਂ ਵੰਗਾਰ ਦੇਂਦੇ ਨਹੀਂ, ਹੋਰ ਕੁਝ ਪ੍ਰਕਾਰ ਦੇ ਆਧੁਨਿਕਵਾਦੀ ਸਗੋਂ ਕਈ ਵਾਰੀ ਵੰਗਾਰਦੇ ਹਨ।

ਸ਼੍ਰੇਣੀ-ਭਾਵ ਦੀ ਅਭਿਅਕਤੀ ਨੂੰ ਕੇਵਲ ਇਸ ਲਈ ਪ੍ਰਸ਼ੰਸਾ ਨਹੀਂ ਪ੍ਰਾਪਤ ਹੁੰਦੀ ਕਿ ਇਸ ਵਿਚ ਸ਼ੋਸ਼ਕ ਸ਼੍ਰੇਣੀ ਦੀ ਨਿੰਦਾ ਕੀਤੀ ਗਈ ਹੈ। ਭੂਪਵਾਦੀ ਸ਼੍ਰੇਣੀ ਭਾਵ ਤੋਂ ਉਤਪਨ ਹੋਏ ਸ਼ਬਦ, ਬਿੰਬ, ਅਲੰਕਾਰ ਤੇ ਨੈਤਿਕ ਸੰਕਲਪ ਵੀ ਪ੍ਰਸ਼ੰਸਾ ਦੇ ਪਾਤਰ ਬਣ ਸਕਦੇ ਹਨ, ਜਿਵੇਂ ਸ਼ੇਖ਼ ਫ਼ਰੀਦ ਦੀ ਬਾਣੀ ਵਿਚ ਜਾਂ ਬਹੁਤ ਥਾਈਂ ਗੁਰਬਾਣੀ ਵਿਚ। ਸ਼ਾਹ ਹੁਸੈਨ ਦੀ ਕਵਿਤਾ ਵੀ ਭੂਪਵਾਦੀ ਸ਼੍ਰੇਣੀ-ਭਾਵ ਵਿਅਕਤ ਕਰਦੀ ਹੈ, ਪਰ ਇਸ ਕਾਰਣ ਇਹ ਨਿੰਦਣ-ਯੋਗ ਨਹੀਂ ਬਣ ਜਾਂਦੀ। ਪਰ ਆਲੋਚਕ ਨੂੰ ਇਸ ਭਾਵ ਦੀ ਸੂਝ ਹੋਣੀ ਚਾਹੀਦੀ ਹੈ, ਤਦੇ ਉਹ ਇਸ ਨੂੰ ਉਚਿਤ ਸੰਦਰਭ ਵਿਚ ਰਖ ਕੇ ਦੇਖ ਪਰਖ ਸਕਦਾ ਹੈ। ਸੰਰਚਨਾਵਾਦੀ ਮਤ ਇਸ ਸੂਝ ਪਰਖ ਨੂੰ ਆਵਸ਼ਕ ਨਹੀਂ ਸਮਝਦਾ, ਉਸ ਨੂੰ ਇਸ ਨਾਲ ਸਰੋਕਾਰ ਨਹੀਂ ਕਿ ਸ਼ੇਖ਼ ਫ਼ਰੀਦ ਦੇ ਸੰਕਲਪ ਭੂਪ-ਵਾਦੀ ਯੁਗ ਦੀ ਉਚੀ ਸ਼੍ਰੇਣੀ ਦੇ ਫ਼ਕੀਰ ਵਿਅਕਤੀ ਦੇ ਸੰਕਲਪ

ਹਨ, ਤੇ ਸ਼ਾਹ ਹਸੈਨ ਦੇ ਸੰਕਲਪ ਉਸ ਯੁਗ ਦੀ ਨੀਵੀਂ ਸ਼੍ਰੇਣੀ ਦੇ ਫ਼ਕੀਰ ਦੇ, ਤੇ ਇਹ ਆਪਣੀ ਆਪਣੀ ਸ਼੍ਰੇਣੀ ਦੀ ਨੈਤਿਕਤਾ ਤੇ ਜੀਵਨ ਸੱਚ ਦਾ ਪ੍ਰਗਟਾਉ ਕਰ ਰਹੇ ਹਨ। ਉਹ ਇਨ੍ਹਾਂ ਬਾਣੀਆਂ ਨੂੰ ਇਤਨੀ ਡੂੰਘ ਵਿਚ ਵਿਚਾਰਨ ਵਿਚ ਵਿਸ਼ਵਾਸ ਨਹੀਂ ਰਖਦਾ, ਇਨ੍ਹਾਂ ਦੀ ਸ਼ੈਲੀ ਤੇ ਵਿਅਕਤਿਗਤ ਅਭਿਵਿੰਅਜਨ ਦਾ ਹੀ ਵਿਸਤ੍ਰਿਤ ਵਿਸ਼ਲੇਸ਼ਨ ਕਰ ਕੇ ਸੰਤੁਸ਼ਟ ਹੋ ਜਾਂਦਾ ਹੈ।

ਇਸ ਵਿਸਤ੍ਰਿਤ ਵਿਸ਼ਲੇਸ਼ਨ ਦੀ ਉਪਯੋਗਤਾ ਮਾਰਕਸਵਾਦੀ ਆਲੋਚਕ ਪਾਸੋਂ ਲੁਕੀ ਹੋਈ ਨਹੀਂ ਹੁੰਦੀ। ਉਹ ਕੇਵਲ ਇਸ ਦੇ ਅਤਿ-ਵਿਸਤਾਰ ਨੂੰ ਬੇ-ਲੋੜਾ ਸਮਝਦਾ ਹੈ, ਤੇ ਕੁਝ ਹਾਲਤਾਂ ਵਿਚ ਰਚਨਾ ਆਲੋਚਨਾ ਦੀ ਡੂੰਘ ਤਕ ਜਾਣ ਤੋਂ ਅਵੇਸਲੇਪਣ ਲਈ ਇਕ ਬਹਾਨਾ। ਰਚਨਾ ਦੀ ਬਣਤ ਦਾ ਵਿਸ਼ਲੇਸ਼ਨ ਸਮੀਖਿਆ ਵਿਧੀ ਮੁਢ ਤੋਂ ਕਰਦੀ ਆਈ ਹੈ। ਤ੍ਰਾਸਦੀ ਰਚਨਾ ਦਾ ਵਿਗਿਆਨਕ ਵਿਸ਼ਲੇਸ਼ਨ ਅਰਸਤੂ ਜਿਤਨਾ ਸਾਰਥਕ ਉਸ ਤੋਂ ਪਿਛਲੇ ਇਨ੍ਹਾਂ ਦੋ ਹਜ਼ਾਰ ਵਰ੍ਹਿਆਂ ਵਿਚ ਕਿਸੇ ਨੇ ਘੱਟ ਹੀ ਕੀਤਾ ਹੋਵੇਗਾ, ਤੇ ਜੇ ਕੀਤਾ ਹੋਵੇਗਾ ਤਾਂ ਅਰਸਤੂ ਦੇ ਵਿਸਤਾਰ ਨੂੰ ਅੱਗੇ ਵਧਾ ਕੇ ਹੀ। ਨਾਟਕ ਦਾ ਇਹ ਸੰਰਚਨਾ ਵਿਸਤਾਰ ਪਿਛੋਂ ਜਾ ਕੇ ਨਾਵਲ ਵਿਚ ਵੀ ਵਰਤਿਆ ਗਿਆ ਹੈ। ਕਥਾ, ਉਪਕਥਾ, ਪਾਤਰ, ਦੂਤੀਆ ਪਾਤਰ, ਘਟਨਾ ਦੇ ਰੂਪ, ਤਿਕੋਣ, ਚੌਕੋਰ, ਚਕਰ, ਆਦਿ ਨਾਵਲ ਦੀ ਬਣਤ ਵਿਚ ਹਮੇਸ਼ਾ ਲਭੇ ਤੇ ਦਰਸਾਏ ਜਾਂਦੇ ਰਹੇ ਹਨ, ਤੇ ਇਸ ਦੇ ਸਾਰੇ ਸਰੀਰ ਦੇ ਭਿੰਨ ਭਿੰਨ ਅੰਗਾਂ ਦਾ ਨਿਰੀਖਣ ਕੀਤਾ ਜਾਂਦਾ ਰਿਹਾ ਹੈ। ਸੰਰਚਨਾਵਾਦ ਨੇ ਅਜਿਹੇ ਵਿਸ਼ਲੇਸ਼ਨ ਤੇ ਨਿਰੀਖਣ ਨੂੰ ਵਧੇਰੇ ਵਿਸਤਾਰ ਦਿਤਾ ਹੈ ਤੇ ਸ਼ੈਲੀ ਤੇ ਸੰਕਲਪ ਨੂੰ ਭਾਸ਼ਾ ਵਿਗਿਆਨ ਨਾਲ ਸਿਧ ਕਰ ਕੇ ਕੁਝ ਹੋਰ ਤੱਤ ਵੀ ਦ੍ਰਿਸ਼ਟੀ ਵਿਚ ਲਿਆਂਦੇ ਹਨ। ਮਾਰਕਸਵਾਦੀ ਆਲੋਚਕ ਸੰਰਚਨਾਵਾਦ ਦੇ ਇਸ ਯੋਗਦਾਨ ਦੇ ਮੁੱਲ ਤੋਂ ਇਨਕਾਰ ਨਹੀਂ ਕਰਦਾ। ਪਰ ਉਹ ਇਸ ਵਿਸਤਾਰ ਨੂੰ ਇਕ ਪਰਦਾ ਨਹੀਂ ਬਣਨ ਦੇਣਾ ਚਾਹੁੰਦਾ ਜਿਸ ਨਾਲ ਜੀਵਨ ਸੱਚ ਦੀ ਡੂੰਘਾਈ ਨੂੰ, ਜਿਹੜੀ ਮਨੁਖ ਦੇ ਸ਼੍ਰੇਣੀਗਤ ਇਤਿਹਾਸ ਨੂੰ ਦਰਸਾਂਦੀ ਹੈ, ਲੁਕਾਇਆ ਜਾ ਸਕੇ, ਤੇ ਇਸ ਤਰ੍ਹਾਂ ਸਮਾਜ ਵਿਚ ਸ਼੍ਰੇਣੀ ਸ਼ੋਸ਼ਨ ਨੂੰ ਪਰੋਖੇ ਕਰ ਦਿਤਾ ਜਾਵੇ।

ਸੰਰਚਨਾਵਾਦ ਅਨਇਤਿਹਾਸਕਤਾ ਦਾ ਦੰਭ ਕਰ ਕੇ ਜੀਵਨ ਸੱਚ ਦੀ ਡੂੰਘਾਈ ਤਕ ਪਹੁੰਚਣ ਤੋਂ ਕੰਨੀ ਕਤਰਾਂਦਾ ਹੈ ਜਾਂ ਜਾਣ ਬੁਝ ਕੇ ਇਹ ਪ੍ਰਯਾਸ ਨਹੀਂ ਕਰਦਾ ਤੇ ਹੋਰਨਾਂ ਨੂੰ ਇਉਂ ਕਰਨ ਤੋਂ ਵਰਜਦਾ ਹੈ, ਤਾਂ ਇਹ ਸਮਾਜਕ ਵਿਕਾਸ ਦਾ ਵਿਰੋਧੀ ਬਣ ਕੇ ਖੜਾ ਹੋ ਜਾਂਦਾ ਹੈ। □

[ਪਿੰਡ ਤੇ ਡਾਕਘਰ ਦਾਖਾ, ਜ਼ਿਲਾ ਲੁਧਿਆਣਾ]

ਸੁਭਾਸ਼

# ਮਾਣ–ਪੱਤਰ

ਹਜ਼ੂਰ ਦਾ ਇਕਬਾਲ ਬੁਲੰਦ ਹੋਵੇ ।
ਸੱਤੇ ਖ਼ੈਰਾਂ ਜਨਾਬ ਨੂੰ ।
ਆਪਦੇ ਇਕਬਾਲ ਦਾ ਹੀ ਤਾਂ ਸਦਕਾ ਹੈ ਕਿ ਹੁਣ ਤੱਕ ਜਿਉਂਦੇ ਹਾਂ
ਨਹੀਂ ਤਾਂ..., ਖ਼ੈਰ !
ਹਜ਼ੂਰ ਲਾਭੇ ਕੇ ਨਾਥੀ ਦਾ ਕਹਿਣਾ ਹੈ ਕਿ
ਆਪਦੇ ਦਰਬਾਰ ਵਿਚ ਅਰਜ਼ ਕਰ ਦੇਣੀ ਕਿ
ਉਸਦਾ ਪੁੱਤਾਂ ਵਰਗਾ ਲਾਖਾ ਭੁੱਖਾ ਤੇ ਬਿਮਾਰ ਹੀ ਮਰ ਗਿਆ ਹੈ ।
ਹਜ਼ੂਰ ਬਖਸ਼ਣਹਾਰ ਨੇ
ਮੁੰਡੇ ਦੀ ਭੁੱਲ ਬਖਸ਼ ਦੇਣੀ, ਭਲਾ ਹਜ਼ੂਰ ਨੂੰ ਕੀ ਪਤਾ ਕਿ
ਢਾਂਡੀ ਦੇ ਪੁੱਤ ਦੀ ਮੌਤ ਦਾ ਕੀ ਅਰਥ ਹੁੰਦਾ ਹੈ ।
ਜਨਾਬ ਨੇ ਭਲਾ ਕਦੋਂ ਕਿਸੇ ਮੌਲੇ ਦੀ ਅੰਦਰ ਧਸੀ ਵੱਖੀ
ਵਿਚ ਉਂਗਲ ਖੋਭ ਕੇ ਵੇਖੀ ਹੈ !
ਇਹ ਤਾਂ ਹਮਾਂ ਤੁਮਾਂ ਦਾ ਕੰਮ ਹੈ, ਭੁੱਲ ਬਖਸ਼ ਦੇਣੀ ਹਜ਼ੂਰ ।
ਮਾਈ ਬਾਪ ਧੁੱਸੇ ਚਮਿਆਰ ਦਾ ਕਹਿਣੈ ਕਿ
ਉਸਦਾ ਵੱਡਾ ਭਰਾ ਗੇਜਾ ਹਸਪਤਾਲ ਵਿਚ ਵੀ
ਇਲਾਜ ਖੁਣੋਂ ਮਰ ਗਿਐ !
ਹਜ਼ੂਰ ਸਮਝੇ ਨਹੀਂ ਸ਼ਾਇਦ
ਤੁਹਾਡੀ ਸਾਬੇ ਤਾਂ ਬੰਦੇ ਮਰਦੇ ਨਹੀਂ ਸੁਰਗਵਾਸ ਹੁੰਦੇ ਨੇ
ਮਰਦੇ ਤਾਂ ਪਸ਼ੂ ਡੰਗਰ ਨੇ, ਫਿਰ ਇਹ ਕੀ ਭਾਣਾ ਵਰਤ ਗਿਆ ?
ਪਰ ਹਜ਼ੂਰ ਧੁੱਸੇ ਨੂੰ ਸੁਰਗਵਾਸ ਦੇ ਅਰਥ ਹੀ ਨਹੀਂ ਪਤਾ
ਮਾਈ ਬਾਪ ਏਨ੍ਹਾਂ ਵਾਸਤੇ ਤਾਂ ਲਾਖਾ ਬਲਦ ਤੇ ਵੱਡਾ ਭਰਾ ਇਕ ਬਰਾਬਰ ਨੇ ।
ਹੁਣ ਏਨ੍ਹਾਂ ਨੂੰ ਕੀ ਸਮਝਾਈਏ ।
ਮੋਤੀਆਂ ਵਾਲਿਓਂ ਪਿੰਡ ਵਾਲੇ ਸ਼ਿਕਾਇਤ ਕਰਦੇ ਨੇ ਕਿ
ਸੱਥ ਵਿਚ ਬਣਨ ਵਾਲੇ ਥੜ੍ਹੇ ਦਾ ਪੈਸਾ ਸਰਪੰਚ ਖਾ ਗਿਆ ।
ਅਜੀਬ ਕਿਸਮ ਦੇ ਲੋਕ ਨੇ ਜਿਨ੍ਹਾਂ ਨੂੰ ਇਹ ਵੀ ਨਹੀਂ ਪਤਾ
ਕਿ ਪੈਸਾ ਤਾਂ ਖਾਣ ਪਹਿਨਣ ਵਾਸਤੇ ਹੀ ਹੁੰਦੈ
ਇਹ ਵੀ ਭਲਾ ਕੋਈ ਸ਼ਿਕਾਇਤ ਹੈ
ਇਹ ਤਾਂ ਨਿਰੋਲ ਚੁਗਲੀ ਹੈ ।
ਜਨਾਬ ਰੁਲਦੂ ਝਿਊਰ ਦਾ ਕਹਿਣੈਂ ਕਿ
ਉਸਦਾ ਸ਼ੇਰ ਵਰਗਾ ਪੁੱਤ ਫੌਜੀ ਗੇਲਾ

ਪਰਾਰ ਸਾਲ ਲੜਾਈ ਵਿਚ ਮਾਰਿਆ ਗਿਆ, ਰੋਟੀ ਤੁਰਨੋਂ ਰਹਿ ਗਈ
ਕੋਈ ਸਹਾਇਤਾ...।
ਮੈਂ ਤਾਂ ਉਸਨੂੰ ਬੜਾ ਸਮਝਾਇਆ ਕਿ
ਉਸਦਾ ਪੁੱਤਰ ਮਰਿਆ ਨਹੀਂ ਦੇਸ਼ ਲਈ ਸ਼ਹੀਦ ਹੋਇਆ ਹੈ
ਪਰ ਹਜ਼ੂਰ ਉਸ ਨੂੰ ਤਾਂ ਦੇਸ਼ ਦੇ ਅਰਥ ਨਹੀਂ ਪਤਾ
ਫਿਰ ਸਾਧਾਰਨ ਮੌਤ ਤੇ ਸ਼ਹੀਦੀ ਦਾ ਫ਼ਰਕ...
ਉਸ ਔਰਤ ਬਾਰੇ ਕੀ ਦੱਸਾਂ ਹਜ਼ੂਰ
ਜੋ ਭਰੀ ਪੰਚਾਇਤ ਵਿਚਾਲੇ ਗਲ 'ਚ ਪੱਲਾ ਪਾਈ ਖੜੀ ਹੈ।
ਉਹ ਤਾਂ ਹਜ਼ੂਰ, ਹਰਿਜਨਾਂ ਦੀ ਪੱਤੀ ਵਾਲੇ ਧੰਨੇ ਦੇ ਘਰੋਂ ਐ।
ਅੱਜ ਪੰਜ ਦਿਨ ਹੋਗੇ ਧੰਨੇ ਨੂੰ ਅੰਦਰ ਕੀਤਿਆਂ
ਕੋਈ ਸੁਣਵਾਈ ਨਹੀਂ ਹੋਈ
ਕਹਿੰਦੇ ਨੇ ਵੱਡਾ ਠਾਂਣੇਦਾਰ ਉਸਦੇ ਫੀਮ ਪਾਉਣ ਨੂੰ ਫਿਰਦੈ।
ਉਹ ਜ਼ੋਰਾਵਰ ਹੈ ਹਜ਼ੂਰ, ਪਰ ਅਸਲ ਗੱਲ ਤਾਂ ਇਹ ਐ
ਕਿ ਉਸ ਅੱਲਾ ਦੀ ਗਊ ਨੂੰ ਕੀ ਪਤਾ ਕਿ ਫੀਮ ਕਿਵੇਂ ਵਿਕਦੀ ਹੈ।
ਫਿਰ ਉਸਦਾ ਕਸੂਰ ?
ਕੀ ਦੱਸਾਂ ਹਜ਼ੂਰ, ਚਿੱਟੀ ਦਾੜ੍ਹੀ ਹੈ ਮੇਰੀ ਭਰੀ ਪੰਚਾਇਤ 'ਚ ਕਿਵੇ ਕਹਾਂ ?
ਪਰ ਜਦੋਂ ਗੱਲ ਤੁਰੀ ਹੈ ਤਾਂ ਦੱਸਣਾ ਹੀ ਪਵੇਗਾ ਕਿ
ਉਸਦੀ ਇਕ ਕੁੜੀ ਹੈ ਜੋ 'ਪਿੰਡ ਦੀ ਧੀ' ਹੈ।
ਪਰ ਕਮਬਖਤ ਬਹੁਤ ਸੁਹਣੀ ਹੈ।
ਸੋਅ ਹੈ ਕਿ ਪੱਕੀ ਹਵੇਲੀ ਵਾਲੇ ਸਰਦਾਰਾਂ ਦੀ ਉਸਤੇ ਅੱਖ ਹੈ।
ਅਤੇ ਮੌਕਾ ਮਿਲ੍ਹਦਿਆਂ ਹੀ ਉਸਨੂੰ ਚੁੱਕ ਕੇ ਹਵੇਲੀ ਦੇ ਉਤਲੇ ਚੁਬਾਰੇ ਜਾ ਚੜ੍ਹਨਗੇ।
ਲੋਕ ਤਾਂ ਇਹ ਵੀ ਗੱਲਾਂ ਕਰਦੇ ਨੇ ਹਜ਼ੂਰ ਕਿ
ਅੱਜ ਆਪ ਵੀ ਉਤਲੇ ਚੁਬਾਰੇ ਦੇ ਮਹਿਮਾਨ ਬਨਣਗੇ।
ਏਨ੍ਹਾਂ ਦਾ ਤਾਂ ਕੰਮ ਹੀ ਇਹੀ ਹੈ ਹਜ਼ੂਰ
ਲੁਕ ਕੇ ਗੱਲਾਂ ਕਰਨੀਆਂ, ਸਾਮਣੇ ਨਹੀਂ ਗੱਲ ਕਰਦੇ ਇਹ ਕੋਈ।
ਅਸਲ ਵਿਚ ਏਨ੍ਹਾਂ ਨੂੰ ਪਤਾ ਹੀ ਨਹੀਂ ਕਿ ਮੌਲਿਕ-ਅਧਿਕਾਰ ਕੀ ਹੁੰਦੇ ਨੇ।
ਇਹ ਕੀ ਮਾਈ ਬਾਪ ?
ਤੁਸੀਂ ਅੱਖਾਂ ਕਿਓਂ ਕਮਾਣ 'ਤੇ ਚਾੜ੍ਹ ਲਈਆਂ ਨੇ ?
ਇਹ ਬਾ-ਵਰਦੀ ਸਿਪਾਹੀ ਕਿਉਂ ਵਧ ਰਹੇ ਨੇ ਮੇਰੇ ਵਲ ?
ਮੈਂ ਤੁਹਾਥੋਂ ਮੌਲਿਕ ਅਧਿਕਾਰ ਤਾਂ ਨਹੀਂ ਮੰਗਦਾ।
ਮੈਂ ਤਾਂ ਅੰਨ ਦਾਤਾ ਬਸ ਇਕ ਮਾਣ-ਪੱਤਰ ਪੜ੍ਹ ਰਿਹਾ ਸਾਂ
ਆਪਦੀ ਕਚਹਿਰੀ ਵਿਚ। □

[ਹੋਸਟਲ ਨੰਬਰ 4, ਕਮਰਾ 3/47, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ]

ਗੁਰਦਿਆਲ ਸਿੰਘ

# ਖੜਸੁੱਕ ਰੁੱਖ ਦਾ ਪਰਛਾਵਾਂ

ਚੱਕਰਵਰਤੀ ਮਹਾਰਾਜੇ ਦੀਆਂ ਫੌਜਾਂ ਵਹੀਰਾਂ ਪਾਈ ਆਉਂਦੀਆਂ ਸਨ। ਨਗਾਰੇ, ਧੌਂਸੇ, ਭੇਰੀਆ ਤੇ ਹਾਥੀਆਂ ਦੀਆਂ ਚਾਂਘਰਾਂ, ਧਰਤੀ ਕੰਬਾ ਰਹੀਆਂ ਸਨ। ਪਹਾੜੀ ਦੇ ਸਿਖਰ ਬਣਿਆਂ ਵਿਸ਼ਾਲ ਕਿਲ੍ਹਾ ਖਾਮੋਸ਼ ਸੀ। ਉਹਦੇ ਸਿਖਰ ਝੰਡਾ ਵੀ ਨਹੀਂ ਸੀ ਲਹਿਰਾ ਰਿਹਾ।

ਮਹਾਰਾਜ ਨੂੰ ਅਚਾਨਕ ਖ਼ਬਰ ਮਿਲੀ ਕਿ ਕਿਲ੍ਹਾ ਬਿਲਕੁਲ ਖ਼ਾਲੀ ਹੈ। ਦੁਆਰੇ ਖੁਲ੍ਹੇ ਪਏ ਹਨ। ਮਹਾਰਾਜ ਇਹ ਸੁਣ ਕੇ ਮੁਸਕਰਾ ਪਏ। ਉਹਨਾਂ ਨੇ ਹੁਕਮ ਦਿੱਤਾ ਕਿ ਉਹ ਰਾਤ ਦਾ ਭੋਜਨ ਕਿਲ੍ਹੇ ਵਿਚ ਹੀ ਕਰਨਗੇ।

o

ਕੋਈ ਇਕ ਪਹਿਰ ਮਗਰੋਂ ਮਹਾਰਾਜ ਕਿਲ੍ਹੇ ਦੀ ਪਿਛਲੀ ਫਸੀਲ ਉੱਤੇ ਖੜੋਤੇ ਛਿਪਦੇ ਸੂਰਜ ਦਾ ਮਨ-ਮੋਹਕ ਦ੍ਰਿਸ਼ ਵੇਖ ਰਹੇ ਸਨ। ਸੂਰਜ, ਮਹਾਰਾਜ ਦੀ ਵੱਡੀ ਰਾਣੀ ਰੂਪਮਤੀ ਦੀ ਬਿੰਦੀ ਵਾਂਗ ਦਿਸਦਾ ਸੀ; ਤੇ ਮਹਾਰਾਜ ਸਣੇ ਅਸਮਾਨ ਦੇ ਦਗਦੇ ਮਸਤਕ ਦੇ, ਉਹਨੂੰ ਚੁੰਮ ਲੈਣਾ ਚਾਹੁੰਦੇ ਸਨ।...ਇਹ ਸੋਚ ਫੁਰਦਿਆਂ ਹੀ ਉਹ ਮੁਸਕਰਾਏ। ਮਹਾਂ-ਮੰਤਰੀ ਕੋਲ ਖੜੋਤੇ ਸਨ। ਉਹਨਾਂ ਬੋਲਣ ਦਾ ਹੌਸਲਾ ਕੀਤਾ।

"ਮਹਾਰਾਜ ਨੂੰ ਇਸ ਧਰਤੀ ਦਾ ਰੂਪ, ਸ਼ਾਇਦ ਬਹੁਤ ਸੁੰਦਰ ਜਾਪਿਆ ਹੈ।"

"ਹਾਂ। ਬਹੁਤ ਮਨ-ਮੋਹਕ ਹੈ ਮਹਾਂ-ਮੰਤਰੀ!"

"ਅਹੁ ਪਹਾੜ ਤਾਂ ਸੂਰਜ ਦੀ ਲਾਲੀ ਵਿਚ, ਅਗਨੀ ਦੀਆਂ ਲਾਟਾਂ ਵਰਗੇ ਲਗਦੇ ਨੇ..."

ਮਹਾਰਾਜ ਦੇ ਮੱਥੇ ਉਤੇ ਵਾਲ਼-ਸਮਾਨ ਤਿਉੜੀ ਉੱਭਰ ਆਈ। ਮੁਸਕਰਾਹਟ ਇਕ ਪਲ ਲਈ ਅਲੋਪ ਹੋ ਗਈ ਲੱਗੀ। ਪਰ ਫੇਰ ਓਵੇਂ ਮੁਸਕਰਾਉਂਦੀਆਂ ਨਜ਼ਰਾਂ ਨਾਲ ਮਹਾਂ-ਮੰਤਰੀ ਵਲ ਤਕ ਕੇ ਬੋਲੇ: "ਤੁਸੀਂ ਠੀਕ ਸ਼ਬਦ ਨਹੀਂ ਵਰਤੇ।...ਇਹ ਸ਼ਾਂਤ-ਚਿਤ ਹੋਣ ਦਾ ਸਮਾਂ ਹੈ। ਮੈਂ ਇਕਾਂਤ ਚਾਹੁੰਦਾ ਹਾਂ।"

"ਮਹਾਰਾਜ! ਦੋਸ਼ ਖਿਮਾ!"

ਮਹਾਂ-ਮੰਤਰੀ ਬਹੁਤ ਦਬਵੀਂ ਚਾਲ ਉਥੋਂ ਚਲੇ ਗਏ।

ਮਹਾਰਾਜ, ਦੂਰ ਤਕ ਸੁੱਤੀ ਪਈ ਵਾਦੀ ਦੇ ਕਣ-ਕਣ ਨੂੰ ਮਾਨਣਾ ਚਾਹੁੰਦੇ ਸਨ। ਉਹਨਾਂ ਦੀਆਂ ਨਜ਼ਰਾਂ ਬਹੁਤ ਹੀ ਸ਼ਾਂਤ-ਭਾਵ ਨਾਲ ਪਹਿਲਾਂ ਟਿੱਬਿਆਂ ਵਰਗੇ ਪਰਬਤਾਂ ਦੀ ਸੁਖਮਈ ਹਰਿਆਲੀ ਉਤੇ ਜਾ ਟਿਕੀਆਂ ਤੇ ਉਸ ਹਰਿਆਲੀ ਨੂੰ ਧੁਰ ਅੰਦਰ ਤਕ ਸਮੋਣ

ਲਗ ਪਈਆਂ । ਫੇਰ ਮਲਕੜੇ ਹੇਠ ਲਹਿੰਦੀਆਂ, ਮਹਾਰਾਣੀ ਰੂਪਮਤੀ ਦੀ ਪਾਜੇਬ ਵਾਂਗ ਦਿਸਦੀ, ਸ਼ਾਂਤ ਸੁੰਦਰ ਨਦੀ ਉੱਤੇ ਆ ਟਿਕੀਆਂ। ਨਦੀ ਦੇ ਪਵਿਤਰ ਜਲ ਅੰਦਰ ਅਸਤ ਹੁੰਦੇ ਸੂਰਜ ਦੀ ਲਾਲੀ ਘੁਲੀ ਹੋਈ ਸੀ। ਉਸਦੇ ਤਲ ਉਤੇ ਜਿਵੇਂ ਸੈਆਂ ਪਰੀਆਂ ਖਾਮੋਸ਼-ਨ੍ਰਿਤ ਕਰ ਰਹੀਆਂ ਸਨ...

"ਵਾਹ !..."

ਮਹਾਰਾਜ ਕਾਲਪਨਿਕ ਦ੍ਰਿਸ਼ ਵਿਚ ਗੁਆਚੇ ਅਚਾਨਕ ਬੋਲ ਉੱਠੇ ।...ਫੇਰ ਉਹਨਾਂ ਨੇ ਵੇਖਿਆ, ਨਦੀ ਦੇ ਖੱਬੇ ਕਿਨਾਰੇ ਉਤੇ, ਇਕ ਨਿੱਕੇ ਜਿਹੇ ਖੜਸੁਕ ਰੁੱਖ ਦਾ ਪਰਛਾਵਾਂ, ਸਾਰੇ ਚਾਂਦੀ-ਜਲ ਨੂੰ ਦੂਸ਼ਿਤ ਕਰ ਰਿਹਾ ਸੀ...ਜਿਵੇਂ ਗੰਧਲਾ ਕਰ ਰਿਹਾ ਹੋਵੇ । ਉਹਨਾਂ ਨੇ ਅੱਖਾਂ ਪਰ੍ਹਾਂ ਹਟਾ ਲਈਆਂ ।

ਨਦੀ ਦੇ ਸੱਜੇ ਕਿਨਾਰੇ, ਖਾਮੋਸ਼ ਸ਼ਾਂਤ ਨੱਗਰ ਸੀ । ਨਿਰੇ ਘਰ ਸਨ, ਕੁਝ ਉੱਚੇ, ਕੁਝ ਨੀਵੇਂ । ਇਹ ਸਭ ਜਿਵੇਂ ਖਾਲੀ ਹੋਣ । ਕਿਸੇ ਦੀਨ ਦੁਖੀ ਦੀ ਵੀ ਕੋਈ ਕੂਕ-ਫਰਿਆਦ ਸੁਣਾਈ ਨਹੀਂ ਸੀ ਦਿੰਦੀ । ਆਪਣੇ ਸੁਭਾ ਅਨੁਸਾਰ ਮਹਾਰਾਜ ਨੇ ਸੋਚਿਆ : ਸੈਨਾਪਤੀ ਨੇ ਨੱਗਰ ਨੂੰ ਅਸ਼ਾਂਤ ਕਰਨ ਦਾ ਯਤਨ ਨਹੀਂ ਕੀਤਾ । ਬਹੁਤ ਚੰਗਾ ਕੀਤਾ ! ਆਖਰ ਪਰਜਾ ਦਾ ਕੀ ਦੋਸ਼ !...ਰਾਜਾ ਇਹਨਾਂ ਨੂੰ ਬੇਆਸਰਾ ਛੱਡ ਕੇ ਨੱਸ ਗਿਆ...। ਡਰਪੋਕ !...

ਮਹਾਰਾਜ ਦੇ ਹੋਠਾਂ 'ਤੇ ਵਿਅੰਗਮਈ ਮੁਸਕਰਾਹਟ ਖੇਲਣ ਲਗ ਪਈ । ਉਹਨਾਂ ਨੇ ਪਿੰਡ ਦਾ ਇਕ ਇਕ ਘਰ ਗਹੁ ਨਾਲ ਵੇਖਿਆ : ਬਹੁਤ ਸਾਧਾਰਨ ਘਰ ਸਨ । ਕਿਸੇ ਘਰ ਦੀ ਛੱਤ ਉਤੇ ਕੋਈ ਅਜਿਹੀ ਸ਼ੈ ਨਹੀਂ ਸੀ ਜਿਹੜੀ ਕਿਸੇ ਹੋਰ ਲਈ ਹਾਨੀਕਾਰਕ ਹੋਵੇ । ਗਲੀਆਂ ਬਿਲਕੁਲ ਸੁੰਨੀਆਂ ਸਨ ।...ਪਰ ਇਕ ਗਲੀ ਵਿਚ ਕਿਧਰੇ ਇਕ ਗੋਰੀ ਗਊ ਖੜੋਤੀ ਸੀ ; ਤੁਰ ਵੀ ਨਹੀਂ ਸੀ ਰਹੀ ; ਜਾਂ ਸ਼ਾਇਦ ਤੁਰ ਨਹੀਂ ਸੀ ਸਕਦੀ । ਨਿਰਾ ਪਿੰਜਰ ਹੋਈ ਦਿਸਦੀ ਸੀ । ਮਹਾਰਾਜ ਵੇਖ ਕੇ ਪਸੀਜ ਉੱਠੇ ।

"ਮਹਾਂ-ਮੰਤਰੀ ਨੂੰ ਬੁਲਾਓ !"

ਗਊ ਵਲ ਨਿਗਾਹ ਟਿਕਾਈ ਰਖਦਿਆਂ ਹੀ ਉਹਨਾਂ ਨੇ ਕਿਹਾ । ਮੁੱਖ ਅੰਗ-ਰਖਿਅਕ ਝੁਕ ਕੇ ਨਮਸਕਾਰ ਕਰਦਿਆਂ, ਤੁਰਤ ਮਹਾਂ-ਮੰਤਰੀ ਨੂੰ ਸੱਦਣ ਚਲਿਆ ਗਿਆ ।

ਪਿਛੋਂ ਪੈੜਚਾਪ ਸੁਣਦਿਆਂ ਈ ਮਹਾਰਾਜ ਬੋਲੇ, "ਮਹਾਂ-ਮੰਤਰੀ ਜੀ ! ਅਹੁ ਇਕ ਗਊ ਕਿਉਂ ਭੁੱਖੀ ਏ ?"

ਮਹਾਂ-ਮੰਤਰੀ ਨੇ ਨਿਮਰਤਾ ਨਾਲ ਉੱਤਰ ਦਿੱਤਾ, "ਅੰਨਦਾਤਾ, ਅਜੇ ਸੈਨਾ ਨੇ ਪੂਰੀ ਤਰ੍ਹਾਂ ਆਪਣਾ ਡੇਰਾ ਨਹੀਂ ਜਮਾਇਆ । ਅੱਧੇ ਪਹਿਰ ਦੀ ਮੁਹਲਤ ਦਿੱਤੀ ਜਾਵੇ ।"

"ਪਰ ਅੱਧਾ ਪਹਿਰ, ਉਸ ਦੇ ਸੰਤਾਪ ਦਾ ਦੋਖੀ ਕੌਣ ਹੋਵੇਗਾ ?"

"ਉਹਦਾ ਪ੍ਰਬੰਧ ਮੈਂ ਤੁਰੰਤ ਕਰ ਦਿੰਦਾ ਹਾਂ, ਸੁਆਮੀ !"

ਮਹਾਂ-ਮੰਤਰੀ ਵਾਪਸ ਪਰਤ ਗਏ । ਮਹਾਰਾਜ ਕੁਝ ਚਿਰ ਅਸਤ ਹੁੰਦੇ ਸੂਰਜ, ਨਦੀ ਦੇ ਪਵਿਤਰ ਜਲ, ਪਰਬਤਾਂ ਦੇ ਸੁੰਦਰ ਆਕਾਰ ਤੇ ਉਹਨਾਂ ਦੀ ਹਰਿਆਲੀ ਨੂੰ ਨਿਹਾਰਦੇ ਰਹੇ । ਜਦੋਂ ਉਹਨਾਂ ਨੂੰ ਸੂਰਜ ਦੀ ਹੇਠਲੀ ਕੰਨੀ ਧਰਤੀ ਤੇ ਆਕਾਸ਼ ਦੇ ਵਿਸ਼ਾਲ ਹੋਠਾਂ ਨੂੰ

ਛੋਂਹਦੀ ਦਿੱਸੀ, ਉਹਨਾਂ ਨੇ ਸੂਰਜ ਨੂੰ ਪ੍ਰਣਾਮ ਕਰਕੇ ਪਿੱਠ ਭੁਆ ਲਈ (ਉਹ ਛਿਪਦੇ ਸੂਰਜ ਨੂੰ ਅਲੋਪ ਹੁੰਦਿਆਂ ਕਦੀ ਨਹੀਂ ਸਨ ਵੇਖਦੇ : ਮਨ, ਸੰਧਿਆ ਸਮੇਂ ਸ਼ਾਂਤ ਨਹੀਂ ਸੀ ਰਹਿੰਦਾ।)

o

ਜਿੱਤ ਦੇ ਜਸ਼ਨਾਂ ਪਿਛੋਂ ਮਹਾਰਾਜ, ਕਿਲ੍ਹੇ ਦੇ ਉਸ ਕਮਰੇ ਵਿਚ ਪਹੁੰਚੇ ਜਿਥੇ ਉਹਨਾਂ ਨੇ ਬਿਸਰਾਮ ਕਰਨਾ ਸੀ। ਮਹਾਂ-ਮੰਤਰੀ ਤੇ ਸੈਨਾਪਤੀ ਨਾਲ ਸਨ।

ਕਮਰਾ ਬਹੁਤ ਵਿਸ਼ਾਲ ਸੀ। ਛੱਤ ਉਤੇ ਫਾਨੂਸ ਸਨ। ਚੰਦਨ ਦੇ ਬੂਹੇ-ਬਾਰੀਆਂ ਉਤੇ ਅਤਿਅੰਤ ਸੁੰਦਰ ਕਾਰੀਗਰੀ ਦੇ ਨਮੂਨੇ ਉਕਰੇ ਹੋਏ ਸਨ। ਹੇਠ ਬਹੁਤ ਸੁੰਦਰ ਕਾਲੀਨ ਵਿਛਿਆ ਹੋਇਆ ਦਿੱਸਿਆ। ਜਿਸ ਚਬੂਤਰੇ ਉਤੇ ਮਹਾਰਾਜ ਦਾ ਆਸਣ ਲਾਇਆ ਗਿਆ ਸੀ, ਉਹਦੇ ਪਿਛਲੇ ਪਾਸੇ ਇਕ ਵੱਡੀ ਖਿੜਕੀ ਸੀ ਜਿਸ ਵਿਚੋਂ ਪਰਬਤ, ਨਦੀ, ਨੱਗਰ ਤੇ ਕਿੱਲ੍ਹੇ ਦੀ ਖਾਈ ਤਕ ਵੀ ਦਿਸਦੀ ਸੀ। ਪਰਬਤਾਂ ਉਤਲੇ ਰੁੱਖਾਂ ਦੇ ਆਕਾਰ ਵੀ ਇੰਜ ਦਿਸਦੇ ਸਨ ਜਿਵੇਂ ਉਹ ਖਿੜਕੀ ਦੇ ਬਹੁਤ ਨੇੜੇ ਹੋਣ।

ਆਸਣ 'ਤੇ ਬੈਠਦਿਆਂ ਮਹਾਰਾਜ ਮੁਸਕਰਾਏ। ਮਹਾਂ-ਮੰਤਰੀ ਤੇ ਸੈਨਾਪਤੀ ਨੂੰ ਬੈਠਣ ਦਾ ਇਸ਼ਾਰਾ ਕੀਤਾ। ਪਹਿਲਾਂ ਮਹਾਂ-ਮੰਤਰੀ ਵਲ ਤੱਕ ਦੇ ਬੋਲੇ : "ਗਊ ਵਾਸਤੇ ਪੱਠੇ ਭੇਜ ਦਿੱਤੇ ?"

"ਹਾਂ ਮਹਾਰਾਜ ! ਉਹ ਤਾਂ ਹੁਣ ਤਕ ਰੱਜ ਕੇ ਪ੍ਰਸੰਨ ਹੋ ਚੁੱਕੀ ਹੋਏਗੀ।"

ਮਹਾਰਾਜ ਨੇ ਪਿਛਾਂਹ ਉਸ ਗਲੀ ਵਲ ਤਕਣ ਦਾ ਯਤਨ ਕੀਤਾ ਜਿਥੇ ਗਊ ਖੜੋਤੀ ਸੀ; ਦਿਨ ਛਿਪਣ ਕਰਕੇ ਅੰਦਾਜ਼ਾ ਨਹੀਂ ਹੋ ਸਕਿਆ।

"ਸੈਨਾਪਤੀ ਜੀ ਤੁਸੀਂ ਆਪਣਾ ਸਰਬਉਤਮ ਕਰਤੱਵ ਪੂਰਾ ਕਰ ਦਿੱਤਾ ਹੈ ?"

"ਜੀ ਮਹਾਰਾਜ ! ਸੈਨਕ ਨੱਗਰ ਦੇ ਹਰ ਘਰ ਅੰਦਰ, ਲੋੜ ਅਨੁਸਾਰ ਸੀਧਾ ਦੇ ਆਏ ਨੇ। ਕੁਝ ਬੀਮਾਰਾਂ ਦੇ ਇਲਾਜ ਲਈ ਵੈਦ ਸੁਮੇਰ ਦੱਤ ਜੀ ਔਸ਼ਧੀਆਂ ਲੈ ਕੇ ਗਏ ਹੋਏ ਨੇ।"

"ਠੀਕ ਹੈ। ਮਹਾਂ-ਮੰਤਰੀ ਜੀ ਮੇਰੇ ਵਾਸਤੇ ਭੋਜਨ ਭੇਜਣ ਤੋਂ ਪਹਿਲਾਂ ਸਾਰਾ ਪਤਾ ਕਰ ਲੈਣਾ..."

ਮਹਾਂ-ਮੰਤਰੀ ਉਸੇ ਵੇਲੇ ਉੱਠ ਕੇ ਖੜੇ ਹੋ ਗਏ। ਉਹਨਾਂ ਜਾਣ ਦੀ ਆਗਿਆ ਮੰਗੀ। ਮਹਾਰਾਜ ਨੇ ਮੁਸਕਰਾ ਕੇ ਆਗਿਆ ਦੇ ਦਿੱਤੀ।

ਸੈਨਾਪਤੀ ਵਲ ਤੱਕ ਕੇ ਮਹਾਰਾਜ ਨੇ ਮਹਿਸੂਸ ਕੀਤਾ ਕਿ ਉਹ, ਕੁਝ ਕਹਿਣਾ ਚਾਹੁੰਦੇ ਸਨ। ਉਹਨਾਂ ਨੇ ਬੜੇ ਆਦਰਭਾਵ ਨਾਲ ਕਿਹਾ, "ਮਹਾਂ-ਮੰਤਰੀ ਸ਼ਾਇਦ ਇਸੇ ਲਈ ਚਲੇ ਗਏ ਨੇ।...ਤੁਸੀਂ ਜੋ ਕਹਿਣਾ ਚਾਹੁੰਦੇ ਹੋ ਨਿਝੱਕ ਕਹੋ, ਸੈਨਾਪਤੀ !"

ਸੈਨਾਪਤੀ ਹੌਸਲਾ ਕਰਦਿਆਂ ਬੋਲੇ, "ਮਹਾਰਾਜ ! ਮੂੰਹ ਛੋਟਾ ਹੈ..."

"ਤੁਸੀਂ ਮੇਰੇ ਸੁਭਾ ਤੋਂ ਜਾਣੂ ਹੋ। ਜੋ ਵੀ ਤੁਸੀਂ ਪਰਜਾ ਦੇ ਹਿਤ ਵਿਚ ਕਹੋਗੇ ਉਹਦਾ ਮੈਂ ਸਤਿਕਾਰ ਕਰਾਂਗਾ।"

"ਅੰਨਦਾਤਾ, ਮੈਂ ਤੁਹਾਡੇ ਇਕ ਆਦੇਸ਼ ਬਾਰੇ ਕੁਝ ਕਹਿਣਾ ਹੈ।"

"ਹਾਂ, ਕਹੋ।"

"ਆਪਦੇ ਆਦੇਸ਼ ਅਨੁਸਾਰ ਅਸੀਂ ਹਰ ਜਿੱਤੇ ਹੋਏ ਨਗਰ ਦੀ ਪਰਜਾ ਨੂੰ, ਅੰਨ-ਦਾਣਾ ਦਿੰਦੇ ਹਾਂ। ਬੀਮਾਰਾਂ ਦੀ ਸੰਭਾਲ ਵੀ ਸੈਨਾ ਦੇ ਜ਼ਿੰਮੇ ਹੈ। ਆਪ ਦੇ ਹੀ ਆਦੇਸ਼ ਅਨੁਸਾਰ ਜੇ ਅਸੀਂ ਸੈਨਾ ਦੇ ਭੋਜਨ ਲਈ ਅੰਨ-ਦਾਣਾ ਲੈਣਾ ਹੋਵੇ ਤਾਂ ਪਰਜਾ ਪਾਸੋਂ ਕੇਵਲ ਨਕਦ ਮੁੱਲ ਉਤੇ ਲੈ ਸਕਦੇ ਹਾਂ।...ਪਰ ਅਨੇਕ ਵਾਰ ਇਹਨਾਂ ਆਦੇਸ਼ਾਂ ਦੀ ਪਾਲਣਾ ਵਿਚ ਸਾਨੂੰ ਮੁਸ਼ਕਲ ਆਉਂਦੀ ਹੈ...।"

"ਮੈਂ ਜਾਣਨਾ ਚਾਹੁੰਦਾ ਹਾਂ ਉਹ ਮੁਸ਼ਕਲ ਕਿਹੜੀ ਹੈ।"

ਸੈਨਾਪਤੀ ਕੁਝ ਝਿਜਕੇ, ਪਰ ਦਲੇਰੀ ਕਰਦਿਆਂ ਬੋਲੇ, "ਮਹਾਰਾਜ! ਕਈ ਵਾਰੀ ਸੈਨਾ ਨੂੰ ਅਧ-ਭੁੱਖਿਆਂ ਸੌਣਾ ਪਿਆ ਹੈ।"

"ਇਹਦੇ ਲਈ ਮੈਂ ਆਪਣੀ ਸੈਨਾ ਦਾ ਬਹੁਤ ਧੰਨਵਾਦੀ ਹਾਂ। ਪਰ ਇਹ ਉਹਦਾ ਕਰਤੱਵ ਹੈ।"

"ਅੰਨਦਾਤਾ, ਆਪ ਸੱਤ ਕ੍ਹਿੰਦੇ ਹੋ। ਪਰ ਮੇਰੀ ਬੇਨਤੀ ਇਹ ਹੈ ਕਿ ਜਿਸ ਸੈਨਾ ਨੂੰ ਰੱਜਵਾਂ ਭੋਜਨ ਨਾ ਮਿਲੇ, ਉਹ ਆਪਣੇ ਪ੍ਰਥਮ ਕਰਤੱਵ : ਪਰਜਾ ਦੀ ਰੱਖਿਆ, ਬਹੁਤਾ ਸਮਾਂ ਨਹੀਂ ਨਿਭਾ ਸਕਦੀ।"

ਮਹਾਰਾਜ ਨੇ ਸੈਨਾਪਤੀ ਵੱਲ ਕੁਝ ਅਜਿਹੀਆਂ ਨਜ਼ਰਾਂ ਨਾਲ ਤੱਕਿਆ ਜਿਵੇਂ ਉਹ ਉਸ ਦੇ ਵਿਚਾਰਾਂ ਨਾਲ ਵਿਚਲਿਤ ਹੋ ਗਏ ਹੋਣ। ਸੈਨਾਪਤੀ ਨੇ ਅੱਖਾਂ ਝੁਕਾ ਲਈਆਂ ਸਨ। ਮਹਾਰਾਜ ਉਠ ਕੇ ਖੜੇ ਹੋ ਗਏ। ਕੁਝ ਬੇਆਰਾਮੀ ਵਿਚ ਉਹ ਚਾਰ ਕਦਮ ਖੱਬੇ ਪਾਸੇ ਗਏ, ਫੇਰ ਪਰਤ ਆਏ।

ਸੈਨਾਪਤੀ ਵੱਲ ਤੱਕੇ ਬਿਨਾਂ ਬੋਲੇ, "ਸੈਨਾ ਦਾ ਕਰਤੱਵ ਮੈਂ ਜਾਣਦਾ ਹਾਂ ਸੈਨਾਪਤੀ ਜੀ।...ਮੇਰੀ ਮਹਾਨ ਸੈਨਾ ਦਾ ਕਰਤੱਵ ਸਿਰਫ ਜਿੱਤਾਂ ਪ੍ਰਾਪਤ ਕਰਨਾ ਹੀ ਨਹੀਂ। ਪਰਜਾ ਦੀ ਸੇਵਾ ਲਈ, ਮੇਰੀ ਸੈਨਾ ਸਰਬੰਸ ਵੀ ਵਾਰ ਸਕਦੀ ਹੈ।"

"ਆਪ ਦੀ ਸੈਨਾ ਮਹਾਨ ਹੈ ਮਹਾਰਾਜ, ਕਿਉਂਕਿ ਆਪ ਸ੍ਵੈਮ ਮਹਾਨ ਹੋ!...ਪਰ ਮੇਰੀ ਦੋ-ਕਰ ਜੋੜ ਬੇਨਤੀ ਹੈ ਸਾਨੂੰ ਸੈਨਾ ਪਾਸੋਂ, ਬਹੁਤ ਵੱਡੇ ਬਲੀਦਾਨਾਂ ਦੀ ਆਸ ਨਹੀਂ ਰਖਣੀ ਚਾਹੀਦੀ, ਹੋ ਸਕਦਾ ਹੈ, ਕਿਸੇ ਸਮੇਂ ਨਿਰਾਸ਼ਾ ਹੋਵੇ।"

"ਤੁਸੀਂ ਕਹਿਣਾ ਕੀ ਚਾਹੁੰਦੇ ਹੋ?"

"...ਆਪ ਦੀ ਆਗਿਆ ਹੋਵੇ ਤਾਂ ਕਹਾਂ..."

"ਆਗਿਆ ਹੈ।"

"ਸੈਨਾ ਦੇ ਭੋਜਨ ਲਈ, ਬਹੁਤ, ਘੱਟ ਸੀਧਾ ਬਚਿਆ ਹੈ। ਮਹਾਂ-ਮੰਤਰੀ ਜੀ ਕਹਿੰਦੇ ਹਨ ਜੇ ਇਸ ਕਿਲ੍ਹੇ ਵਿਚੋਂ ਕੋਈ ਗੁਪਤ ਖਜ਼ਾਨਾ ਨਾ ਲੱਭਿਆ ਤਾਂ ਸਾਡੇ ਕੋਲ ਏਨਾ ਧਨ ਵੀ ਨਹੀਂ ਕਿ ਅਸੀਂ ਇਕ ਸਾਤੇ ਤੋਂ ਵਧ ਦਾ ਸੀਧਾ ਖਰੀਦ ਸਕੀਏ। ਜੇ ਅਸੀਂ ਸਿਧੇ ਰਾਜਧਾਨੀ ਪਹੁੰਚਣਾ ਹੋਵੇ ਤਦ ਵੀ ਘੱਟੋ-ਘਟ ਦਸ ਦਿਨ ਸਾਨੂੰ ਲਗ ਜਾਣਗੇ। ਅਜਿਹੀ ਸਥਿਤੀ ਵਿਚ...ਜਿਵੇਂ ਮਹਾਰਾਜ ਆਗਿਆ ਦੇਣ ਆਦੇਸ਼ ਦੀ ਪਾਲਣਾ ਹੋਵੇਗੀ...।"

ਮਹਾਰਾਜ ਚਾਰ ਕਦਮ ਸੱਜੇ, ਫੇਰ ਚਾਰ ਖੱਬੇ ਤੁਰੇ ਤੇ ਰੁਕ ਗਏ। ਕੁਝ ਪਲ ਉਹ

ਬੋਲ ਨਹੀਂ ਸਕੇ । ਪਰ ਫੇਰ ਅਚਾਨਕ ਉਹਨਾਂ ਦੇ ਚਿਹਰੇ ਉਤੇ ਮੁਸਕਰਾਹਟ ਦੀ ਲਿਸ਼ਕ ਆਈ । ਕਮਰੇ ਦੇ ਚੌਹੀਂ ਖੂੰਜੀਂ ਪਵਿੱਤਰ ਸੁੱਚੇ ਘਿਓ ਦੇ ਦੀਵਿਆਂ ਦੇ ਚਾਨਣ ਵਿਚ ਉਹ ਕਿਸੇ ਦੇਵਤਾ ਸਮਾਨ ਲਗਦੇ ਸਨ ।

ਕੁਝ ਪਲ ਪਿੱਛੋਂ ਬਹੁਤ ਸ਼ਾਂਤ, ਸਥਿਰ ਆਵਾਜ਼ ਵਿਚ ਬੋਲੇ, "ਸੈਨਾਪਤੀ ! ਸਮੱਸਿਆ ਵਿਕਟ ਹੈ । ਇਸ ਬਾਰੇ ਵਿਚਾਰ ਜ਼ਰੂਰੀ ਹੈ । ਆਪਾਂ ਕਲ੍ਹ ਪੂਜਾ-ਪਾਠ ਪਿਛੋਂ ਵਿਚਾਰ ਕਰਾਂਗੇ ।...ਪਰ ਮੇਰਾ ਭਗਵਾਨ ਉਤੇ ਬੜਾ ਭਰੋਸਾ ਹੈ । ਉਹ ਹਰ ਸਮੱਸਿਆ ਵਿਚ ਸਹਾਇਤਾ ਕਰਦੇ ਹਨ । ਹੁਣ ਵੀ ਕਰਨਗੇ ।"

"ਜੋ ਆਗਿਆ ਮਹਾਰਾਜ !...ਕੋਈ ਆਦੇਸ਼ ?"

"ਕੋਈ ਆਦੇਸ਼ ਨਹੀਂ । ਮੈਂ ਰਾਤ ਦਾ ਸਮਾਂ ਸੁਖ-ਸ਼ਾਂਤੀ ਨਾਲ ਬਿਤਾਉਣਾ ਲੋਚਦਾ ਹਾਂ ।"

"ਰਾਤਰੀ-ਪ੍ਰਣਾਮ ਅੰਨਦਾਤਾ !"

"ਪ੍ਰਣਾਮ !"

ਸੈਨਾਪਤੀ ਪੁਠ-ਪੈਰੇ ਕਮਰੇ ਵਿਚੋਂ ਬਾਹਰ ਚਲੇ ਗਏ । ਬੂਹੇ ਕੋਲ ਹੁਣ ਕੇਵਲ ਦੋ ਦਰਬਾਨ ਹੀ ਥਮ੍ਹਾਂ ਵਾਂਗ ਖੜੋਤੇ ਦਿਸਦੇ ਸਨ । ਬਾਕੀ ਕਮਰਾ; ਚਿਤਰੀਆਂ ਕੰਧਾਂ, ਸ਼ੀਸ਼ੇ-ਜੜਤ ਛੱਤ-ਸਭ ਕੁਝ ਸੁੰਨਾ-ਸੰਨਾ ਲਗਦਾ ਸੀ । ਮਹਾਰਾਜ ਉਹਨਾਂ ਵਲ ਬਹੁਤਾ ਚਿਰ ਨਹੀਂ ਝਾਕ ਸਕੇ । ਪਿੱਠ ਭੁਆ ਕੇ ਪਿਛਲੀ ਖਿੜਕੀ ਵਿਚੋਂ ਬਾਹਰ ਤਕਣ ਲਗ ਪਏ । ਹਰੇਕ ਘਰ ਅੰਦਰ ਦੀਵੇ ਦਾ ਚਾਨਣ ਨਜ਼ਰ ਆਉਂਦਾ ਸੀ, ਪਰ ਸਹਿਮਿਆ-ਜਿਹਾ ਲਗਦਾ ਸੀ । ਉੱਚੇ ਨੀਵੇਂ ਥਾਵਾਂ ਉਤੇ ਉੱਗੇ ਰੁੱਖਾਂ ਦੇ ਆਕਾਰਾਂ ਦੇ ਪਿਛਵਾੜਿਓਂ ਤੇਰਸ ਦਾ ਚੰਦ ਆਪਣਾ ਅਧਬੱਗਾ ਮੂੰਹ ਨਿਖਾਰਦਾ, ਮੁਸਕਰਾ ਰਿਹਾ ਜਾਪਦਾ ਸੀ । ਮਹਾਰਾਜ ਨੇ ਪਹਿਲਾਂ ਚੰਦ ਵਲ ਵੇਖਿਆ ਤੇ ਫੇਰ ਚਾਨਣੀ ਵਿਚ ਲਿਸ਼ਕਦੀ ਨਦੀ ਵਲ । ਨਦੀ ਦੇ ਪਾਣੀ ਵਿਚ ਚੰਦ ਦਾ ਪੜਛਾਵਾਂ ਅਜੇ ਪੂਰੀ ਤਰ੍ਹਾਂ ਨਹੀਂ ਸੀ ਨਿਖਰਿਆ...ਪਰ ਹੈਰਾਨੀ ਦੀ ਗੱਲ ਸੀ ਕਿ ਉਸ ਖੜਸੁਕ ਰੁੱਖ ਦਾ ਪਰਛਾਵਾਂ ਦਿੱਸ ਰਿਹਾ ਸੀ, ਰੁੱਖ ਭਾਵੇਂ ਨਜ਼ਰ ਨਹੀਂ ਸੀ ਆ ਰਿਹਾ ।

"ਉਹ !" ਉਚਰਦਿਆਂ ਮਹਾਰਾਜ ਅਸਣ ਉਤੇ ਬੈਠ ਗਏ । ਫੇਰ ਉਹਨਾਂ ਨੂੰ ਜਾਪਿਆ, ਉਸ ਦਾ ਪਰਛਾਵਾਂ ਉਹਨਾਂ ਦੀਆਂ ਅੱਖਾਂ ਦੇ ਪਿਛਲੇ ਪਾਸੇ ਕਿਧਰੇ ਇੰਜ ਉਕਰਿਆ ਗਿਆ ਸੀ ਕਿ ਜਿੱਧਰ ਉਹ ਵੇਖਦੇ ਸਨ, ਹਰ ਸ਼ੈ ਉਤੇ ਰੁੱਖ ਦਾ ਕਾਲ੍ਹਾ ਆਕਾਰ ਨਜ਼ਰ ਆਉਂਦਾ ਸੀ—ਜਿਵੇਂ ਕਾਲ੍ਹੇ ਨਾਗਾਂ ਦੇ ਸਿਰ ਉਤੇ ਕੁਝ ਸਪੋਲੀਏ ਬੈਠੇ ਹੋਣ...!

"ਦਰਬਾਨ !"

ਮਹਾਰਾਜ ਦੀ ਅਸਾਧਾਰਨ ਉੱਚੀ ਆਵਾਜ਼ ਸੁਣ ਕੇ ਦੋਏ ਦਰਬਾਨ ਜਿਵੇਂ ਸਹਿਮ ਗਏ । ਮੁੱਖ-ਦਰਬਾਨ ਝੁਕ ਕੇ ਬੂਹੇ ਦੇ ਸਾਹਮਣੇ ਹੋ ਗਿਆ । ਪਰ ਮਹਾਰਾਜ ਨੇ ਕੁਝ ਚਿਰ ਉਸ ਨੂੰ ਕੋਈ ਆਦੇਸ਼ ਨਹੀਂ ਦਿੱਤਾ । ਉਸੇ ਵੇਲੇ ਮਹਾਂ-ਮੰਤਰੀ ਆ ਗਏ । ਦਰਬਾਨ ਪਿਛੇ ਹਟ ਗਿਆ ।

ਮਹਾਂ-ਮੰਤਰੀ ਨੇ ਬੂਹੇ ਕੋਲ ਰੁਕ ਕੇ ਆਗਿਆ ਮੰਗੀ, "ਮਹਾਰਾਜ ਦੀ ਆਗਿਆ ਚਾਹੁੰਦਾ ਹਾਂ ।"

"ਆਓ !...ਅੱਗੇ ਆ ਜਾਓ !"

ਹੁਣ ਮਹਾਰਾਜ ਦੀ ਆਵਾਜ਼ ਸ਼ਾਂਤ ਸੀ।

ਮਹਾਂ-ਮੰਤਰੀ ਸਿਰ ਝੁਕਾ ਕੇ ਅੰਦਰ ਆਏ ਤੇ ਆਸਣ ਦੇ ਸਾਹਮਣੇ, ਮਹਾਰਾਜ ਦੇ ਬਹੁਤ ਨੇੜੇ, ਬੈਠ ਗਏ। ਮਹਾਰਾਜ ਦੇ ਚਿਹਰੇ ਉਤੇ ਖਿਝ ਦੇ ਚਿੰਨ੍ਹ ਵੇਖ ਕੇ ਉਹਨਾਂ ਨੂੰ ਚਿੰਤਾ ਹੋਈ। ਉਹ ਝਿਜਕਦਿਆਂ ਬੋਲੇ : "ਮਹਾਰਾਜ ! ਸੇਵਕ ਨੂੰ ਕੀ ਆਦੇਸ਼ ਹੈ ?"

ਮਹਾਰਾਜ ਦੇ ਚਿਹਰੇ ਉਤੇ ਕੁਝ ਸ਼ਾਂਤ-ਪ੍ਰਭਾਵ ਦਿੱਸਿਆ। ਠਰ੍ਹਮੇ ਨਾਲ ਕਹਿਣ ਲੱਗੇ : "ਮਹਾਂ-ਮੰਤਰੀ ਮੈਂ ਅੱਜ ਭੋਜਨ ਨਹੀਂ ਕਰਾਂਗਾ।"

"ਇਹ ਕੀ ਕਹਿ ਰਹੇ ਹੋ ਸੁਆਮੀ !...ਜੇ ਸੇਵਕ ਤੋਂ ਕੋਈ ਖੁਨਾਮੀ ਹੋਈ ਹੋਵੇ..."

"ਕੁਝ ਨਹੀਂ ਹੋਇਆ। ਕੇਵਲ ਮਨ ਕੁਝ ਅਸਥਿਰ ਹੈ।"

"ਸੇਵਕ ਨੂੰ ਕਾਰਨ ਜਾਨਣ ਦਾ..."

"ਕੋਈ ਲੋੜ ਨਹੀਂ।" ਫੇਰ ਕੁਝ ਰੁਕ ਕੇ ਕਿਹਾ, "ਤੁਸੀਂ ਕਲ੍ਹ ਪੂਜਾ-ਪਾਠ ਤੋਂ ਮਗਰੋਂ ਮੈਨੂੰ ਮਿਲਣਾ।"

"ਸਤਿ ਬਚਨ ਅੰਨਦਾਤਾ !"

"ਹੁਣ ਤੁਸੀਂ ਜਾਓ !"

ਪਰ ਜਦੋਂ ਮਹਾਂ-ਮੰਤਰੀ ਪ੍ਰਣਾਮ ਕਰਕੇ ਤੁਰਨ ਲੱਗੇ ਤਾਂ ਮਹਾਰਾਜ ਨੇ ਉਹਨਾਂ ਨੂੰ ਫੇਰ ਰੋਕ ਲਿਆ। ਮਹਾਂ-ਮੰਤਰੀ ਦੇ ਚਿਹਰੇ ਉਤੇ ਚਿੰਤਾ ਸਾਫ ਸੀ ; ਅਜਿਹੀ ਦੁਚਿੱਤੀ ਵਿਚ ਮਹਾਰਾਜ ਪਹਿਲਾਂ ਕਦੇ ਨਹੀਂ ਸਨ ਪਏ।

"ਮਹਾਂ-ਮੰਤਰੀ ! ਮੈਂ ਜਾਨਣਾ ਚਾਹੁੰਦਾ ਹਾਂ ਕਿ ਹੁਣ ਤਕ ਇਸ ਨੱਗਰ ਦਾ ਕੋਈ ਜੀਵ ਭੁੱਖਾ ਤਾਂ ਨਹੀਂ ?"

"ਆਪ ਦੀ ਆਗਿਆ ਅਨੁਸਾਰ, ਸਭ ਨਰ-ਨਾਰੀ ਸਮੇਤ, ਪਸ਼ੂ-ਪੰਛੀਆਂ ਤੇ ਕੁੱਤੇ-ਬਿੱਲਿਆਂ ਤਕ ਲਈ ਅੰਨ ਭੇਜ ਦਿੱਤਾ ਗਿਆ ਹੈ। ਸੈਨਾਪਤੀ ਨੇ ਆਪਣੇ ਨਿੱਜੀ ਪ੍ਰਬੰਧ ਤੇ ਨਿਗਰਾਨੀ ਹੇਠ ਸਭ ਕਾਰਜ ਸੰਪੰਨ ਕਰਵਾਇਆ ਹੈ।...ਜੇ ਆਗਿਆ ਹੋਵੇ ਤਾਂ ਸੇਵਕ ਆਪ, ਸਾਰੇ ਨੱਗਰ ਵਿਚ ਪਤਾ ਕਰ ਆਏਗਾ।"

"ਕੋਈ ਲੋੜ ਨਹੀਂ। ਸੈਨਾਪਤੀ ਸਿਆਣੇ ਹਨ।"

ਮਹਾਂ-ਮੰਤਰੀ ਕੁਝ ਝਿਜਕਦਿਆਂ, ਰੁਕ ਰੁਕ ਕੇ ਬੋਲੇ, "ਸੁਆਮੀ !...ਤੁਸੀਂ ਜ਼ਰੂਰ, ਥੋੜਾ ਭੋਜਨ ਕਰ ਲਓ।"

"ਮੇਰਾ ਭੋਜਨ, ਕਿਸੇ ਵੀ, ਭੁੱਖੇ ਨੂੰ ਦੇਣ ਲਈ ਰੱਖ ਲਿਆ ਜਾਏ। ਮੈਂ ਨਹੀਂ ਖਾਵਾਂਗਾ।...ਤੁਸੀਂ ਬਿਸਰਾਮ ਕਰੋ।"

ਮਹਾਂ-ਮੰਤਰੀ ਚਲੇ ਗਏ।

ਮਹਾਰਾਜ ਨੇ ਮੁੜ ਖਿੜਕੀ ਵਿਚੋਂ ਬਾਹਰ ਵੇਖਿਆ। ਕਈ ਘਰਾਂ ਦੇ ਦੀਵੇ ਬੁਝ ਗਏ ਸਨ। ਕੁਝ ਅਜੇ ਜਗਦੇ ਸਨ। ਚੰਦ ਦੀ ਚਾਨਣੀ ਅਚਾਨਕ ਹੀ ਮਧਮ ਪੈ ਗਈ ਸੀ। ਪਛਮ ਵਲੋਂ ਕਾਲੀ ਘਟਾ ਉੱਠ ਕੇ ਸਾਰੇ ਅਸਮਾਨ ਉਤੇ ਛਾ ਗਈ ਸੀ। ਮਹਾਰਾਜ ਫੇਰ ਕੁਝ ਉੱਚੀ ਬੋਲੇ : "ਦਰਬਾਨ !...ਸੱਜੇ ਖੂੰਜੇ ਵਾਲੇ ਦੀਵੇ ਦੀ ਲੋਅ ਘਟਾ ਕੇ ਬਾਕੀ ਦੀਵੇ

ਵੱਡੇ ਕਰ ਦਿਓ ।"

ਅੱਧੀ ਰਾਤ ਬੀਤ ਜਾਣ 'ਤੇ ਵੀ ਮਹਾਰਾਜ ਨੂੰ ਚੰਗੀ ਤਰ੍ਹਾਂ ਨੀਂਦ ਨਹੀਂ ਆਈ ਸੀ। ਕੁਝ ਪਲ ਅੱਖ ਲੱਗੀ ਸੀ ; ਪਰ ਅਚਾਨਕ ਜਾਗ ਆ ਗਈ। ਮਹਾਰਾਜ ਉਠ ਕੇ ਬਹਿ ਗਏ । ਫੇਰ ਖੜੇ ਹੋ ਗਏ । ਖਿੜਕੀ ਤੋਂ ਬਾਹਰ ਤੱਕਿਆ : ਚੁੱਪ-ਚਾਂ ਸੀ । ਸ਼ਾਂਤੀ ਸੀ। ਪਰ ਇਹ ਚੁੱਪ ਤੇ ਸ਼ਾਂਤੀ ਵਿਚੋਂ ਵੀ ਉਹਨਾਂ ਨੂੰ ਇਕ ਸਹਿਮ ਦਾ ਅਹਿਸਾਸ ਹੋਇਆ ; ਮਨ ਬੇਚੈਨ ਹੋ ਉੱਠਿਆ।

ਉਦੋਂ ਹੀ ਪਰਬਤਾਂ ਵਲੋਂ ਮਹਾਰਾਜ ਨੂੰ ਅਜਿਹੀ ਆਵਾਜ਼ ਸੁਣੀ ਜਿਵੇਂ ਕਈ ਕੁੱਤੇ ਇਕੱਠੇ ਰੋ ਰਹੇ ਹੋਣ । ਹੌਲੀ ਹੌਲੀ ਇਹ ਆਵਾਜ਼ ਨਦੀ ਦੇ ਕੰਢੇ ਕੋਲ ਸੁਣਨ ਲਗ ਪਈ।.. ਤੇ ਫੇਰ ਹੋਰ ਨੇੜੇ ਆਉਂਦੀ ਜਾਪੀ, ਜਿਵੇਂ ਉਹ ਜਾਨਵਰ ਕਿਲ੍ਹੇ ਦੇ ਨੇੜੇ ਆ ਗਏ ਹੋਣ ।

ਮਹਾਰਾਜ ਹੋਰ ਬੇਚੈਨ ਹੋ ਗਏ । ਦਰਬਾਨ ਨੂੰ ਸੱਦ ਕੇ ਆਦੇਸ਼ ਦਿੱਤਾ : "ਸੈਨਾਪਤੀ ਨੂੰ ਹੁਣੇ ਜਾ ਕੇ ਕਿਹਾ ਜਾਏ ਕਿ ਬਚਿਆ ਹੋਇਆ ਸਾਰਾ ਭੋਜਨ ਉਹਨਾਂ ਜਾਨਵਰਾਂ ਨੂੰ ਪਾ ਦਿੱਤਾ ਜਾਏ ।"

ਮਹਾਰਾਜ ਦਾ ਆਦੇਸ਼ ਮਿਲਦਿਆਂ ਹੀ ਸੈਨਾਪਤੀ ਨੇ ਚਾਰ ਸੈਨਕ ਭੋਜਨ ਦੇ ਕੇ ਨਦੀ ਵਲ ਭੇਜ ਦਿੱਤੇ । ਸੈਨਕਾਂ ਨੇ ਨਦੀ ਦੇ ਖੱਬੇ ਕੰਢੇ ਜਾ ਕੇ ਵੇਖਿਆ ਕਿ ਕਿੰਨੇ ਸਾਰੇ ਜਾਨਵਰ ਖੜਸੁਕ ਰੁੱਖ ਕੋਲ ਖੜੋਤੇ ਸਨ। ਹਨੇਰੇ ਵਿਚ ਕੁਝ ਵਿਚਲਿਤ ਹੋਏ ਸੈਨਕਾਂ ਨੂੰ ਉਹਨਾਂ ਦੇ ਆਕਾਰ ਪਹਿਲਾਂ ਵਛੇਰਿਆਂ ਵਰਗੇ ਲੱਗੇ ਫੇਰ ਬਘਿਆੜਾਂ ਵਰਗੇ ਤੇ ਮਗਰੋਂ ਕੁੱਤਿਆਂ ਵਰਗੇ ।

ਇਕ ਸੈਨਕ ਬੋਲਿਆ : "ਇਹ ਮਹਾਰਾਜ ਦਾ ਛੱਡਿਆ ਭੋਜਨ-ਏਨਾ ਪਵਿਤਰ ਤੇ ਸੁਆਦਿਸ਼ਟ ਭੋਜਨ-ਕੁੱਤਿਆਂ ਨੂੰ ਪਾ ਦੇਈਏ ?"

"ਮਹਾਰਾਜ ਦਾ ਆਦੇਸ਼ ਹੈ ।" ਦੂਜੇ ਨੇ ਕਿਹਾ ।

'ਮਹਾਰਾਜ ਤਾਂ..."

"ਬੁੱਢੇ...ਹੋ ਰਹੇ ਨੇ !" ਚੌਥੇ ਨੇ, ਤੀਜੇ ਦਾ ਵਾਕ ਪੂਰਾ ਕੀਤਾ ।

ਸੈਨਕ ਪਹਿਲਾਂ ਦੱਬਵੀਂ ਆਵਾਜ਼ ਵਿਚ ਹੱਸੇ ਤੇ ਫੇਰ ਉਹਨਾਂ ਨੇ ਭੋਜਨ ਵੰਡ ਕੇ ਖਾ ਲਿਆ । ਕੁਝ ਜਾਨਵਰ ਉਥੇ ਕੋਲ ਖੜੋਤੇ ਘੂਰਦੇ ਰਹੇ ; ਬਾਕੀ ਹੌਲੀ ਹੌਲੀ ਪਰਬਤਾਂ ਵਲ ਖਿਸਕ ਗਏ : ਭੂਤਾਂ ਦੇ ਪਰਛਾਵਿਆਂ ਵਾਂਗ । ਅੰਤ ਵਿਚ ਉਸ ਖੜਸੁਖ ਰੁੱਖ ਹੇਠਾਂ ਸਿਰਫ ਦੋ ਰਹਿ ਗਏ ।

ਫੇਰ ਅਚਾਨਕ ਇਕ ਜਾਨਵਰ ਘੂਰਕਦਾ ਹੋਇਆ ਸੈਨਕਾਂ ਵਲ ਆਇਆ । ਪਹਿਲੇ ਸੈਨਕ ਨੇ ਕਿਹਾ, "ਇਸ ਦੀ ਮੌਤ ਆਈ ਐ ।"

ਉਹ ਜਾਨਵਰ, ਸੈਨਕ ਦੀ ਆਵਾਜ਼ ਸੁਣ ਕੇ ਪੰਜ ਕੁ ਕਦਮ ਪਿਛੇ ਰੁਕ ਗਿਆ । ਉਸੇ ਵੇਲੇ ਦੂਜਾ ਵੀ 'ਘੁਰ-ਘੁਰ' ਕਰਦਾ ਉਹਦੇ ਕੋਲ ਆ ਖੜੋਤਾ ।

ਸੈਨਕਾਂ ਨੇ ਕਿਲ੍ਹੇ ਦੀ ਉਸ ਖੁਲ੍ਹੀ ਖਿੜਕੀ ਵਲ ਵੇਖਿਆ ਜਿੱਥੇ ਅਜੇ ਵੀ ਦੀਵਾ ਜਗ ਰਿਹਾ ਸੀ, ਪਰ ਉਹਦੇ ਚਾਨਣ ਦੀ ਕੋਈ ਰਿਸ਼ਮ ਏਥੋਂ ਤਕ ਨਹੀਂ ਸੀ ਪਹੁੰਚਦੀ ।

ਦੋਏ ਜਾਨਵਰ ਫੇਰ ਘੁਰਕੇ। ਉਹਨਾਂ ਦੀ ਆਵਾਜ਼ ਡਰਾਉਣੀ ਸੀ। ਸੈਨਕ ਘਾਬਰ ਕੇ ਪਹਿਲਾਂ ਕੁਝ ਪਿੱਛੇ ਹਟ ਗਏ, ਫੇਰ ਬੜੀ ਫੁਰਤੀ ਨਾਲ ਉਹਨਾਂ ਨੇ ਆਪਣੇ ਬਰਛੇ ਸੰਭਾਲੇ ਤੇ ਦੋਏ ਜਾਨਵਰਾਂ ਦੇ ਢਿਡ ਪਾੜ ਦਿੱਤੇ। ਇਕ ਵਾਰ ਜਾਨਵਰਾਂ ਦੀ ਚੀਕ–ਜਿਹੀ ਸੁਣੀ ਪਰ ਨਾਲ ਦੀ ਨਾਲ ਚਾਰੇ ਪਾਸੇ ਮੁੜ ਚੁੱਪ ਛਾ ਗਈ। ਵਾਤਾਵਰਣ ਫੇਰ ਸ਼ਾਂਤ ਹੋ ਗਿਆ।

ਅੱਧੀ ਰਾਤ ਪਿਛੋਂ ਮਹਾਰਾਜ ਨੇ ਨਦੀ ਦੇ ਖੱਬੇ ਕੰਢੇ ਵਲ ਮੁੜ ਤੱਕਿਆ। ਬੱਦਲ ਕੁਝ ਸੰਘਣੇ ਹੋ ਗਏ ਸਨ। ਨਦੀ ਖੜੱਪੇ ਸੱਪ ਵਾਂਗ ਦਿਸਦੀ ਸੀ। ਉਸ ਦੇ ਦੋਏ ਕੰਢੇ ਖਾਮੋਸ਼ ਸਨ। ਪਰ ਤਦ ਵੀ ਮਹਾਰਾਜ ਨੂੰ ਅਜਿਹੀ ਬੇਚੈਨੀ ਮਹਿਸੂਸ ਹੋਈ ਕਿ ਉਹ ਉਠ ਕੇ ਕਮਰੇ ਅੰਦਰ ਟਹਿਲਣ ਲਗ ਪਏ। ਇਕ ਵਾਰ ਦੀਵੇ ਸੀਖਣ ਦਾ ਖਿਆਲ ਆਇਆ, ਪਰ ਉਦੋਂ ਹੀ ਜਾਪਿਆ ਜਿਵੇਂ ਇਕੱਲੇ ਦੀਵੇ ਦਾ ਇਹ ਮਧਮ, ਘਸਮੈਲਾ ਚਾਨਣ ਅੱਖਾਂ ਨੂੰ ਕੁਝ ਸੁਖਾਵਾਂ ਲਗ ਰਿਹਾ ਸੀ। ਮਲਕੜੇ ਕਦਮ ਰਖਦੇ ਇਕ ਵਾਰ ਮੁੜ ਉਸੇ ਖਿੜਕੀ ਸਾਹਮਣੇ ਆ ਕੇ ਰੁਕ ਗਏ ਜਿਥੋਂ ਹੁਣ, ਬਾਹਰਲਾ ਸਭ ਕੁਝ ਧੁੰਦਲਾ ਨਜ਼ਰ ਆਉਂਦਾ ਸੀ। ਕੁਝ ਪਲ ਤਾਂ ਪਰਬਤਾਂ ਦੇ ਆਕਾਰ ਵੀ ਸਾਫ ਨਹੀਂ ਦਿੱਸੇ। ਫੇਰ...ਉਸੇ ਖੜਸੁੱਕ ਰੁੱਖ ਦਾ ਪਰਛਾਵਾਂ ਸਾਰੇ ਪਰਬਤਾਂ, ਨਦੀ ਤੇ ਨੱਗਰ ਉਤੋਂ ਦੀ ਪਸਰ ਕੇ ਅਸਮਾਨ ਤਕ ਫੈਲਦਾ ਦਿੱਸਿਆ। ਮਹਾਰਾਜ ਇਕਦਮ ਤ੍ਰਹਿ ਗਏ। ਨਜ਼ਰ ਪਿਛਾਂਹ ਬੂਹੇ ਵਲ ਭੁਆਈ।

ਉੱਚੀ ਕੂਕੇ : "ਦਰਬਾਨ ! ਦੀਵੇ ਸੀਖ ਦਿਓ !"

ਮੁਖ-ਦਰਬਾਨ ਘਬਰਾਇਆ ਹੋਇਆ ਅੰਦਰ ਆਇਆ। ਉਸਨੇ ਬੁਝੇ ਦੀਵੇ ਸੀਖ ਦਿੱਤੇ। ਪ੍ਰਣਾਮ ਕਰਕੇ ਬਾਹਰ ਚਲਾ ਗਿਆ।...ਪਰ ਮਹਾਰਾਜ ਨੇ ਵੇਖਿਆ ਅਜੇ ਵੀ ਕਮਰੇ ਦੀ ਕੋਈ ਸ਼ੈ ਸਾਫ ਨਹੀਂ ਸੀ ਦਿੱਸ ਰਹੀ...ਖੜਸੁਕ ਰੁੱਖ ਦਾ ਪਰਛਾਵਾਂ ਸਾਰੇ ਚਾਨਣ ਨੂੰ ਗ੍ਰਹਿਣ ਗਿਆ ਜਾਪਦਾ ਸੀ।

...ਤੇ ਉਸੇ ਪਲ ਹੀ, ਨਦੀ ਦੇ ਕੰਢਿਓਂ, ਕੁੱਤਿਆਂ ਵਰਗੇ ਉਹਨਾਂ ਜਾਨਵਰਾਂ ਦੇ ਰੋਣ ਦੀਆਂ ਆਵਾਜ਼ਾਂ ਫੇਰ ਆਉਣ ਲਗ ਪਈਆਂ : ਕਲਹਿਣੀਆਂ ਤੇ ਕੁਸ਼ਗਨੀਆਂ ਆਵਾਜ਼ਾਂ। ਮਹਾਰਾਜ ਘਬਰਾ ਕੇ ਮੁੜ ਆਸਣ ਉਤੇ ਆ ਢੱਠੇ। ਲੇਟ ਕੇ ਕੰਨਾਂ ਉਤੇ ਹੱਥ ਧਰ ਲਏ... ਤੇ ਉਹਨਾਂ ਨੂੰ ਆਸਣ ਡੋਲਦਾ ਲੱਗਿਆ। □

[6/128, ਜੈਤੋ, ਜ਼ਿਲਾ ਫ਼ਰੀਦਕੋਟ]

ਕੇ. ਐਲ. ਗਰਗ

# ਚੌਥਾ ਬਾਂਦਰ

ਮਹਾਤਮਾ ਦੀ ਮੌਤ ਤੋਂ ਬਾਦ ਡੇਰੇ ਦੇ ਤਿੰਨੇ ਬਾਂਦਰ ਬੀਮਾਰ ਤੇ ਉਦਾਸ ਰਹਿਣ ਲੱਗ ਪਏ ਸਨ ਤੇ ਡੇਰਾ ਦੁਸ਼ਮਣ ਦੇ ਹਮਲੇ ਸਮੇਂ ਸਰਹੱਦ 'ਤੇ ਖਾਲੀ ਹੋਏ ਪਿੰਡ ਵਾਂਗ ਉੱਜੜਿਆ ਵੀਰਾਨ ਖੰਡਹਰ ਬਣ ਗਿਆ ਸੀ। ਮਹਾਤਮਾ ਦੇ ਜਿਉਂਦਿਆਂ ਇਹੀ ਡੇਰਾ ਸ਼ਰਧਾਲੂਆਂ ਦੇ ਆਉਣ ਜਾਣ ਕਰਕੇ ਛਪਾਰ ਦਾ ਮੇਲਾ ਬਣਿਆ ਰਹਿੰਦਾ ਸੀ ਪਰ ਉਸ ਦੀ ਮੌਤ ਤੋਂ ਅਗਲੇ ਦਿਨ ਹੀ ਸਾਰੇ ਸ਼ਰਧਾਲੂ ਰਾਜਧਾਨੀ ਚਲੇ ਗਏ ਸਨ। ਰਾਤੋ-ਰਾਤ ਉਹਨਾਂ ਦੇ ਚਿਹਰੇ ਜੰਗਲੀ ਲੂੰਬੜਾਂ ਵਰਗੇ ਤੇ ਪੰਜੇ ਗਿਰਝਾਂ ਵਾਂਗ ਤਿੱਖੇ ਹੋ ਗਏ ਸਨ। ਗੁਆਂਢੀ ਦੇਸ਼ ਦੇ ਲਾਲ ਰੰਗ ਨੂੰ ਬਲੀਚ ਕਰਕੇ ਉਹਨਾਂ ਸਫ਼ੇਦ ਕਰ ਲਿਆ ਸੀ। ਘੁੱਗੀ ਵਰਗਾ ਸ਼ੀਲ ਤੇ ਸਾਊ ਪਾਰਟੀ ਚਿੰਨ੍ਹ ਬਣਾ ਸਦਾ ਲਈ ਸਿੰਘਾਸਨ ਨਾਲ ਚਿਪਕ ਗਏ ਸਨ। ਪਰ ਡੇਰੇ 'ਚ ਹੁਣ ਦਿਨੇ ਹਾੜ ਬੋਲਦਾ ਸੀ ਤੇ ਰਾਤੀ ਭੂਤਨੇ ਨੱਚਦੇ ਸਨ। ਨਿਪੱਤਰੇ ਰੁੱਖਾਂ 'ਤੇ ਬੈਠ ਕੇ ਵਰਲਾਪ ਕਰਦੇ ਕਾਵਾਂ ਦੀਆਂ ਬਿੱਠਾਂ ਤੋਂ ਸਿਵਾ ਹੋਰ ਕੁਝ ਵੀ ਹੁਣ ਉੱਥੇ ਦਿਖਾਈ ਨਹੀਂ ਸੀ ਦਿੰਦਾ। ਸਾਰਾ ਸਾਰਾ ਦਿਨ ਛੱਤਾਂ ਦੇ ਖੂੰਜਿਆਂ 'ਚ ਚਾਮਚੜਿੱਕਾਂ ਤੇ ਕੰਧਾਂ ਦੀਆਂ ਖੁੱਡਾਂ 'ਚ ਬੈਠੇ ਉੱਲੂ ਅੱਖਾਂ ਝਪਕਦੇ ਰਹਿੰਦੇ ਸਨ।

ਪਰ ਮਹਾਤਮਾ ਦੇ ਤਿੰਨੇ ਬਾਂਦਰ ਭੁੱਖ ਤੇ ਬੀਮਾਰੀ ਦਾ ਸ਼ਿਕਾਰ ਹੋਏ ਮੁਰਦਾਰਾਂ ਵਾਂਗ ਭੁੰਜੇ ਜ਼ਮੀਨ 'ਤੇ ਸਿਰ ਸਿੱਟੀ ਪਏ ਰਹਿੰਦੇ। ਉਹਨਾਂ ਦੀਆਂ ਯਰਕਾਨ ਮਾਰੀਆਂ ਉਦਾਸ ਅੱਖਾਂ 'ਚ ਹਮੇਸ਼ਾਂ ਸੈਂਕੜੇ ਪੱਤਝੜਾਂ ਉਤਰੀਆਂ ਰਹਿੰਦੀਆਂ। ਉਹ ਹਮੇਸ਼ਾਂ ਇਸ ਆਸ ਨਾਲ ਡੇਰੇ ਦੇ ਵੱਡੇ ਗੇਟ 'ਤੇ ਟਿਕਟਿਕੀ ਲਾਈ ਰੱਖਦੇ ਕਿ ਸ਼ਾਇਦ ਕਦੇ ਮਹਾਤਮਾ ਦਾ ਕੋਈ ਪਰਮ ਭਗਤ ਸ਼ਰਧਾਲੂ ਉਹਨਾਂ ਦੀ ਜਾਂ ਡੇਰੇ ਦੀ ਸਾਰ ਲੈਣ ਆ ਹੀ ਵੜੇ। ਪਰ ਵੱਡੀ ਸੜਕ ਨੇ ਤਾਂ ਡੇਰੇ ਨੂੰ ਆਉਣ ਵਾਲੀ ਪਗਡੰਡੀ ਤੋਂ ਕਦ ਦਾ ਆਪਣਾ ਰਿਸ਼ਤਾ ਤੋੜ ਲਿਆ ਸੀ ਕਿਉਂਕਿ ਗਰੈਂਡ ਸੜਕ ਬਾਰੌਣਕ ਤੇ ਰੰਗੀਨ ਰਾਜਧਾਨੀ ਨੂੰ ਅਤੇ ਪਗਡੰਡੀ ਬੇਰੌਣਕ ਤੇ ਉਜਾੜ ਡੇਰੇ ਵੱਲੀਂ ਜਾਂਦੀ ਸੀ। ਹੁਣ ਤਾਂ ਡੇਰੇ ਦੀ ਡੰਡੀ 'ਤੇ ਪਈਆਂ ਵੱਡੇ ਵੱਡੇ ਮਹਾਂ-ਪੁਰਸ਼ਾਂ ਦੀਆਂ ਪੈੜਾਂ ਵੀ ਕਦ ਦੀਆਂ ਮਿੱਟੀ ਦਰ ਮਿੱਟੀ ਹੋ ਗਈਆਂ ਸਨ।

ਜਦ ਕਦੀ ਵਰ੍ਹਿਆਂ ਬਾਦ ਮਹਾਤਮਾ ਦਾ ਜਨਮ ਜਾਂ ਸ਼ਹੀਦੀ ਦਿਨ ਸਰਕਾਰੀ ਪੱਧਰ 'ਤੇ ਮਨਾਉਣ ਦੀ ਵਿਉਂਤ ਬਣਦੀ ਤਾਂ ਕੋਈ ਨਾ ਕੋਈ ਵੱਡਾ ਨੇਤਾ ਕਸਬੇ ਦੇ ਬਾਗਾਂ 'ਚੋਂ 'ਕੱਠੇ ਕੀਤੇ ਕਈ ਕਿਸਮ ਦੇ ਖੁਸ਼ਬੂਦਾਰ ਫੁੱਲਾਂ ਦੇ ਹਾਰਾਂ ਨਾਲ ਲੱਦਿਆ ਤੇ ਆਪਣੀ ਨਿੱਜੀ ਸੈਨਾਂ 'ਚ ਪੋਰਾ ਪੋਰਾ ਘਿਰਿਆ ਡੇਰੇ 'ਚ ਆਪਣੇ ਪਵਿੱਤਰ ਚਰਨ-ਕਮਲ ਪਾਉਂਦਾ। ਉਸ ਵੇਲੇ ਉਹ ਆਪਣਾ ਬਿੱਲੇ ਵਰਗਾ ਚਿਹਰਾ ਉਤਾਰ ਗਊ ਦੇ ਵੱਛੇ ਵਾਂਗ ਸ਼ੀਲ ਬਣ ਜਾਂਦਾ

ਤੇ ਆਪਣੇ ਤਿੱਖੇ ਪੰਜਿਆਂ ਨੂੰ ਪੈਂਟ ਦੀ ਜੇਬ 'ਚ ਲੁਕੋ ਲੈਂਦਾ। ਉਹਦੇ ਪਿੱਛੇ ਪਿੱਛੇ ਆ ਰਹੀ ਭੀੜ ਦੇ ਹੱਥਾਂ 'ਚ ਕਈ ਕਿਸਮ ਦੀਆਂ ਅਰਜ਼ੀਆਂ ਹੁੰਦੀਆਂ ਤੇ ਨੇਤਾ ਕੋਲ ਹਸਤਾਖਰਾਂ ਲਈ ਇਮਪੋਰਟਿਡ ਪੈੱਨ। ਉਹ ਆਪਣੇ ਲੱਛੇਦਾਰ ਭਾਸ਼ਣ 'ਚ ਮਹਾਤਮਾ ਦੀ ਰੱਜ ਕੇ ਤਾਰੀਫ਼ ਕਰਦਾ ਤੇ ਉਹਦੀ ਕੁਰਬਾਨੀ 'ਤੇ ਲੱਖ ਲੱਖ ਹੰਝੂ (ਮਗਰਮੱਛ ਦੇ) ਵਹਾਉਂਦਾ। ਤਿੰਨਾਂ ਬਾਂਦਰਾਂ ਦੀ ਨਿੱਘਰਦੀ ਸਿਹਤ ਨੂੰ ਕੌਮੀ ਸਮੱਸਿਆ ਦੱਸਦਾ ਤੇ ਉਹਨਾਂ ਨੂੰ ਕੋਈ ਸਰਕਾਰੀ ਗ੍ਰਾਂਟ ਦੁਆਉਣ ਦਾ ਲਾਰਾ ਲਾ ਕੇ ਆਪਣੇ ਅਮਲੇ ਸਮੇਤ ਡੰਡੀ ਦੀ ਧੂੜ ਉਡਾਉਂਦਾ ਤਿੱਤਰ ਹੋ ਜਾਂਦਾ ਤੇ ਫਿਰ ਕਈ ਕਈ ਸਾਲ ਉਹੀ ਇਕੱਲ, ਉਹੀ ਉਜਾੜ, ਝੁੱਗੀਆਂ ਦੇ ਛੱਪਰਾਂ 'ਚੋਂ ਝੜ ਝੜ ਪੈਂਦੀ ਮਿੱਟੀ, ਕਾਵਾਂ ਦੀ ਕਾਂ ਕਾਂ, ਉੱਲੂਆਂ ਦੀ ਭਿਅੰਕਰ ਡਰਾਉਣੀ ਆਵਾਜ਼, ਭੈ-ਭੀਤ ਚੌਗਿਰਦਾ, ਅਜਗਰ ਵਰਗਾ ਨ੍ਹੇਰਾ, ਭੁੱਖ, ਮੰਦਹਾਲੀ, ਉਦਾਸੀ, ਬੀਮਾਰੀ ਤੇ ਇਹਨਾਂ ਸਾਰੀਆਂ ਪੱਤਝੜਾਂ ਨਾਲ ਲੜਦੇ ਬਾਂਦਰ ਹੀ ਰਹਿ ਜਾਂਦੇ।

ਕਈ ਵਾਰੀ ਜਦ ਉਹ ਬਹੁਤ ਹੀ ਜ਼ਿਆਦਾ ਔਖੇ ਤੇ ਦੁਖੀ ਹੁੰਦੇ ਤਾਂ ਅੱਧੀ ਅੱਧੀ ਰਾਤੀਂ ਉੱਠ ਕੇ "ਬਾਪੂ, ਬਾ...ਅ...ਪੂ...ਅ...ਅ" ਦੀਆਂ ਚੀਕਾਂ ਮਾਰਨ ਲੱਗ ਪੈਂਦੇ ਤੇ ਇਕ ਦਿਨ ਸੱਚੀ ਮੁੱਚੀ ਉਹਨਾਂ ਦੀਆਂ ਚੀਕਾਂ ਰਾਜਧਾਨੀ ਦੀਆਂ ਕੰਧਾਂ ਨਾਲ ਜਾ ਟਕਰਾਈਆਂ। ਸਿੰਘਾਸਨ 'ਤੇ ਚਿਪਕੇ ਕੁੱਝ ਚਿਹਰਿਆਂ 'ਤੇ ਪਲ ਦੀ ਪਲ ਤਣਾਉ ਉੱਭਰਿਆ, ਮੱਥਿਆਂ 'ਤੇ ਸੈਂਕੜੇ ਤਿਉੜੀਆਂ ਉੱਗ ਪਈਆਂ ਤੇ ਅੱਖਾਂ 'ਚ ਪਲ ਦੀ ਪਲ ਸੰਘਣੀ ਸੋਚ ਦੇ ਦੀਵੇ ਜਗ ਪਏ।

"ਹੁਣ ਤਾਂ ਸਾਰੇ ਦੇਸ਼ 'ਚ ਇਹ ਤਿੰਨੇ ਈ ਰਹਿ ਗੇ ਮਹਾਤਮਾ ਦੇ ਆਦਰਸ਼ਵਾਦੀ ਚੇਲੇ! ਕਿਉਂ ਨਾ..." ਤੇ ਇਕ ਸਾਜ਼ਿਸ਼ੀ ਹਵਾ ਰਾਜਧਾਨੀ ਤੋਂ ਡੇਰੇ ਵੱਲ ਵਗ ਤੁਰੀ।

ਇਕ ਮੋਟਾ ਤਾਜ਼ਾ ਬਾਂਦਰ ਵੱਡੀ ਸਾਰੀ ਕਾਰ 'ਚ ਬਹਿ ਰਾਜਧਾਨੀ ਤੋਂ ਡੇਰੇ 'ਚ ਪਹੁੰਚ ਗਿਆ। ਉਹਦੀ ਤੋਰ ਮਸਤਾਨੀ, ਅੱਖਾਂ 'ਚ ਲਾਲ ਡੋਰੇ ਤੇ ਚਿਹਰੇ 'ਤੇ ਜਲਾਲ ਸੀ। ਤਿੰਨਾਂ ਬਾਂਦਰਾਂ ਨੇ ਬੀਮਾਰੀ ਤੇ ਉਦਾਸੀ ਨਾਲ ਪੀਲੀਆਂ ਹੋਈਆਂ ਮੁਰਦਾਰ ਅੱਖਾਂ ਪੱਟ ਕੇ ਉਸ ਵੱਲ ਵੇਖਿਆ, "ਇਹ ਕਿਹੜਾ ਖੱਦਰਧਾਰੀ ਆ ਗਿਐ? ਖੱਦਰ? ਇਹ ਢਾਕੇ ਦੀ ਮਲਮਲ ਵਰਗਾ ਖੱਦਰ ਕਿਹੜੇ ਖੱਦਰ ਭੰਡਾਰ ਨੇ ਤਿਆਰ ਕੀਤੈ? ਕਮਾਲ ਐ ਬਈ ਕਮਾਲ!" ਤਿੰਨੇ ਪਲ ਦੀ ਪਲ ਸੋਚਾਂ ਦੇ ਡੂੰਘੇ ਸਮੁੰਦਰ 'ਚ ਲਹਿ ਗਏ। ਚੌਥਾ ਬਾਂਦਰ ਉਹਨਾਂ ਦੀਆਂ ਮਰੀਜ਼ਾਂ ਵਰਗੀਆਂ ਸ਼ਕਲਾਂ ਦੇਖ ਕੇ ਖੂਬ ਹੱਸਿਆ। ਤਿੰਨੇ ਬਾਂਦਰ ਉਹਦੇ ਠਹਾਕਿਆਂ ਤੋਂ ਇਉਂ ਤ੍ਰਭਕੇ ਜਿਵੇਂ ਉਹਨਾਂ ਨੂੰ ਕਿਸੇ ਬਿਜਲੀ ਦੀ ਨੰਗੀ ਤਾਰ ਨਾਲ ਨੂੜ ਦਿੱਤਾ ਹੋਵੇ।

"ਆ...ਉ...ਆ...ਉ, ਬੈਠੋ?" ਤਿੰਨਾਂ ਨੇ ਹੌਲੀ ਦੇਣੇ ਮਰੀ ਜਿਹੀ ਆਵਾਜ਼ 'ਚ ਕਿਹਾ।

"ਬੈਠਾਂ ਕਿੱਥੇ...? ਕੋਈ ਕੁਰਸੀ ਕਰਸੀ ਤਾਂ ਲਿਆਉ...?" ਚੌਥੇ ਨੇ ਧੌਣ ਅਕੜਾ ਕੇ ਕਿਹਾ।

"ਇਹ ਤਾਂ ਮ੍ਹਾਤਮਾ ਦਾ ਡੇਰਾ ਐ, ਸੋਟੀ ਲੰਗੋਟੀ ਆਲੇ ਦਾ...ਇੱਥੇ ਕੁਰਸੀਆਂ?"

"ਕੁਰਸੀ ਬਿਨਾਂ ਹੋਰ ਕਿਤੇ ਬਹਿਣ ਦੀ ਤਾਂ ਹੁਣ ਆਦਤ ਈ ਨੀ ਰਹੀ...ਨਾਲੇ

ਭੁੰਜੇ ਬਹਿ ਕੇ ਹਜ਼ਾਰ ਦਾ ਸੂਟ...ਚਲੋ ਖੜ੍ਹੇ ਖੜ੍ਹੇ ਈ...।" ਚੌਥੇ ਨੇ ਮੋਢੇ ਤੋਂ ਹਲਕੀ ਜਿਹੀ ਗਰਦ ਝਾੜਦੇ ਹੋਏ ਕਿਹਾ।

"ਚਾਹ...?" ਤਿੰਨਾਂ ਨੇ ਹਉਕਾ ਜਿਹਾ ਲੈ ਕੇ ਕਿਹਾ।

"ਮੱਖਣ, ਪੇਸਟਰੀ, ਕਾਜੂਆਂ ਤੇ ਬਦਾਮਾਂ ਬਿਨਾਂ ਚਾਹ ਮੈਨੂੰ ਖੁਸ਼ਕੀ ਕਰਦੀ ਐ...।"

"ਇਹ ਕਿਹੜੀਆਂ ਚੀਜ਼ਾਂ ਹੋਈਆਂ?"

"ਇਹ ਵੀ ਨੀ ਜਾਣਦੇ? ਓ ਹੋ! ਥੋਡੇ ਨੀ ਅਜੇ ਸਮਝ ਆ ਸਕਦੀਆਂ ਇਹ ਚੀਜ਼ਾਂ। ਰਾਜਧਾਨੀ ਚੱਲ ਕੇ ਸਭ ਸਮਝ ਜਾਉਗੇ। ਉਫ਼! ਇੱਥੇ ਗਰਮੀ।"

"ਕਿਮੇਂ...???"

"ਮੈਂ ਵੀ ਕਿਸੇ ਵੇਲੇ ਥੋਡੇ ਵਾਂਗ ਡੇਰੇ 'ਚ ਰਾਮ ਰਾਮ ਰਟਿਆ ਕਰਦਾ ਸਾਂ ਪਰ ਕੱਲੇ ਰਾਮ ਰਾਮ ਨਾਲ ਢਿੱਡ ਤਾਂ ਨੀ ਨਾ ਭਰਦਾ ਤੇ ਮੈਂ ਰਾਜਧਾਨੀ ਚਲਿਆ ਗਿਆ। ਮੈਂ ਥੋਨੂੰ ਵੀ ਉੱਥੇ ਈ ਲੈ ਜਾਣ ਲਈ ਆਇਆਂ। ਉਫ਼! ਗਰਮੀ ਨਾਲ ਤਾਂ...ਤੁਸੀਂ ਏਅਰ ਕੰਡੀਸ਼ਨਰ ਕਿਉਂ ਨੀ ਲੁਆ ਲੈਂਦੇ?"

"ਏ...ਰ...ਕੰਡੀ...??" ਤਿੰਨਾਂ ਦੀ ਆਵਾਜ਼ ਪਾਟ ਗਈ ਤੇ ਉਹ ਮੂਰਖਾਂ ਵਾਂਗ ਇਕ ਦੂਜੇ ਦੇ ਮੂੰਹ ਵੱਲ ਵੇਖਣ ਲੱਗ ਪਏ।

ਚੌਥਾ ਬਾਂਦਰ ਫਿਰ ਠਹਾਕਾ ਮਾਰ ਕੇ ਹੱਸਿਆ।

ਥੋਨੂੰ ਇਹਨਾਂ ਚੀਜ਼ਾਂ ਦੀ ਸੱਤ ਜਨਮਾਂ 'ਚ ਸਮਝ ਨੀ ਆ ਸਕਦੀ। ਤਦੇ ਤਾਂ ਕਹਿ ਰਿਹਾਂ ਰਾਜਧਾਨੀ ਚੱਲੋ! ਇਥੇ ਵੀ ਤੁਸੀਂ ਕੀ...?"

"ਮਹਾਤਮਾ ਦਾ ਆਦਰਸ਼...? ਡੇਰੇ ਦੀ ਦੇਖ ਭਾਲ?"

"ਆਦਰਸ਼? ਮੁਾਤਮਾ ਦੇ ਆਦਰਸ਼ਾਂ ਨੂੰ ਹੁਣ ਪੁੱਛਦਾ ਈ ਕੌਣ ਐ...ਥੋਦੇ...ਰਸ-ਹੀਨ, ਮੁਰਦੇ...। ਓ ਹੋ! ਇੱਥੇ ਤਾਂ ਜਿਮੇਂ ਭੱਠੀ ਸੁਲਗ ਰਹੀ ਹੋਵੇ...ਬਦਬੂ...?" ਚੌਥੇ ਨੇ ਨੱਕ 'ਤੇ ਰੁਮਾਲ ਰਖਦੇ ਹੋਏ ਕਿਹਾ।

"ਅਸੀਂ ਤਾਂ ਪੁੱਛਦੇ ਆਂ ਨਾ ਉਹਦੇ ਆਦਰਸ਼ਾਂ ਨੂੰ...।" ਤਿੰਨਾਂ ਨੇ ਸਾਹ ਜਿਹਾ ਰੋਕ ਕੇ, ਹਉਕਾ ਭਰਦਿਆਂ ਆਖਿਆ।

"ਤਦੇ ਹੁਣ ਥੋਨੂੰ ਕੋਈ ਨੀ ਪੁੱਛਦਾ.. ਚਲੋ ਛੱਡੋ ਇਸ ਬਹਿਸ ਨੂੰ...ਰਾਜਧਾਨੀ ਲਈ ਤਿਆਰ ਹੋ ਜਾਉ। ਜ਼ਰਾ ਘੁੰਮੋ ਗੇ ਤਾਂ ਤਾਜ਼ਾ ਦਮ ਹੋ ਜਾਉਗੇ। ਡੇਰੇ ਦੇ ਨ੍ਹੇਰੇ 'ਚੋਂ ਬਾਹਰ ਨਿਕਲ ਕੇ ਦੇਖੋ ਤਾਂ ਸਹੀ ਦੁਨੀਆਂ ਕਿੰਨੀ ਰੰਗੀਨ ਐ।"

ਤੇ ਚਾਰੇ ਬਾਂਦਰ ਰਾਜਧਾਨੀ ਲਈ ਰਵਾਨਾ ਹੋ ਗਏ।

ਰਾਜਧਾਨੀ ਦੀਆਂ ਆਕਾਸ਼ ਚੁੰਮਦੀਆਂ ਇਮਾਰਤਾਂ, ਜਹਾਜ਼ਾਂ ਵਰਗੀਆਂ ਕਾਰਾਂ ਤੇ ਫੈਸ਼ਨ ਦੇ ਅਜੀਬੋ ਗਰੀਬ ਰੰਗ ਤਮਾਸ਼ੇ ਦੇਖ ਡੇਰੇ ਦੇ ਬਾਂਦਰਾਂ ਦੀਆਂ ਮੁਰਦਾਰ ਅੱਖਾਂ 'ਚ ਜਿਵੇਂ ਹਜ਼ਾਰ ਹਜ਼ਾਰ ਪਾਵਰ ਦੇ ਬਲਬ ਜਗ ਪਏ ਹੋਣ।

"ਇਹ ਮਹਾਤਮਾ ਦੇ ਸੁਫਨਿਆਂ ਦਾ ਸ਼ਹਿਰ ਐ?" ਤਿੰਨਾਂ ਨੇ ਤ੍ਰਭਕ ਕੇ ਕਿਹਾ।

"ਸ਼ੁਕਰ ਐ ਮੁਾਤਮਾ ਪਹਿਲਾਂ ਹੀ ਚਾਲੇ ਪਾ ਗਿਆ ਨਹੀਂ ਤਾਂ ਉਹਨੇ ਸਾਰੇ ਖੂਬ-ਸੂਰਤ ਸ਼ਹਿਰਾਂ ਨੂੰ ਟੁੱਟੇ ਫੁੱਟੇ ਪਿੰਡ ਬਣਾ ਕੇ ਛੱਡਣਾ ਸੀ।" ਕਹਿ ਕੇ ਚੌਥੇ ਨੇ ਆਪਣੀ ਪੈਂਟ

ਦੀ ਜੇਬ 'ਚ ਸੱਜਾ ਹੱਥ ਤੁੰਨ ਲਿਆ।

ਰਾਜਧਾਨੀ 'ਚ ਆਖਰਾਂ ਦੀ ਭੀੜ ਸੀ। ਪਰ ਭੀੜ 'ਚ ਖੜ੍ਹੇ ਲੋਕਾਂ ਦੇ ਢਿੱਡ ਗਾਇਬ ਸਨ।

"ਇਹਨਾਂ ਦੇ ਢਿੱਡ ?"

"ਅਸੀਂ ਦੇਸ਼ 'ਚ ਭੁੱਖ ਸੰਕਟ ਨੂੰ ਦੇਖਦਿਆਂ ਇਹਨਾਂ ਦੇ ਢਿੱਡ ਲੁਹਾ ਦਿੱਤੇ ਨੇ। ਅੱਗੇ ਭੁੱਖ ਕਰਕੇ ਇਹ ਲੋਕ ਬਹੁਤ ਰੌਲਾ ਪਾਇਆ ਕਰਦੇ ਸਨ ਪਰ ਹੁਣ ਤਾਂ ਭੁੱਖ ਦੀ ਸਮੱਸਿਆ ਹੀ ਹੱਲ ਹੋ ਗਈ ਐ...ਨਾ ਰਿਹਾ ਬਾਂਸ ਨਾ ਬੱਜੇ ਗੀ ਬੰਸਰੀ...।" ਚੌਥੇ ਨੇ ਹੱਥ 'ਚ ਫੜੀ ਸਿਗਰਟ ਦਾ ਸੂਟਾ ਖਿੱਚਦੇ ਹੋਏ ਕਿਹਾ।

ਕੋਈ ਕੋਈ, ਟਾਵਾਂ ਟਾਵਾਂ ਬੰਦਾ ਅਜਿਹਾ ਵੀ ਦਿਖਾਈ ਦੇ ਰਿਹਾ ਸੀ ਜਿਸਦੇ ਅਨ-ਗਿਣਤ ਢਿੱਡ ਲੱਗੇ ਹੋਏ ਸਨ।

"ਇਹ ਬਹੁਤੇ ਢਿੱਡਾਂ ਵਾਲੇ ਬੰਦੇ...?"

"ਦੇਸ਼ ਦਾ ਸਭ ਕੁਝ ਇੱਥੋਂ ਤੱਕ ਕਿ ਅਨਾਜ, ਕਪਾਹ, ਸੀਮਿੰਟ, ਲੋਹਾ, ਘੀ, ਖੰਡ, ਕੋਲਾ ਖਾ ਕੇ ਵੀ ਇਹਨਾਂ ਦੀ ਭੁੱਖ ਨੀ ਮਿੱਟਦੀ। ਹਾਜ਼ਮਾ ਜੁ ਤੇਜ਼ ਹੋ ਗਿਐ। ਇਸ ਲਈ ਬਾਕੀ ਸਾਰੀ ਜਨਤਾ ਦੇ ਢਿੱਡ ਇਹਨਾਂ ਅੱਠ ਨੌਂ ਬੰਦਿਆਂ ਨੂੰ ਦੇ ਦਿੱਤੇ ਗਏ ਨੇ। ਹੈ ਨਾ ਪੂਰਾ ਕੌਮਨਿਜ਼ਮ ? ਹਰ ਇਕ ਨੂੰ ਲੋੜ ਅਨੁਸਾਰ।" ਚੌਥੇ ਨੇ ਅੱਖਾਂ ਮਟਕਾਉਂਦਿਆਂ ਦੱਸਿਆ।

ਲੋਕਾਂ ਦੇ ਕੱਦ ਬੌਨੇ ਹੋ ਗਏ ਸਨ। ਹਰ ਇਕ ਦੀਆਂ ਅੱਖਾਂ 'ਚ ਗਿਰਗਟ ਦਾ ਆਲ੍ਹਣਾ ਤੇ ਹੱਥਾਂ 'ਚ ਬਲੇਡ ਫੜ੍ਹਿਆ ਹੋਇਆ ਸੀ।

"ਇਹਨਾਂ ਦੇ ਕੱਦ...ਬਲੇਡ...?"

"ਅਸੀਂ ਕਾਫ਼ੀ ਜੱਦੋਜਹਿਦ ਪਿਛੋਂ ਇਕ ਨਵੀਂ ਨਸਲ ਤਿਆਰ ਕੀਤੀ ਐ ਜੋ ਇਕ ਦੂਜੇ ਨੂੰ ਮੁੰਨਣ 'ਚ ਕਾਫ਼ੀ ਹੁਸ਼ਿਆਰ ਐ, ਮਤਲਬੀ ਤੇ ਗਿਰਗਟ ਵਾਂਗ ਰੰਗ ਬਦਲਨ ਵਾਲੀ !...।" ਤੇ ਚੌਥਾ ਫਿਰ ਠਹਾਕਾ ਮਾਰ ਕੇ ਹੱਸ ਪਿਆ।

ਰਾਜਧਾਨੀ ਦੀ ਹਰ ਨੁੱਕਰੋਂ ਚੀਕਾਂ, ਸ਼ੋਰ, ਹੌਕੇ ਅਤੇ ਹਿਚਕੀਆਂ ਦੀਆਂ ਰਲਵੀਆਂ ਮਿਲਵੀਆਂ ਆਵਾਜ਼ਾਂ ਆ ਰਹੀਆਂ ਸਨ।

"ਇਹ ਕਿਹਾ ਸ਼ੋਰ ਐ ?"

"ਇਹ ਮਹਾਂਨਗਰ ਦਾ ਸੰਗੀਤ ਐ। ਤੁਹਾਨੂੰ 'ਰਘੂਪਤੀ ਰਾਘਵ ਰਾਜਾ ਰਾਮ' ਰਟਣ ਵਾਲਿਆਂ ਨੂੰ ਇਹ ਅਜੇ ਸਮਝ ਨਹੀਂ ਆ ਸਕਦਾ।" ਚੌਥੇ ਨੇ ਬਲਦੀ ਹੋਈ ਸਿਗਰਟ ਦਾ ਟੋਟਾ ਭੀੜ ਦੇ ਪੈਰਾਂ 'ਚ ਸੁੱਟਦਿਆਂ ਕਿਹਾ।

ਰਾਜਧਾਨੀ 'ਚ ਨੰਗ ਮੁਨੰਗੀਆਂ ਔਰਤਾਂ ਦੀ ਸੌਦੇਬਾਜ਼ੀ ਚੱਲ ਰਹੀ ਸੀ ਜਿਹਨਾਂ ਦੇ ਚਿਹਰੇ ਅਤੇ ਛਾਤੀਆਂ 'ਤੇ ਨਹੁੰਦਰਾਂ ਦੇ ਜ਼ਖ਼ਮ ਹੋਏ ਹੋਏ ਸਨ। ਬੱਚਿਆਂ ਦਾ ਲਹੂ ਸਰਿਜਾਂ ਨਾਲ ਕੱਢ ਕੇ ਬੋਤਲਾਂ 'ਚ ਭਰਿਆ ਜਾ ਰਿਹਾ ਸੀ। ਚੀਜ਼ਾਂ ਤੋਂ ਬਗੈਰ ਹੀ ਕਰੋੜਾਂ ਦੇ ਲੈਣ ਦੇਣ ਹੋ ਰਹੇ ਸਨ। ਤਿੰਨੇ ਦੇਖਦੇ ਤਾਂ ਕੋਈ ਅੱਖਾਂ 'ਤੇ ਹੱਥ ਧਰ ਲੈਂਦਾ, ਕੋਈ ਮੂੰਹ 'ਤੇ ਅਤੇ ਕੋਈ ਕੰਨਾਂ 'ਚ ਉਂਗਲੀਆਂ ਦੇ ਲੈਂਦਾ।

ਤੁਰਦੇ ਫਿਰਦੇ ਉਹ ਇਕ ਵੱਡੇ ਸਾਰੇ ਭਵਨ ਮੂਹਰੇ ਜਾ ਖਲੋਤੇ। ਚੌਥੇ ਨੂੰ ਬਾਹਰ ਖੜ੍ਹੇ ਦਰਬਾਨ ਨੇ ਖਿੱਚ ਕੇ ਸਲੂਟ ਮਾਰਿਆ ਤੇ ਚਾਰੇ ਅੰਦਰ ਲੰਘ ਗਏ।

"ਇਹ ਮਕਾਨ ਐ ਕਿ ਸ਼ੀਸ਼ ਮਹਿਲ ?"

"ਇਕੀ 'ਕੱਲਾ ਨੀ ਉਹਦਾ, ਇਹੋ ਜਿਹੇ ਦਰਜਨਾਂ ਹੋਰ ਨੇ...।" ਚੌਥੇ ਨੇ ਹੱਸ ਕੇ ਕਿਹਾ।

"ਹੈਂ...? ਹੈਂ...?" ਤਿੰਨਾਂ ਨੂੰ ਜਿਵੇਂ ਬੇਹੋਸ਼ੀ ਆ ਗਈ ਹੋਵੇ।

ਅੰਦਰ ਕੋਈ ਮਹਿਫਲ ਚੱਲ ਰਹੀ ਸੀ। ਇਕ ਕਸੇ ਅਤੇ ਤਣੇ ਹੋਏ ਚਿਹਰੇ ਵਾਲਾ ਲੂੰਬੜ ਜਿਹਾ ਬੰਦਾ ਅੱਖਾਂ 'ਚੋਂ ਚੰਗਿਆੜੇ ਛੱਡ ਰਿਹਾ ਸੀ।

"ਇਹ ਤਾਂ ਕਿਤੇ...?" ਤਿੰਨੇ ਆਪਣੇ ਆਪਣੇ ਦਿਮਾਗ 'ਤੇ ਜ਼ੋਰ ਦੇਣ ਲੱਗੇ।

"ਉਇ, ਇਹ ਤਾਂ ਘਾਮੈਂ...।" ਅਚਾਨਕ ਇਕ ਨੇ ਕਿਹਾ।

"ਉਹੀ ਸੁਕੜੂ ਘਾਮਾ ? ਹੁਣ ਤਾਂ ਆਏਂ ਲੱਗਦੈ ਜਿਵੇਂ ਡਨਲੱਪ ਦੇ ਪੰਪ ਨਾਲ ਫੂਕ ਭਰੀ ਹੋਈ ਹੋਵੇ। ਇਹ ਤਾਂ ਮਹਾਤਮਾ ਦੇ ਸਭ ਤੋਂ ਵਧੀਆ ਚੇਲਿਆਂ 'ਚੋਂ ਹੁੰਦਾ ਸੀ। ਦੇਸ਼ 'ਚੋਂ ਗਰੀਬੀ ਦੀ ਜੜ੍ਹ ਮੁਕਾਉਣ ਦਾ ਨਾਹਰਾ ਲਾਉਣ ਵਾਲਾ ਫੱਕਰ।"

"ਅੱਜ ਕੱਲ ਇਹ ਲੋਹੇ ਦਾ ਵਪਾਰੀ ਬਣ ਗਿਐ। ਕੋਟੇ, ਪਰਮਿਟਾਂ ਤੇ ਲੋਹਾ ਖਾਂਦੈ, ਲੋਹਾ ਪਹਿਨਦੈ ਤੇ ਲੋਹਾ ਈ ਪੀਂਦੈ ?" f ਦਿਖਦਾ ਨੀ ਕਿਮੇਂ ਲੋਹੇ ਅਰਗੀ ਸ਼ਕਲੀ ਹੋ ਗੀ ਐ..।"

"ਲੋਹਾ ਵੀ ਖਾਧਾ ਜਾ ਸਕਦੈ ?" ਤਿੰਨਾਂ 'ਚੋਂ ਇਕ ਨੇ ਪੁੱਛਿਆ।

"ਮ੍ਹਾਤਮਾ ਦੀ ਮੌਤ ਤੋਂ ਬਾਦ ਕੀ ਕੁਸ਼ ਨੀ ਖਾਧਾ ਜਾਣ ਲੱਗਾ ? ਲੋਹਾ, ਕੋਲਾ, ਸੀਮਿੰਟ, ਸਟੀਲ ਪਲਾਂਟ, ਥਰਮਲ ਪਲਾਂਟ, ਡੈਮ ਤੇ...ਤੇ—।" ਚੌਥੇ ਨੇ ਫਿਰ ਦਿਲ ਕੰਬਾਊ ਠਹਾਕਾ ਮਾਰਿਆ।

ਘਾਮੇ ਨੇ ਚਾਰਾਂ ਲਈ ਵਿਸਕੀ ਦੇ ਗਲਾਸ ਮੰਗਵਾਏ। ਚੌਥੇ ਨੇ ਤਾਂ ਖੜੇ ਖੜੇ ਈ ਆਪਣਾ ਪੈੱਗ ਅੰਦਰ ਸਿੱਟ ਲਿਆ ਪਰ ਤਿੰਨਾਂ ਨੇ ਨਾਂਹ 'ਚ ਸਿਰ ਹਿਲਾ ਦਿੱਤੇ।

"ਨਸ਼ਾ ਤਾਂ ਪਾਪ ਐ...ਮਹਾਤਮਾ ਕਿਹਾ ਕਰਦਾ ਸੀ...?" ਤਿੰਨੇ ਬੋਲੇ।

"ਕਿਹੜਾ ਪਾਪ ਉਇ...ਮ੍ਹਾਤਮਾ ਨੂੰ ਪੰਜ ਸੌ ਸਾਲ ਪਹਿਲਾਂ ਜੰਮਣਾ ਚਾਹੀਦਾ ਸੀ ਇਹੋ ਜੇ ਫਜ਼ੂਲ ਆਦਰਸ਼ ਕਾਇਮ ਕਰਨ ਲਈ। ਰਾਕੇਟ ਦੇ ਯੁੱਗ 'ਚ ਮ੍ਹਾਤਮਾ ਨੂੰ ਹੁਣ ਕੋਈ ਖੋਟੀ ਪੋਲੀ ਪਿੱਛੇ ਨੀ ਪੁੱਛਦਾ।" ਘਾਮੇ ਨੇ ਆਪਣਾ ਪੈੱਗ ਅੰਦਰ ਸੁੱਟਦਿਆਂ ਕਿਹਾ। ਉਸ ਦੀਆਂ ਅੱਖਾਂ 'ਚੋਂ ਫਿਰ ਚਿੰਗਾਰੀਆਂ ਉੱਗਣ ਲੱਗ ਪਈਆਂ ਸਨ।

"ਫਲਾਣਾ ਆਪਣਾ ਦੁਸ਼ਮਣ ਨੰਬਰ ਇਕ ਐ...।"

"ਢੀਕਣਾ ਆਪਣੇ ਬਣੇ ਬਣਾਏ ਕੰਮ 'ਚ ਲੱਤ ਅੜਾ ਰਿਹੈ...।"

"ਵੱਢ ਦਿਉ ਲੱਤਾਂ..."

"ਚੁੱਕ ਦਿਉ ਘੋਗਾ..."

"ਪਾ ਦਿਉ ਮੋਛੇ..."

ਮਹਿਫਲ ਦੀਆਂ ਗੱਲਾਂ ਸੁਣ ਸੁਣ ਤਿੰਨੇ ਹੈਰਾਨ ਪਰੇਸ਼ਾਨ ਹੋ ਗਏ।

ਨਸ਼ਾ...ਅਹਿੰਸਾ...। ਚਲੋ ਇੱਥੋਂ ਚੱਲੀਏ...।' ਤੇ ਤਿੰਨੇ ਚੋਥੇ ਨੂੰ ਇਸ਼ਾਰਾ ਕਰ ਕੇ ਤੁਰ ਪਏ ।

ਮਹਿਫ਼ਲ ਦੇ ਠਹਾਕੇ ਕਿੰਨੀ ਦੇਰ ਤੱਕ ਉਹਨਾਂ ਦੀਆਂ ਪਿੱਠਾਂ 'ਚ ਬੱਜਦੇ ਰਹੇ ।

ਫਿਰ ਉਹ ਤੇਜ਼ ਚਾਲ ਸਿੰਘ ਕੋਲ ਗਏ । ਇਹ ਉਹੀ ਸੀ ਜੋ ਮਹਾਤਮਾ ਨਾਲ ਪਿੰਡ ਪਿੰਡ ਪੈਦਲ ਜਾਇਆ ਕਰਦਾ ਸੀ ਪਰ ਹੁਣ ਉਸ ਪਿੰਡ ਪਿੰਡ, ਸ਼ਹਿਰ ਸ਼ਹਿਰ ਜਾਣ ਦੇ ਪਰਮਿਟ ਲੈ ਲਏ ਸਨ ਤੇ ਹੁਣ ਉਸਦੀ ਸ਼ਕਲ ਵੀ ਸ਼ਿਕਾਰੀ ਬਿੱਲੇ ਨਾਲ ਮਿਲਣ ਲੱਗ ਪਈ ਸੀ । ਅੱਖਾਂ 'ਚੋਂ ਲਹੂ ਚੋਅ ਰਿਹਾ ਸੀ । ਉਹਦੇ ਘਰ ਬੈਠੇ ਬੰਦੇ ਵੀ ਕਈ ਤਰ੍ਹਾਂ ਦੀਆਂ ਗੱਲਾਂ ਕਰ ਰਹੇ ਸਨ । ਕਿਸੇ ਕੱਚੀ ਉਮਰ ਦੀ ਕੁੜੀ ਨੂੰ ਫਲਾਣੇ ਮੰਤਰੀ ਕੋਲ ਪੇਸ਼ ਕਰਨ ਦੀਆਂ, ਕਿਸੇ ਵਿਰੋਧੀ ਧਿਰ ਵਾਲੇ ਉਤੋਂ ਦੀ ਬੱਸ ਲੰਘਾ ਦੇਣ ਦੀਆਂ, ਢੀਕਣੇ ਅਫ਼ਸਰ ਨੂੰ ਮੁੱਲ ਲੈਣ ਦੀਆਂ ।

"ਅਹਿੰਸਾ ਪਰਮੋ ਧਰਮਾ" ਕਹਿ ਤਿੰਨੇ ਉਥੋਂ ਵੀ ਖਿਸਕ ਗਏ ।

ਉਹ ਕਈ ਥਾਂਈ ਗਏ ਤੇ ਸਭ ਜਗ੍ਹਾ ਇਹੀ ਹਾਲ ਸੀ । ਸਾਰਾ ਦਿਨ ਤੁਰਦੇ ਫਿਰਦੇ ਬੁਰੀ ਤਰ੍ਹਾਂ ਥੱਕ ਚੁੱਕੇ ਸਨ । ਉਹਨਾਂ ਸਾਰਾ ਦਿਨ ਪਾਣੀ ਦੀ ਘੁੱਟ ਤੱਕ ਨਹੀਂ ਪੀਤੀ ਸੀ। ਹਲਕ ਖੁਸ਼ਕ ਹੋ ਗਿਆ ਸੀ ।

"ਕਿਤੋਂ ਪਾਣੀ ਦੀ ਘੁੱਟ...?" ਤਿੰਨਾਂ ਨੇ ਲਗਭਗ ਡਿੱਗਦੇ ਹੋਏ ਕਿਹਾ ।

"ਪਾਣੀ ! ਸ਼ਰਬਤ ਪਿਆਉਣੇਂ ਆਂ ਥੋਨੂੰ ਫ਼ਰਿਜ 'ਚ ਲੱਗਿਆ ਹੋਇਆ ।" ਤੇ ਉਹ ਨਾਲ ਦੀ ਇਮਾਰਤ 'ਚ ਚਲੇ ਗਏ । ਅੰਦਰ ਇਕ ਤਿੱਖੇ ਨੈਣ ਨਕਸ਼ਾਂ ਵਾਲੀ ਪਿਆਰੀ ਜਿਹੀ ਔਰਤ ਦੀ ਮਿੱਠੀ ਮੁਸਕਾਨ ਨੇ ਉਹਨਾਂ ਦਾ ਸਵਾਗਤ ਕੀਤਾ । ਤਿੰਨਾਂ ਦੀਆਂ ਪੀਲੀ-ਆਂ ਧਰਕਾਨ ਮਾਰੀਆਂ ਅੱਖਾਂ 'ਚ ਪਲ ਦੀ ਪਲ ਲਾਲੀ ਝਲਕ ਪਈ ।

"ਇਹਨਾਂ ਨੂੰ ਠੰਡਾ ਠਾਰ ਸ਼ਰਬਤ ਪਿਆਉ...ਸੋਮਰਸ ਵਰਗਾ...।" ਚੌਥੇ ਨੇ ਔਰਤ ਨੂੰ ਹੁਕਮੀਆਂ ਲਹਿਜੇ 'ਚ ਕਿਹਾ । ਚਾਰੇ ਇਕ ਗੋਲ ਕਮਰੇ 'ਚ ਚਲੇ ਗਏ । ਉਥੇ ਹੋਰ ਮੂਰਤਾਂ ਤੋਂ ਇਲਾਵਾ ਇਕ ਖੂੰਜੇ ਮਹਾਤਮਾ ਦੀ ਤਸਵੀਰ ਵੀ ਲੱਗੀ ਹੋਈ ਸੀ । ਤਿੰਨਾਂ ਨੇ ਪਲ ਦੀ ਪਲ ਚੋਰ ਅੱਖ ਨਾਲ ਮਹਾਤਮਾ ਦੀ ਤਸਵੀਰ ਵੱਲ ਵੇਖਿਆ ਪਰ ਫਿਰ ਉਦੋਂ ਹੀ ਸੁੱਕੇ ਪੇਪੜੀ ਜੰਮੇ ਬੁਲ੍ਹਾਂ 'ਤੇ ਵਾਰ ਵਾਰ ਜੀਭ ਫੇਰਦੇ ਹੋਏ ਔਰਤ ਅਤੇ ਸ਼ਰਬਤ ਦੋਵਾਂ ਦੀ ਬੇਸਬਰੀ ਨਾਲ ਉਡੀਕ ਕਰਨ ਲੱਗ ਪਏ । ਉਹੋ ਔਰਤ ਕਮਰੇ ਦਾ ਪਰਦਾ ਹਟਾਉਂਦੀ, ਬਲਾਊਜ਼ ਦੀਆਂ ਤਣੀਆਂ ਢਿੱਲੀਆਂ ਕਰਦੀ ਤੇ ਮੁਸਕਾਨ ਵਿਖੇਰਦੀ ਸ਼ਰਬਤ ਦੇ ਉੱਪਰ ਤੱਕ ਭਰੇ ਹੋਏ ਗਿਲਾਸ ਲੈ ਆਈ । ਪਿਆਸ ਨਾਲ ਖੁਸ਼ਕ ਹੋਏ ਗਲੇ ਤਰ ਹੋ ਗਏ । ਬੁਲ੍ਹਾਂ 'ਤੇ ਜੰਮੀ ਪੇਪੜੀ ਪਲ ਦੀ ਪਲ ਸ਼ਰਬਤ ਦੀ ਮਿਠਾਸ 'ਚ ਡੁੱਬ ਗਈ । ਔਰਤ ਦੀ ਗੁਲਾਬੀ ਮੁਸਕਰਾਹਟ ਤਿੰਨਾਂ ਦੀਆਂ ਅੱਖਾਂ 'ਚ ਤੈਰਨ ਲੱਗ ਪਈ ਸੀ । ਸ਼ਰਬਤ ਦਾ ਜਲੌ ਤਿੰਨਾਂ ਦੇ ਚਿਹਰਿਆਂ 'ਤੇ ਫੈਲਣਾ ਸ਼ੁਰੂ ਹੋ ਗਿਆ ਸੀ । ਔਰਤ ਉਹਨਾਂ ਦੇ ਨਾਲ ਸਟ ਕੇ ਸੋਫ਼ੇ 'ਤੇ ਹੀ ਬਹਿ ਗਈ ਸੀ । ਤਿੰਨੇ ਜਿਵੇਂ ਪੋਹ ਮਾਘ ਦੇ ਮਹੀਨੇ ਨਿੱਘੀ ਹੋਈ ਰਜ਼ਾਈ 'ਚ ਜਾ ਵੜੇ ਹੋਣ । ਸ਼ਰਬਤ ਦਾ ਰੰਗ ਉਘੜਨ ਲੱਗ ਪਿਆ ਸੀ। ਉਹਨਾਂ ਦੀਆਂ ਅੱਖਾਂ 'ਚ ਵਰ੍ਹਿਆਂ ਤੋਂ ਬੈਠੀ ਪਿਲੱਤਣ ਕਿਧਰੇ ਅਲੋਪ ਹੋ ਗਈ

ਸੀ। ਤਿੰਨਾਂ ਦੇ ਸਰੀਰ 'ਚ ਨਵੀਂ ਫੁਰਤੀ ਜਿਹੀ ਉੱਗ ਰਹੀ ਸੀ।

"ਮਹਾਤਮਾ ਠੀਕ ਕਹਿੰਦਾ ਸੀ ਨਸ਼ਾ ਬੁਰੀ ਚੀਜ਼ ਐ...।" ਚੌਥੇ ਨੇ ਚੁਸਕੀ ਲਈ।

"ਨਹੀਂ...ਨਹੀਂ...ਮਹਾਤਮਾ ਝੂਠ ਕਹਿੰਦਾ ਤੀ!" ਅਚਾਨਕ ਤਿੰਨਾਂ ਦੇ ਮੂੰਹੋਂ ਨਿਕਲ ਗਿਆ।

"ਇਹ ਤਾਂ ਅੰਬਰਤ ਐ ਅੰਬਰਤ...ਦਿਉਤਿਆਂ ਦੇ ਪੀਣ ਦੀ ਵਸਤ...!" ਤਿੰਨੇ ਹੁਣ ਝੂਮ ਝੂਮ ਸਿਰ ਹਿਲਾ ਰਹੇ ਸਨ।

"ਮਹਾਤਮਾ ਦਾ ਆਦਰਸ਼ ਅਹਿੰਸਾ ਪਰਮੋ ਧਰਮ ਮਹਾਨ ਸੀ!" ਚੌਥੇ ਨੇ ਔਰਤ ਵੱਲ ਵੇਖ ਅੱਖਾਂ ਮਟਕਾ ਕੇ ਕਿਹਾ।

ਤਿੰਨੇ ਹੁਣ ਪੂਰੀ ਜਲੌ 'ਚ ਆ ਗਏ ਸਨ। ਅੱਖਾਂ 'ਚ ਲਾਲ ਲਾਲ ਡੋਰੇ ਉੱਠ ਪਏ ਸਨ।

"ਐਸੀ ਤੈਸੀ...ਅਇੰਸਾ...ਧਮੋ ਧ...ਮਾਂ ਦੀ...!" ਤੇ ਤਿੰਨਾਂ ਨੇ ਆਪਣੇ ਖਾਲੀ ਗਿਲਾਸ ਚੁੱਕ ਕੇ ਮਹਾਤਮਾ ਦੀ ਤਸਵੀਰ ਵੱਲ ਵਗਾਹ ਮਾਰੇ। ਮਹਾਤਮਾ ਦੀ ਤਸਵੀਰ ਦਾ ਚੌਖਟਾ ਲੁੜ੍ਹਕ ਕੇ ਕੰਧ ਨਾਲ ਇਉਂ ਲਟਕਣ ਲੱਗ ਪਿਆ ਜਿਵੇਂ ਕਿਸੇ ਬੰਦੇ ਨੂੰ ਫਾਂਸੀ ਦਿੱਤੀ ਗਈ ਹੋਵੇ।

"ਮ੍ਹਾਹਤਮਾ ਨੇ ਸੱਚ ਦਾ ਉਪਦੇਸ਼ ਦਿੱਤਾ ਸੀ...!" ਚੌਥੇ ਨੇ ਫਿਰ ਚੁਸਕੀ ਲਈ!

"ਸੱਚ ਦਾ 'ਪਦੇਸ਼ ਨੀ...ਭੁੱਖ ਨੰਗ ਨਾ' ਲੜਣ ਨੀ...ਸਲਾਹ...!" ਤੇ ਤਿੰਨੇ ਘਸੀਟ ਜਿਹੀ ਮਾਰ ਕੇ ਔਰਤ ਦੇ ਬਿਲਕੁਲ ਨਾਲ ਲੱਗ ਗਏ!

"ਵੈਸੇ ਮ੍ਹਾਤਮਾ ਮ੍ਹਾਨ ਆਦਮੀ ਸੀ...ਮ੍ਹਾਨ...!" ਚੌਥੇ ਨੇ ਸ਼ਰਾਰਤ ਭਰੀ ਮੁਸਕਰਾਹਟ ਵਿਖੇਰਦੇ ਹੋਏ ਬੁਲ੍ਹ ਟੁੱਕਦੇ ਹੋਏ ਕਿਹਾ!

"ਸੁਆਹ ਤੇ ਖੇਹ ਮ੍ਹਾਨ ਤੀ। ਨਾ ਸਾਰੀ ਉਮਰ ਆਪ ਚੱਜ ਦਾ ਟੈਮ ਕੱਟਿਆ ਤੇ ਨਾ ਈ ਸਾਨੂੰ ਚੱਜ ਦਾ ਕੁਸ ਦੇਖਣ, ਸੁਣਨ ਤੇ ਬੋਲਣ ਦਿੱਤਾ!" ਤਿੰਨਾਂ ਨੇ ਬੜੀ ਹੀ ਘਿਰਣਾ ਨਾਲ ਆਖਿਆਂ ਤੇ ਲੱਤਾਂ ਪਸਾਰ ਉਥੇ ਸੋਫ਼ਿਆਂ 'ਤੇ ਹੀ ਟੇਢੇ ਹੋ ਗਏ! ਚੌਥਾ ਬਾਂਦਰ ਮਹਾਤਮਾ ਦੀ ਉੱਖੜੇ ਚੌਖਟੇ ਵਾਲੀ ਤਸਵੀਰ ਵੱਲ ਵੇਖ ਵੇਖ ਮੁਸਕਰਾ ਰਿਹਾ ਸੀ!

[9, ਕਿਸ਼ਨਪੁਰਾ, ਮੋਗਾ, ਜ਼ਿਲਾ ਫ਼ਰੀਦਕੋਟ]

ਫਤਿਹ ਜੀਤ

# ਚੰਡੀਗੜ੍ਹ

ਪਰਦਿਆਂ ਵਾਲੇ ਘਰ ਸਨ
ਹਰ ਕੰਧ
ਵਿੰਗ ਵਲੇਂਵੇਂ ਖਾਂਦੀ
ਇੱਕ ਦੂਜੀ ਤੋਂ ਭੇਦ ਛੁਪਾਂਦੀ
ਇੱਕ ਦੂਜੀ ਦੇ ਕੋਲ ਖੜੀ ਸੀ।

ਜਦ ਕਿਧਰੇ ਕੋਈ ਪਰਛਾਵਾਂ
ਪਰਦੇ ਤੇ ਦੀਵਾਰ ਵਿਚਾਲੇ
ਦਿਸਦੀਆਂ ਝੀਥਾਂ ਕੋਲ ਖੜੋਕੇ
ਕਮਰੇ ਦੇ ਵਿਚ ਝਾਕਣ ਲੱਗਦਾ
ਤਾਂ ਕੰਧਾਂ ਦੇ ਹੱਥ ਇਸ਼ਾਰੇ ਕਰਦੇ
ਕਮਰੇ ਦੀ ਹਰ ਸ਼ੈ ਨੂੰ
ਕੰਧਾਂ ਦੇ ਵਲ-ਵਿੰਗ ਦੇ ਉਹਲੇ
ਹੋ ਜਾਵਣ ਦੀ ਕਹਿ ਦਿੰਦੇ ਸਨ।

ਤੌਰ ਤਰੀਕੇ ਦੇ ਨਾਂ ਹੇਠਾਂ
ਇੱਕ ਕੰਧ ਤੋਂ ਦੂਜੀ ਕੰਧ ਤੀਕਰ
ਪੌੜੀ ਤੋਂ ਪੌੜੀ ਦਾ ਅੰਤਰ
ਮਾਯੂਸੀ ਤੋਂ ਮੁਸਕਾਵਣ ਤੱਕ
ਕਿੰਨਾਂ ! ਕੁਝ ਸੀ
ਜੋ ਹਰ ਘਰ ਦੀ
ਹੋਂਦ ਦੁਆਲੇ ਘੁੰਮ ਰਿਹਾ ਸੀ

ਤੇ...ਮੈਂ...ਕਮਲਾ
ਕੰਧਾਂ ਦੀ ਇਸ ਸ਼ੈਲੀ ਤੋਂ ਨਾਵਾਕਿਫ਼
ਆਪਣੇ ਤਨ ਦੀ ਮਿੱਟੀ ਬਾਰੇ ਸੋਚ ਰਿਹਾ ਸਾਂ
ਜਿਸ ਦਾ ਕਣ ਕਣ
ਸ਼ਬਦਾਂ ਤੇ ਅਰਥਾਂ ਵਿਚਕਾਰ
ਇੰਜ ਖੜਾ ਸੀ
ਜਿਵੇਂ ਕੋਈ ਅੱਧ ਟੁੱਟਿਆ ਅੱਖਰ
ਸੋਚ 'ਤੇ ਭਾਰੂ ਹੋ ਖੜਦਾ ਹੈ,
ਜਿਸ ਨੂੰ ਪੜ੍ਹਨਾ ਜਾਂ ਨ ਪੜ੍ਹਨਾ
ਬਹੁਤ ਜਰੂਰੀ ਤਾਂ ਨਹੀਂ ਭਾਵੇਂ
ਫਿਰ ਵੀ ਪੜ੍ਹਨਾ ਹੀ ਪੈਂਦਾ ਹੈ।
ਤਦ ਵੀ ਮੈਨੂੰ ਇੰਜ ਲਗਦਾ ਸੀ
ਕਿ ਕਿਧਰੇ ਕੰਧਾਂ ਨ ਆਖਣ—
ਇਸ ਨੂੰ ਤਾਂ ਤੁਰਨਾ ਨਹੀਂ ਆਉਂਦਾ
ਇਹ ਤਾਂ ਭੀੜ 'ਚ ਜੀ ਨਹੀਂ ਸਕਦਾ,
ਇਹਨੇ ਤਾਂ—
ਦੀਵਾਰਾਂ ਦੀ ਪਰਿਭਾਸ਼ਾ ਤੋਂ ਡਰ ਜਾਣਾ ਹੈ।
ਇਕ ਸਾਧਾਰਨ ਦੋ ਕੰਨਾਂ, ਦੋ ਅੱਖਾਂ ਵਾਲਾ
ਏਸ ਸ਼ਹਿਰ ਵਿੱਚ ਕੀ ਜੀਵੇਗਾ ?
ਜਿੱਥੇ ਦਾ ਇਕ ਆਮ ਮਨੁੱਖ ਵੀ
ਦਸ ਦਸ, ਵੀਹ ਵੀਹ ਹੱਥ ਰਖਦਾ ਹੈ।
ਚਾਹ ਚੁਫ਼ੇਰੇ ਅੱਖ ਰਖਦਾ ਹੈ।

[ਸ਼ਾਹਕੋਟ, ਜ਼ਿਲਾ ਜਲੰਧਰ]

ਹਰਪ੍ਰੀਤ ਸਿੰਘ

# ਹੌਲੀ ਹੌਲੀ ਸਰਕਦੀ ਧੁੱਪ

ਸ਼ਹਿਰ ਤਰੇਲ ਵਿਚ ਭਿਜਿਆ ਪਿਆ ਸੀ ਅਤੇ ਸ਼ਹਿਰ ਦੇ ਵਸਨੀਕ ਨਿੱਘੀਆਂ ਰਜ਼ਾਈਆਂ ਵਿਚ ਸਿਆਲ ਦੀਆਂ ਲੰਮੀਆਂ ਰਾਤਾਂ ਦੇ ਅਖੀਰਲੇ ਪਹਿਰ ਪਲਸੇਟੇ ਮਾਰ ਰਹੇ ਸਨ । ਧੁੰਦ ਪੁੰਨਿਆਂ ਦੀ ਚਾਨਣੀ ਵਾਂਗ ਪਸਰੀ ਹੋਈ ਸੀ । ਹਵਾ ਚੁਪ ਸੀ, ਦਰੱਖਤ ਸੁੱਤੇ ਪਏ ਸਨ ਤੇ ਉਨ੍ਹਾਂ ਦੇ ਪੱਤਿਆਂ ਤੋਂ ਪਾਣੀ ਤ੍ਰਿਪ ਤ੍ਰਿਪ ਕਰਕੇ ਥੱਲੇ ਸਿੱਲ੍ਹੇ ਮੁਸ਼ਕੇ ਹੋਏ ਘਾਹ ਉਤੇ ਨੁਚੜ ਰਿਹਾ ਸੀ । ਮਰਕਰੀ ਲਾਈਟਾਂ ਦੇ ਨਿੰਮ੍ਹੇ ਚਾਨਣ ਵਿਚ ਚੌਕੀਦਾਰ ਦੇ ਫੌਜੀ ਬੂਟ ਦਮੇ ਦੇ ਮਰੀਜ਼ ਦੀ ਛਾਤੀ ਵਾਂਗ ਘਰਕਦੇ ਹੋਏ ਗਿੱਲੀ ਸੜਕ ਨਾਲ ਜਦੋਜਹਿਦ ਕਰ ਰਹੇ ਸਨ ਅਤੇ 'ਖਬਰਦਾਰ' ਦੀ ਆਵਾਜ਼ ਪਿਛੋਂ ਉਸ ਦੀ ਖੰਘ ਦੀ ਆਵਾਜ਼ ਜ਼ਿਆਦਾ ਸੁਣਦੀ ਸੀ । ਪਿੰਡ ਇਸ ਸਮੇਂ ਪੂਰਨ ਤੌਰ ਤੇ ਜਾਗ ਗਏ ਹੁੰਦੇ ਹਨ ਪਰ ਸ਼ਹਿਰ ਜਾਗਦਾ ਹੋਇਆ ਨਿੱਸਲ ਪਿਆ ਸੀ । ਕੇਵਲ ਦੁੱਧ ਵਾਲੇ ਤੇ ਅਖਬਾਰਾਂ ਵਾਲੇ ਮੂੰਹ ਸਿਰ ਵਲ੍ਹੇਟੀ, ਵਸਨੀਕਾਂ ਦੇ ਉਠਣ ਤੋਂ ਪਹਿਲਾਂ ਉਹਨਾਂ ਦੀਆਂ ਮੁਢਲੀਆਂ ਲੋੜਾਂ ਦੀ ਪੂਰਤੀ ਕਰ ਰਹੇ ਸਨ । ਅਖਬਾਰ ਬਰਾਮਦਿਆਂ ਤੇ ਸ਼ੈਡਾਂ ਹੇਠ ਸੁਟੇ ਜਾ ਰਹੇ ਸਨ ਤੇ ਦੁੱਧ ਦੀਆਂ ਬੋਤਲਾਂ ਖਾਲੀ ਬੋਤਲਾਂ ਨਾਲ ਵਟਾ ਕੇ ਥਾਂ ਸਿਰ ਰੱਖੀਆਂ ਜਾ ਰਹੀਆਂ ਸਨ ।

ਅਖੀਰਲੇ ਪਹਿਰ ਦੇ ਅੱਧ ਵਿਚਕਾਰ ਉਹ ਉਠ ਬੈਠਾ । ਆਪਣੀ ਬੇਚੈਨੀ ਦਾ ਉਸਨੂੰ ਅਹਿਸਾਸ ਸੀ । ਉਸ ਦਾ ਹੱਥ ਬੈੱਡ ਸਵਿੱਚ ਉਤੇ ਗਿਆ ਤੇ ਟਿੱਚ ਨਾਲ ਕਮਰਾ ਜਗ ਪਿਆ । ਉਸ ਦੇ ਪੈਰਾਂ ਵੱਲ ਡਰੈਸਿੰਗ ਟੇਬਲ ਦਾ ਵੱਡਾ ਸ਼ੀਸ਼ਾ ਉਸ ਦੀ ਸ਼ਕਲ ਦਾ ਅਕਸ ਦਰਸਾਉਣ ਲਈ ਐਨ ਤਿਆਰ ਸੀ, ਸਿਰਫ ਜ਼ਰਾ ਕੁ ਸਿਰ ਚੁਕਣ ਦੀ ਲੋੜ ਸੀ । ਪਰ ਉਹ ਥੋੜ੍ਹਾ ਨਿਵ ਗਿਆ । ਉਸ ਦੇ ਸਿਰਹਾਣੇ ਵਾਲੇ ਪਾਸੇ ਸ਼ੈਲਫ ਵਿਚਲੀਆਂ ਕਿਤਾਬਾਂ ਦਾ ਅਕਸ ਸ਼ੀਸ਼ੇ ਵਿਚ ਪੈ ਰਿਹਾ ਸੀ ਪਰ ਅੱਖਰ ਪੁਠੇ ਸਨ । ਉਸ ਨੇ ਪੜ੍ਹਨ ਦਾ ਯਤਨ ਕੀਤਾ ਪਰ ਅਸਮਰਥ ਰਿਹਾ । ਆਖਰ ਉਹ ਬੈਠ ਗਿਆ । ਉਸ ਦੀ ਸ਼ਕਲ ਉਸ ਦੇ ਸਾਹਮਣੇ ਸੀ । ਚੋੜਾ ਉਭਰਿਆ ਹੋਇਆ ਤੇ ਤਾਲੂਏ ਦੇ ਅੱਧ ਤਕ ਫੈਲਿਆ ਹੋਇਆ ਮੱਥਾ, ਸਿਰ ਉਤੇ ਨਿੱਕੀ ਜਿਹੀ ਜੂੜੀ, ਤਿਖੇ ਭਰਵੱਟੇ, ਲੰਮੀਆਂ ਪਲਕਾਂ, ਦਰਮਿਆਨਾ ਨੱਕ, ਕਤਰੀ ਹੋਈ ਦਾਹੜੀ ਤੇ ਪਹਾੜ ਵਰਗੇ ਚੌੜੇ ਚਿਹਰੇ ਉਤੇ ਦੋ ਨਿੱਕੀਆਂ ਕਾਲੀਆਂ ਅੱਖਾਂ ਜਿਨ੍ਹਾਂ ਵਿਚ 'ਸਹਾਰਾ' ਦੇ ਰੇਗਿਸਤਾਨ ਵਾਲੀ ਵਿਸ਼ਾਲਤਾ ਤੇ ਤਪਸ਼ ਭਰੀ ਚਮਕ ਸੀ । ਬੇਹਰਕਤ ਜਿਹੇ ਛਿਨਾਂ ਵਿਚ ਉਸ ਨੇ ਆਪਣੀ ਸ਼ਕਲ ਨੂੰ ਫਿਰ ਵਾਚਿਆ । ਉਸ ਦੇ ਫਰਕਦੇ ਬੁੱਲ੍ਹਾਂ ਨੇ ਬੇ-ਆਵਾਜ਼ ਕਿਹਾ : ਇਹ ਹਾਂ ਮੈਂ, ਦਿਲਬਾਗ । ਉਹ ਬਿਸਤਰੇ ਵਿਚ ਚੌਕੜੀ ਮਾਰ ਕੇ ਬੈਠ ਗਿਆ ਤੇ ਰਜ਼ਾਈ ਆਪਣੇ ਪਾਸੇ ਲਪੇਟ ਲਈ । ਹੁਣ ਉਸ ਦਾ ਮੂੰਹ ਕਿਤਾਬਾਂ ਵੱਲ

ਸੀ। ਸ਼ੈਲਫ ਦੇ ਉਪਰ ਲੈਨਿਨ ਦਾ ਬੁੱਤ ਆਪਣੀਆਂ ਅੱਖਾਂ ਵਿਚ ਇਨਕਲਾਬ ਭਰੀ ਖਲੋਤਾ ਸੀ ਅਤੇ ਉਸ ਦੇ ਨਾਲ ਮਾਰਕਸ ਦਾ ਫਰੇਮ ਕੀਤਾ ਖਿਲਰੀ ਦਾਹੜੀ ਵਾਲਾ ਫਿਲਾਸਫਰੀ ਚਿਹਰਾ ਜਿਹੜਾ ਆਪਣੀ ਲਿਖਣ ਮੇਜ਼ ਉਤੇ ਬੇ-ਸੁਧ ਜਿਹਾ ਝੁਕਿਆ ਹੋਇਆ ਸੀ। ਸ਼ੈਲਫਾਂ ਵਿਚ ਕਿਤਾਬਾਂ ਸਨ। ਤਾਲਸਤਾਏ ਤੋਂ ਲੈ ਕੇ ਉਸ ਦੀ ਨਜ਼ਰ ਰੂਸੀ ਕਲਾਸੀਕਲ ਸਾਹਿਤਕਾਰਾਂ ਦੇ ਉਪਰੋਂ ਦੀ ਲੰਘਦੀ ਹੋਈ ਹੈਮਿੰਗਵੇ ਤਕ ਗਈ। ਮੁੜ ਘੁੰਮ ਕੇ ਹੇਠਲੀ ਕਤਾਰ ਵਿਚ ਹਾਰਡੀ ਤੋਂ ਫਲਾਬੇਅਰ ਦੇ 'ਮਦਾਮ ਬਵਾਰੀ' ਤਕ ਗਈ। ਪੁਸ਼ਕਿਨ, ਮਿਲਟਨ, ਗੁਰੂ ਨਾਨਕ, ਟੈਗੋਰ, ਰੇਣੂ, ਮੋਹਨ ਸਿੰਘ, ਸ਼ਿਵ ਅਤੇ ਉਸ ਦੀ ਨਜ਼ਰ ਪਾਟ ਗਈ। ਉਸ ਨੂੰ ਲੱਗਿਆ ਜਿਵੇਂ ਸਭ ਟਾਈਟਲ ਇਕ ਦੂਜੇ ਵਿਚ ਰਲ ਗਏ ਹੋਣ। ਉਸ ਨੇ ਆਪਣੇ ਮੱਥੇ ਨੂੰ ਰਗੜਿਆ। ਨਾਲ ਦੇ ਪਲੰਘ ਉਤੇ ਪਈ ਪਤਨੀ ਬਿਟ ਬਿਟ ਉਸ ਵੱਲ ਵੇਖੀ ਜਾਂਦੀ ਸੀ। ਉਸ ਨੇ ਦਿਲਬਾਗ ਦਾ ਧਿਆਨ ਅਕੇਂਦਰਿਤ ਕਰਨ ਲਈ ਲੰਮੀ ਉਬਾਸੀ ਲਈ ਤੇ ਸੁਸਤ ਲਹਿਜੇ ਵਿਚ ਕੂਈ : "ਬੜੀ ਛੇਤੀ ਉਠ ਪਏ ਓ।"

ਦਿਲਬਾਗ ਨੇ ਪੈਰਾਂ ਵਿਚ ਚੱਪਲਾਂ ਫਸਾਉਂਦੇ ਹੋਏ ਬੇਹੱਦ ਅਸਾਧਾਰਣ ਢੰਗ ਨਾਲ ਕਿਹਾ : "ਤੇਹ ਲੱਗੀ ਐ।" ਅਤੇ ਉਹ ਬਾਹੀ 'ਤੇ ਕਿਤਾਬਾਂ ਵੱਲ ਮੂੰਹ ਕਰਕੇ ਬੈਠਾ ਰਿਹਾ।

"ਰਾਤੀਂ ਤੁਸੀਂ ਕੋਈ ਪੀਤੀ ਤੇ ਨਹੀਂ ਸੀ, ਪਰ ਕੀ ਪਤਾ ਲਗਦਾ।"

"ਹਾਂ-ਅ ਪੀਤੀ ਨੂੰ ਤਾਂ ਕਈ ਦਿਨ ਹੋ ਗਏ—ਪਰ ਤੇਹ ਲੱਗੀ ਐ।"

"ਹੋਰ ਕੀ ਬਕਰਾ ਖਾਧਾ ਐ ?" ਤੇ ਉਹ ਇਕ ਮਿੰਟ ਚੁੱਪ ਰਹਿਣ ਤੇ ਚੁਪ ਸਹਿਣ ਪਿਛੋਂ ਫਿਰ ਬੋਲੀ : "ਫੇਰ ਪਾਣੀ ਆਪ ਹੀ ਪੀ ਲਉਗੇ ਜਾਂ ਮੈਂ ਉਠ ਕੇ ਲਿਆਵਾਂ।" ਪਤਨੀ ਨੇ ਵਧੀ ਹੋਈ ਠੰਢ ਦੇ ਕਈ ਕਾਰਣ ਗਿਣਾ ਦਿੱਤੇ।

"ਨਹੀਂ ਪਾਣੀ ਦੀ ਲੋੜ ਨਹੀਂ। ਉਈਂ ਤੇਹ ਲੱਗੀ ਐ।" ਉਹ ਮੁੜ ਪਤਨੀ ਵੱਲ ਮੂੰਹ ਕਰਕੇ ਆਪਣੀ ਰਜ਼ਾਈ ਵਿਚ ਪੈਰ ਪਸਾਰ ਕੇ ਬੈਠ ਗਿਆ। ਪਤਨੀ ਨੇ ਇਹ ਸੋਚਦਿਆਂ ਕਿ ਉਹ ਵਿਚਲੀ ਗੱਲ ਜਾਣ ਗਈ ਹੈ ਕਿ ਸਾਰੀ ਰਾਤ ਦੋਹਾਂ ਆਪੋ ਆਪਣੀਆਂ ਰਜ਼ਾਈਆਂ ਵਿਚ ਗੁਜ਼ਾਰੀ ਹੈ, ਹਮ-ਬਿਸਤਰ ਹੋਣ ਲਈ ਨਿੰਮੀ ਜਿਹੀ ਮੁਸਕਰਾਹਟ ਪਤੀ ਦੇ ਗੰਭੀਰ ਚੇਹਰੇ ਉਤੇ ਸੁਟੀ ਤੇ ਸਵਾਗਤੀ ਲਹਿਜੇ ਵਿਚ ਆਪਣੀਆਂ ਲੰਮੀਆਂ ਪਲਕਾਂ ਝੁਕਾ ਦਿੱਤੀਆਂ।

"ਮੰਨਿਆਂ ਕਿ ਤੂੰ ਸਮਝਦਾਰ ਐਂ। ਪਰ ਸਾਡੀ ਥਾਹ ਪਾਉਣ ਜੋਗੀ ਨਹੀਂ।" ਥੋੜ੍ਹਾ ਜਿਹਾ ਹਸਦੇ ਹੋਏ ਦਿਲਬਾਗ ਨੇ ਕਿਹਾ, "ਇਹ ਤੇਹ ਤਾਂ ਨਦੀ ਦੇ ਪੱਥਰ ਵਰਗੀ ਐ।"

ਉਹ ਚੁਪ ਹੋਇਆ ਬੈਠਾ ਰਿਹਾ। ਪਤਨੀ ਬਾਹਰ ਚਲੀ ਗਈ ਸੀ। ਰਸੋਈ ਵਿਚ ਭਾਂਡਿਆਂ ਤੇ ਪਤਨੀ ਦੀਆਂ ਚੂੜੀਆਂ ਦੀ ਛਣਕਾਰ ਉਸ ਨੂੰ ਕਦੇ ਕਦੇ ਹੀ ਸੁਝਦੀ ਸੀ। ਉਸ ਨੇ ਚੇਖੋਵ ਦੀ ਜੀਵਨੀ ਤੇ ਰਚਨਾਵਾਂ ਦੇ ਪਿਛੋਕੜ ਵਾਲੀ ਕਿਤਾਬ ਚੁੱਕੀ, ਟਾਈਟਲ ਤੇ ਪਤਲੇ, ਲੰਬੇ ਚੇਖਵ ਦੀ ਤਰਸ ਤੇ ਉਦਰੇਵੇਂ ਭਰੀਆਂ ਅੱਖਾਂ ਵਾਲੀ ਫੋਟੋ ਸੀ। ਉਸ ਦੇ ਥੱਲੇ ਦਿਲਬਾਗ ਦਾ ਆਪਣਾ ਲਿਖਿਆ ਹੋਇਅ ਸੀ · ਅਣਥੱਕ ਮਿਹਨਤੀ ਸਾਹਿਤਕਾਰ।

ਸਫ਼ਿਆਂ 'ਤੇ ਚਿਤਰੀ ਚੈਖਵ ਦੀ ਜੀਵਨ ਲੀਲ੍ਹਾ ਦਾ ਇਕ ਇਕ ਦ੍ਰਿਸ਼ ਉਸ ਦੇ ਮਨ ਵਿਚ ਸਾਕਾਰ ਹੋ ਗਿਆ।

ਪਤਨੀ ਪੈਰ ਘਸੀਟਦੀ ਇਕ ਹੱਥ ਸ਼ਾਲ ਦੀ ਬੁਕਲ ਵਿਚ ਲਈ ਤੇ ਦੂਜੇ ਵਿਚ ਅਖ਼ਬਾਰ ਫੜੀ ਕਮਰੇ ਵਿਚ ਦਾਖ਼ਲ ਹੋਈ :

"ਲਓ ਇੰਦਰਾ ਕੈਦ ਕਰ ਲੀ, ਨਾਲੇ ਲੋਕ ਸਭਾ 'ਚੋਂ ਕੱਢ ਤੀ।"

ਪਤਨੀ ਨੇ ਆਕਸਮਾਤ ਕਿਸਮ ਦੇ ਵ੍ਹਾਕ ਨਾਲ ਪਤੀ ਨੂੰ ਹਿਲੂਣਾ ਦੇਣਾ ਚਾਹਿਆ।

"ਚਲੋ ਪੰਦਰਾਂ ਦਿਨਾਂ ਵਿਚ ਲੋਕ ਸਭਾ ਨੇ ਇਕ ਕੰਮ ਤਾਂ ਕੀਤਾ।"

ਪਤੀ ਦੇ ਇਸ ਜਵਾਬ ਵਿਚ ਪਤਨੀ ਨੂੰ ਕੋਈ ਗੱਲ ਨਾ ਸੁਝੀ ਤੇ ਉਹ ਅਖ਼ਬਾਰ ਪਲੰਘ ਉਤੇ ਸੁਟ ਕੇ ਮੁੜ ਰਸੋਈ ਵਿਚ ਚਲੀ ਗਈ।

ਦਿਲਬਾਗ਼ ਉਠ ਕੇ ਡਰਾਇੰਗ ਰੂਮ ਵਿਚ ਚਲਾ ਗਿਆ। ਖ਼ੂਬਸੂਰਤ ਸ਼ਨੀਲ ਦੇ ਕਵਰਾਂ ਵਾਲੇ ਸੋਫ਼ੇ, ਚਮਕਦਾ ਸੈਂਟਰ ਟੇਬਲ, ਆਰਾਮ ਦੇਹ ਕੁਰਸੀਆਂ, ਨਿੱਚ ਵਿਚਲਾ ਸਜਾਵਟੀ ਸਮਾਨ ਤੇ ਪਤੀ ਪਤਨੀ ਦੀਆਂ ਹਸਮੁਖੀਆਂ ਫ਼ੋਟੋਆਂ, ਉਸ ਨੇ ਹਰ ਚੀਜ਼ ਨੂੰ ਵੇਖਿਆ ਪਰ ਇੰਜ ਮਹਿਸੂਸ ਕੀਤਾ ਜਿਵੇਂ ਇਹ ਸਭ ਓਪਰਾ ਓਪਰਾ ਹੋਵੇ। ਉਸ ਨੇ ਸੋਫ਼ੇ ਦੀ ਨਰਮ ਮੁਲਾਇਮ ਢੋਹ ਉਤੇ ਹੱਥ ਫੇਰਿਆ। ਇਕ ਪਲ ਉਸ ਨੂੰ ਸ਼ਾਂਤੀ ਤੇ ਆਨੰਦਿਤ ਜਿਹੀ ਅਵਸਥਾ ਦਾ ਅਨੁਭਵ ਹੋਇਆ। ਪਰ ਉਸ ਨੇ ਹੱਥ ਚੁਕ ਲਿਆ ਤੇ ਮੁਠ ਮੀਚ ਲਈ : "ਨਹੀਂ ! ਇਹ ਕੋਈ ਬਹੁਤੀ ਵੱਡੀ ਪ੍ਰਾਪਤੀ ਨਹੀਂ। ਇਹ ਜ਼ਿੰਦਗੀ ਦੇ ਸੌਣ ਲਈ ਤਾਂ ਬੇਸ਼ਕ ਹੋਣ ਪਰ ਰੁਮਕਣ ਲਈ ਕਾਫੀ ਨਹੀਂ। ਇਥੇ ਬੈਠ ਕੇ ਉਹ ਕੁਝ ਨਹੀਂ ਲਿਖਿਆ ਜਾ ਸਕਦਾ, ਲਿਖਿਆ ਕੀ ਸੋਚਿਆ ਹੀ ਨਹੀਂ ਜਾ ਸਕਦਾ। ਜ਼ਿੰਦਗੀ ਕਿੰਨੀ ਫਜ਼ੂਲ ਜਿਹੀ ਬਣਦੀ ਜਾ ਰਹੀ ਹੈ।"

ਉਸ ਦੇ ਮਨ ਦਾ ਸੰਤੁਲਨ ਗਵਾਚ ਗਿਆ ਤੇ ਉਸ ਨੇ ਆਪਣੇ ਆਪ ਨੂੰ ਝੰਜੋੜ ਸੁਟਿਆ। ਕਿੰਨੇ ਕਮਰੇ ਉਹਨੂੰ ਯਾਦ ਆਏ ਜਿਥੇ ਉਸਨੇ ਚਿੱਟੇ, ਕਾਲੇ ਤੇ ਘਸਮੈਲੇ ਦਿਨ ਕੱਟੇ ਸਨ। ਅਜਿਹੇ ਕਮਰੇ ਜਿਹੜੇ ਲੋਕਾਂ ਵਲੋਂ ਦੂਸ਼ਿਤ ਤੇ ਘਿਰਣਾ ਭਰੀਆਂ ਨਜ਼ਰਾਂ ਨਾਲ ਵੇਖੇ ਜਾਂਦੇ ਸਨ ਪਰ ਉਸਨੇ ਉਥੇ ਚੈਨ ਭਰੀਆਂ ਰਾਤਾਂ ਕੱਟੀਆਂ ਸਨ ਤੇ ਅਜਿਹੇ ਜਿਹੜੇ ਜਗਮਗ-ਜਗਮਗ ਕਰਦੇ ਸ਼ਹਿਰਾਂ ਦੇ ਵਿਚਕਾਰ, ਧੁਆਂਖੇ ਹੋਏ, ਜਾਲਿਆਂ ਭਰੇ ਹਨੇਰੇ ਕਮਰੇ, ਜਿਥੇ ਮੋਮਬੱਤੀਆਂ ਦੇ ਚਾਨਣ ਵਿਚ ਲਿਖਿਆ ਪੜ੍ਹਿਆ ਜਾਂਦਾ ਸੀ, ਸਿਲ੍ਹੇ ਫਰਸ਼ 'ਤੇ ਚਟਾਈਆਂ ਵਿਛਾ ਕੇ ਸੌਂਵਿਆਂ ਜਾਂਦਾ ਸੀ। ਕੋਨੇ ਵਿਚ ਪਏ ਹੋਏ ਦੋ ਚਾਰ ਗਲਾਸ-ਪਲੇਟਾਂ-ਚਮਚੇ ਤੇ ਥਿੰਧਾ ਕਾਲਾ ਸਟੋਵ ਜਿਸ ਉਤੇ ਸਿਲਵਰ ਦੀ ਪਤੀਲੀ ਹਮੇਸ਼ਾਂ ਪਈ ਰਹਿੰਦੀ ਸੀ, ਪੂਰੀ ਰਸੋਈ ਵਾਂਗ ਜਾਪਦਾ ਸੀ। ਉਸ ਤੋਂ ਹੋਰ ਕੁਝ ਨਾ ਸੋਚਿਆ ਗਿਆ ਤੇ ਉਹ ਕਮਰੇ ਵਿਚੋਂ ਬਾਹਰ ਹੋ ਪਿਆ।

ਦਰਵਾਜ਼ਾ ਖੋਹਲ ਕੇ ਉਹ ਸੰਗਮਰਮਰ ਦੀ ਥੜ੍ਹੀ ਉਤੇ ਜਾ ਬੈਠਾ। ਧੁੰਦ ਐਨ ਧਰਤੀ ਦੇ ਨੇੜੇ ਢੁਕੀ ਖਲੋਤੀ ਸੀ ਜਿਵੇਂ ਧਰਤੀ ਦਾ ਚੁੰਮਣ ਲੈ ਰਹੀ ਹੋਵੇ। ਤਰੇਲ ਤੁਪਕਿਆਂ ਦੇ ਡਲ੍ਹਕਣ ਨਾਲ ਘਾਹ ਪੱਤੀਆਂ ਲਰਜ਼ ਰਹੀਆਂ ਸਨ। ਗੁਲਾਬ ਦੇ ਫੁੱਲ, ਕੋਇਆਂ ਵਿਚ ਪਾਣੀ ਭਰਨ ਕਰਕੇ ਝੁਕੇ ਖਲੋਤੇ ਸਨ। ਧਰਤੀ ਵਿਚੋਂ ਸਿਲ੍ਹੀ ਜਿਹੀ ਸੁਖਾਵੀਂ ਮਹਿਕ

ਆਉਂਦੀ ਸੀ। ਕਾਈ ਲਗੇ ਬਨੇਰੇ ਉਤੇ ਚਿੜੀਆਂ ਗੁੰਮ ਸੁੰਮ ਜਿਹੀਆਂ ਬੈਠੀਆਂ ਸਨ। ਸਫ਼ੈਦਿਆਂ ਦੇ ਉਚੇ ਦਰਖਤਾਂ ਵਿਚ ਕਾਂ ਉਡਣ ਲਗ ਪਏ ਸਨ। ਸੜਕਾਂ ਉਤੇ ਮੋਟਰਾਂ ਕਾਰਾਂ ਦੀ ਘੂੰ ਘੂੰ ਵਧਦੀ ਜਾ ਰਹੀ ਸੀ। ਨਾਲ ਦੀ ਕੋਠੀ ਵਿਚ ਫੈਂਸ ਦੇ ਉਧਰ ਰਿਟਾਇਰਡ ਫੌਜੀ ਅਫਸਰ ਆਪਣੀ ਪਤਨੀ ਤੇ ਧੀ ਨਾਲ ਸੰਗਮਰਮਰ ਦੇ ਬੈਂਚ ਉਤੇ ਬੈਠਾ ਮੱਧਮ ਧੁੱਪ ਸੇਕ ਰਿਹਾ ਸੀ। ਫੌਜੀ ਕਰਨਲ ਇੰਦਰਾ ਗਾਂਧੀ ਦੇ ਹੱਕ ਵਿਚ ਬੋਲ ਰਿਹਾ ਸੀ। ਧੀ 'ਸਪੋਰਟਜ਼ ਪੇਜ' ਨੂੰ ਹੱਥ ਵਿਚ ਲੈ ਕੇ ਗਵਾਸਕਰ ਦੀ ਸੈਂਚੁਰੀ ਦਾ ਹੱਲਾ ਪਾ ਰਹੀ ਸੀ। ਮਾਂ ਕਦੇ ਪਤੀ ਤੇ ਕਦੇ ਧੀ ਦੇ ਉਮੜਦੇ ਭਾਵਾਂ ਨੂੰ ਸੁਣ ਰਹੀ ਸੀ ਤੇ ਜਵਾਨ ਧੀ ਨੂੰ ਸਮਝਾ ਰਹੀ ਸੀ : 'ਬੇਟਾ ਐਸੇ ਨਹੀਂ', ਪਹਿਲੇ ਲਿਸਨ ਟੂ ਯੂਅਰ ਡੈਡ, ਫਿਰ ਕ੍ਰਿਕਟ ਬਾਰੇ ਡਿਸਕਸ ਕਰਨਾ।'[4]

ਦੂਰ ਪਰ੍ਹੇ ਇੰਡਸਟਰੀਅਲ ਏਰੀਏ ਵਿਚੋਂ ਘੁਗੂਆਂ ਦੀ ਆਵਾਜ਼ ਰਹਿ ਰਹਿ ਕੇ ਆ ਰਹੀ ਸੀ। ਦਿਲਬਾਗ ਉਠ ਕੇ ਸੜਕ ਵਾਲੀ ਪਟੜੀ ਦੇ ਕੋਲ ਜਾ ਖਲੋਤਾ। ਮਜ਼ਦੂਰਾਂ ਦੇ ਹਜੂਮ ਸਾਈਕਲਾਂ 'ਤੇ ਕੁੱਬੇ ਹੋਏ, ਠੰਡ ਨਾਲ ਸੁੰਗੜੇ ਹੋਏ ਮਿਲਾਂ ਵੱਲ ਵਧ ਰਹੇ ਸਨ। ਹਵਾਈ ਸੈਨਕ ਵਰਦੀਆਂ ਵਿਚ ਕਸੇ ਕਸਾਏ ਚੁਪ ਕੀਤੇ ਦਰਖਤਾਂ ਦੇ ਝੁੰਡ ਵਿਚ ਗਾਇਬ ਹੋ ਰਹੇ ਸਨ। ਸ਼ਹਿਰੀ ਕਾਰੋਬਾਰ ਵਿਚ ਤਿਲਕ ਪਏ ਸਨ।

ਦਿਲਬਾਗ ਵੇਖਦਾ ਰਿਹਾ। ਪਤਨੀ ਦਫ਼ਤਰ ਦੇ ਵਕਤ ਦਾ ਚੇਤਾ ਕਰਵਾ ਰਹੀ ਸੀ ਤੇ ਬਰੇਕ ਫਾਸਟ ਬਾਰੇ ਪੁਛ ਰਹੀ ਸੀ। ਦਿਲਬਾਗ ਹੌਲੀ ਹੌਲੀ ਗੁਣਗੁਣਾ ਰਿਹਾ ਸੀ :

"ਯੇ ਲੋਗ ਟੂਟੀ ਕਸ਼ਤੀਓਂ ਮੇਂ ਸੋਤੇ ਹੈਂ,
ਮੇਰੇ ਮਕਾਂ ਸੇ ਦਰਿਆ ਦਿਖਾਈ ਦੇਤਾ ਹੈ।"

ਧੁੰਦ ਛਟਦੀ ਜਾ ਰਹੀ ਸੀ। ਮਧੂ-ਮੱਖੀਆਂ ਡੇਲੀਏ ਦੇ ਫੁੱਲਾਂ 'ਤੇ ਭਿਣਭਿਣਾ ਰਹੀਆਂ ਸਨ। ਬੱਚੇ ਚਹਿਕਦੇ ਹੋਏ ਰਿਕਸ਼ਿਆਂ ਵਿਚ ਬੈਠੇ ਸਕੂਲਾਂ ਨੂੰ ਜਾ ਰਹੇ ਸਨ। ਧੁੱਪ ਹੌਲੀ ਹੌਲੀ ਸਰਕ ਰਹੀ ਸੀ। □

[ਪਿੰਡ ਚੰਨੂੰ, ਰਾਹੀਂ ਗਿੱਦੜਬਾਹਾ, ਜ਼ਿਲਾ ਫ਼ਰੀਦਕੋਟ]

ਕੁਮਾਰ ਵਿਕਲ

# ਏਕ ਨਾਸਤਕ ਕੇ ਪ੍ਰਾਰਥਨਾ ਗੀਤ

1.

ਯੇਹ ਸਭੀ ਪ੍ਰਾਰਥਨਾਏਂ
ਭਗਤੀ ਗੀਤ
ਬਿਨਯ ਪਦ
ਔਰ ਸਭੀ ਆਸਤਕ ਕਵਿਤਾਏਂ
ਏਕ ਨਹਾਇਤ ਨਿਜੀ ਈਸ਼ਵਰ ਕੋ ਸੰਬੋਧਿਤ ਹੈਂ
ਜਿਸੇ ਮੈਂਨੇ ਦੁਖੀ ਦਿਨੋਂ ਮੇਂ
ਰਾਤ ਗਏ
ਏਕ ਸ਼ਰਾਬਖਾਨੇ ਕੀ ਅਕੇਲੀ ਬੈਂਚ ਪਰ
ਪਿਅੱਕੜੀ ਹਾਲਤ ਮੇਂ
ਪ੍ਰਵਚਨ ਕੀ ਮੁਦ੍ਰਾ ਮੇਂ ਪਾਇਆ ਥਾ

"ਜ਼ਿੰਦਗੀ ਸੇ ਭਾਗੇ ਹੂਏ ਸਿਧਾਰਥ
ਵਾਪਸ ਲੌਟ ਆਉ
ਜ਼ਿੰਦਗੀ ਅਬ ਭੀ ਏਕ ਕਵਿਤਾ ਕੇ ਰੂਪ ਮੇਂ
ਤੁਮਹਾਰਾ ਇੰਤਜ਼ਾਰ ਕਰ ਰਹੀ ਹੈ।"

"ਮੈਂ ਜਾਨਤਾ ਹੂੰ ਕਵਿਤਾ ਮੇਂ ਆਦਮੀ ਕੀ ਮੁਕਤੀ ਨਹੀਂ
ਲੇਕਿਨ ਜਬ ਆਦਮੀ
ਕਵਿਤਾ ਕੋ ਸ਼ਰਾਬ ਕੇ ਅੰਧੇਰੇ ਸੇ ਨਿਕਾਲਕਰ
ਸ਼੍ਰਮ ਕੀ ਰੌਸ਼ਨੀ ਮੇਂ ਲਾਤਾ ਹੈ
ਤਬ ਵਹ ਆਦਮੀ ਕੀ ਮੁਕਤੀ ਕੇ ਨਏ ਅਰਥ ਪਾਤਾ ਹੈ।"

o

2.

ਪ੍ਰਭੂ ਜੀ !
ਆਪ ਦੇਰ ਸੇ ਆਏ
ਅਬ ਆਪ ਕੋ ਕੌਨ ਪਿਲਾਏ ?

ਸ਼ਰਾਬਖਾਨਾ ਉਜੜ ਚੁਕਾ ਹੈ
ਦੀਵਾਰੋਂ ਪਰ ਊਂਘ ਰਹੇ ਹੈਂ
ਮੇਜ਼ੋਂ ਪਰ ਰਖੇ ਖਾਲੀ ਗਿਲਾਸੋਂ ਕੇ ਸਾਏ
ਔਰ ਪ੍ਰਾਰਥਨਾ ਕੀ ਮੁਦ੍ਰਾ ਮੇਂ ਬੈਠਾ
ਏਕ ਸ਼ਰਾਬੀ
ਧੀਰੇ ਧੀਰੇ ਉਚਰ ਰਹਾ ਹੈ
ਕੁਛ ਗੀਤ, ਕੁਛ ਕਵਿਤਾਏਂ

ਆਓ, ਪ੍ਰਭੁ ਜੀ
ਆਜ ਰਾਤ ਕਾ ਅੰਤਮ ਕਾਮ ਕਰੇਂ ਹਮ
ਏਕ ਸ਼ਰਾਬੀ ਕਵੀ ਕੋ ਉਸ ਕੇ ਘਰ ਪਹੁੰਚਾਏਂ
ਅੰਧੇਰੇ ਸੇ ਉਸੇ ਰੌਸ਼ਨੀ ਤਕ ਲੇ ਜਾਏਂ ।

3.

ਪ੍ਰਭੁ ਜੀ, ਮੁਝ ਕੋ ਨੀਂਦ ਨਹੀਂ ਆਤੀ ਹੈ
ਏਕ ਸ਼ਰਾਬੀ ਕਵਿਤਾ ਮੁਝ ਕੋ
ਰਾਤ ਰਾਤ ਭਰ ਭਟਕਾਤੀ ਹੈ
ਸੂਨੀ ਸੜਕੋਂ, ਉਜੜੇ ਹੂਏ ਸ਼ਰਾਬਖ਼ਾਨੋਂ ਮੇਂ
ਅਕਸਰ ਮੁਝ ਕੋ ਧੁਤ ਨਸ਼ੇ ਮੇਂ ਛੋੜ ਅਕੇਲਾ
ਜਾਨੇ ਕਹਾਂ ਚਲੀ ਜਾਤੀ ਹੈ
ਪ੍ਰਭੁ ਜੀ ! ਯਹ ਤਬ ਹੀ ਹੋਤਾ ਹੈ
ਜਬ ਕਿ ਮੁਝ ਕੋ ਠੀਕ ਪਤਾ ਹੈ
ਯਹ ਤੋ ਵਰਗ ਸ਼ਤਰੂ ਕਵਿਤਾ ਹੈ
ਮੁਝ ਕੋ ਭਟਕਾਨਾ ਹੀ ਉਸ ਕਾ ਕਾਵਯ ਧਰਮ ਹੈ
ਮੁਝ ਕੋ ਆਹਤ ਕਰਨਾ ਉਸ ਕਾ ਵਰਗ ਕਰਮ ਹੈ
ਫਿਰ ਵੀ ਇਸ ਕੇ ਏਕ ਇਸ਼ਾਰੇ ਪਰ ਮੈਂ ਖਿੰਚਤਾ ਹੀ ਜਾਤਾ ਹੂੰ
ਬਾਰ ਬਾਰ ਆਹਤ ਹੋਤਾ ਹੂੰ
ਬਾਰੰਬਾਰ ਚਲਾ ਜਾਤਾ ਹੂੰ

ਪ੍ਰਭੂ ਜੀ ਮੁਝ ਕੋ ਐਸਾ ਬਲ ਦੋ
ਤੋੜੂੰ ਮੈਂ ਇਕ ਮੋਹਕ ਛਲ ਕੋ

4.

(ਅਮਿਤੋਜ ਕੇ ਲੀਏ)
ਪ੍ਰਭੁ ਜੀ ਕੋਈ ਐਸੀ ਯੁਕਤਿ ਕਰੋ
ਦਾਸ ਕੋ ਕਵਿਤਾ–ਮੁਕਤ ਕਰੋ ।

ਕਵਿਤਾ ਛਲਨੀ, ਭਾਸ਼ਾ ਨਟਿਨੀ
ਨੇ ਇਤਨਾ ਭਰਮਾਇਆ ।
ਉਸ ਕੇ ਡਰਾਇੰਗ ਰੂਮ ਕੀ ਸ਼ੋਭਾ
ਬਨ ਕਰ ਸਮਯ ਗੰਵਾਇਆ ।

ਭੂਲ ਗਿਆ ਮੈਂ ਅਪਨੀ ਹਸਤੀ
ਛੋੜੀ ਸਾਰੀ ਫਾਕਾ-ਮਸਤੀ ।
ਜਬ ਇਸ ਵਿਸ਼-ਕਵਿਤਾ ਨੇ ਮੁਝ ਕੋ
ਏਕ ਸੁਰਕਸ਼ਾ ਕੀ ਚਾਹਤ ਕਾ
ਮੀਠਾ ਜ਼ਹਿਰ ਪਲਾਇਆ ।

ਦਾਸ ਕੋ ਵਿਸ਼ ਉਨਮੁਕਤ ਕਰੋ,
ਪ੍ਰਭੁ ਜੀ ਕੋਈ ਐਸੀ ਯੁਕਤਿ ਕਰੋ ।

ਹ੍ਰਾਸ ਕਾਲ ਕੀ ਢਲਤੀ ਕਵਿਤਾ
ਮੇਂ ਜਬ ਕੋਈ ਕਵਿ ਰਚ ਜਾਏ
ਭਾਸ਼ਾ-ਛਲ ਕੇ ਬਾਵਜੂਦ ਵਹ,
ਏਕ ਪਤਿਤ ਕਵਿ ਹੀ ਕਹਿਲਾਏ ।

ਐਸੇ ਕਵਿ ਕੀ ਸ੍ਰਿਜਨਸ਼ੀਲਤਾ
ਅਨੁਭਵ, ਚਿੰਤਨ, ਕਾਵਯ-ਧਰਮਤਾ
ਏਕ ਬੀਮਾਰ ਸਮਯ ਕੇ ਲਕਸ਼ਣ,
ਖ਼ੁਦ ਮੇਂ ਰੋਗ ਬਨੇ ਕਿ ਜਿਸ ਸੇ
ਕਵਿ ਤੋ ਜੀਤੇ ਜੀ ਮਰ ਜਾਏ ।

ਦਾਸ ਕੋ ਜੀਵਨ-ਮੁਕਤ ਕਰੋ
ਦਾਸ ਕੋ ਕਵਿਤਾ ਮੁਕਤ ਕਰੋ
ਪ੍ਰਭੁ ਜੀ ਕੋਈ ਐਸੀ ਯੁਕਤਿ ਕਰੋ ।

o

5.

ਜੀਵਨ ਜਯੋਤ ਜਲੇ ਬੁਝ ਜਾਏ
ਲੇਕਿਨ ਕਵਿਤਾ ਕਾਮ ਨਾ ਆਏ
ਐਸਾ ਅਗਨ ਦਾਨ ਦੋ ਪ੍ਰਭੂ ਜੀ
ਕਵਿਤਾ ਹੀ ਸੂਰਜ ਬਨ ਜਾਏ ।

ਅਬ ਤਕ ਅੰਧੇਰੇ ਮੇਂ ਪ੍ਰਭੂ ਜੀ
ਏਕ ਮਸ਼ਾਲ ਲੀਏ ਫਿਰਤਾ ਥਾ
ਦੁਨੀਆਂ ਰੌਸ਼ਨ ਕਰ ਦੂੰਗਾ ਮੈਂ
ਖ਼ੁਦ ਕੋ ਦੀਏ ਦੀਏ ਫਿਰਤਾ ਥਾ ।

ਦੇਖ ਰਹਾ ਹੂੰ ਮਗਰ ਅੰਧੇਰਾ
ਦੁਨੀਆਂ ਮੇਂ ਬੜ੍ਹਤਾ ਜਾਤਾ ਹੈ
ਜੋ ਵਿਸ਼ਵਾਸ ਲੀਏ ਫਿਰਤਾ ਥਾ
ਖ਼ੁਦ ਸੇ ਹੀ ਲੜਤਾ ਰਹਿਤਾ ਹੈ ।

ਐਸੇ ਸੰਕਟ ਕਸ਼ਣ ਮੇਂ ਪ੍ਰਭੂ ਜੀ
ਕਵਿ ਕੋ ਹੀ ਕੰਦੀਲ ਬਨਾਉ
ਮੇਰੇ ਲੜਤੇ ਵਿਸ਼ਵਾਸੋਂ ਕੋ
ਪਾਸ ਬੁਲਾਕਰ ਕੁਛ ਸਮਝਾਉ ।

ਅੰਧੇਰੋਂ ਕੇ ਸਾਜ਼ਿਸ਼ ਹੈ ਯੇਹ,
ਰੌਸ਼ਨੀਆਂ ਆਪਸ ਮੇਂ ਉਲਝੇਂ
ਪ੍ਰਭੂ ਜੀ ਤੁਮਹੀ ਯਤਨ ਕਰੋ ਕੁਛ,
ਰੌਸ਼ਨੀਓਂ ਕੇ ਝਗੜੇ ਸੁਲਝੇਂ ।

ਵਰਨਾ ਇਸ ਸੰਕਟ-ਵੇਲਾ ਮੇਂ
ਕਵਿ ਕੀ ਉਮਰ ਤੋਂ ਢਲਤੀ ਜਾਏ
ਤਿਸ ਪਰ ਉਸ ਕੋ ਬਹੁਤ ਸਤਾਏਂ
ਸ਼ੰਕਾਉਂ ਕੇ ਬੜ੍ਹਤੇ ਸਾਏ ।

ਜੀਵਨ-ਜਯੋਤ ਜਲੇ ਬੁਝ ਜਾਏ
ਲੇਕਿਨ ਕਵਿਤਾ ਕਾਮ ਨਾ ਆਏ । □

[ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ]

ਕੇਸਰ ਸਿੰਘ 'ਕੇਸਰ'

# ਪ੍ਰਗਤੀਵਾਦੀ ਪੰਜਾਬੀ ਕਵਿਤਾ

ਵਿਸ਼ਵ ਪ੍ਰਗਤੀਸ਼ੀਲ ਲੇਖਕ ਸੰਘ ਦੀ ਨੀਂਹ 1935 ਵਿਚ ਰੱਖੀ ਗਈ ਤੇ ਭਾਰਤ ਵਿਚ ਪ੍ਰਗਤੀਸ਼ੀਲ ਸਾਹਿਤਕ ਲਹਿਰ, ਆਪਣੇ ਸੰਗਠਿਤ ਰੂਪ ਵਿਚ, 1936 ਤੋਂ 1960 ਤੱਕ ਸਜੀਵ ਰਹੀ। ਇਸ ਲਈ ਹੱਥਲੇ ਲੇਖ ਦਾ ਸੰਬੰਧ ਕੇਵਲ 1960 ਤੱਕ ਦੀ ਪੰਜਾਬੀ ਕਵਿਤਾ ਨਾਲ ਹੈ। ਮੇਰਾ ਮਨੋਰਥ ਪੰਜਾਬੀ ਕਵਿਤਾ ਉਤੇ ਪ੍ਰਗਤੀਵਾਦੀ ਲਹਿਰ ਦੇ ਪ੍ਰਭਾਵ ਦਾ ਉਲੇਖ ਕਰਨਾ ਨਹੀਂ, ਸਗੋਂ ਇਸ ਲਹਿਰ ਤੋਂ ਪ੍ਰਭਾਵਿਤ ਕੁਝ ਕੁ ਕਵਿਤਾਵਾਂ ਦੀਆਂ ਉਦਾਹਰਣਾਂ ਦੇ ਕੇ ਪ੍ਰਗਤੀਵਾਦੀ ਕਵਿਤਾ ਦੀ ਕਾਵਿਕਤਾ ਦੀ ਪਛਾਣ ਕਰਵਾਉਣਾ ਹੈ।

'ਸਰਬ ਭਾਰਤੀ ਪ੍ਰਗਤੀਸ਼ੀਲ ਲੇਖਕ ਸੰਘ' ਆਪਣੇ ਮੁੱਢ ਤੋਂ ਹੀ ਅੰਤਰ-ਰਾਸ਼ਟਰੀ ਕਮਿਊਨਿਸਟ ਅੰਦੋਲਨ ਤੇ ਕੌਮਾਂਤਰੀ ਅਮਨ ਲਹਿਰ ਨਾਲ ਜੁੜਿਆ ਰਿਹਾ ਹੈ ਤੇ ਇਨ੍ਹਾਂ ਰਾਜਨੀਤਕ ਲਹਿਰਾਂ ਵਿਚ ਸਮੇਂ ਸਮੇਂ ਆਈਆਂ ਤਬਦੀਲੀਆਂ ਪ੍ਰਗਤੀਵਾਦੀ ਸਾਹਿਤ ਨੂੰ ਪ੍ਰਭਾਵਿਤ ਕਰਦੀਆਂ ਰਹੀਆਂ ਹਨ। ਭਾਰਤ ਵਿਚ ਬਰਤਾਨੀਆਂ ਸਰਕਾਰ ਦੇ ਗੁਪਤਚਰ ਵਿਭਾਗ ਦੀ ਇਕ ਰਿਪੋਰਟ[1] ਤੇ ਕਮਿਊਨਿਸਟ ਇੰਟਰਨੈਸ਼ਨਲ ਦੀ ਇਕ ਦਸਤਾਵੇਜ਼[2] ਤੋਂ ਇਹ ਵੀ ਪਤਾ ਲਗਦਾ ਹੈ ਕਿ ਸ਼ੁਰੂ ਸ਼ੁਰੂ ਵਿਚ ਅਗਾਂਹਵਧੂ ਲਹਿਰ ਦਾ ਵਿਕਾਸ, ਫਾਸ਼ੀਵਾਦ-ਨਾਜ਼ੀਵਾਦ ਦੇ ਵਿਰੁਧ ਬੁੱਧੀਜੀਵੀਆਂ ਦੇ ਇਕ 'ਸਾਂਝੇ ਮੋਰਚੇ' ਵਜੋਂ ਹੀ ਹੋਇਆ ਤੇ ਇਸ ਮੋਰਚੇ ਵਿਚ ਰਾਬਿੰਦਰ ਨਾਥ ਟੈਗੋਰ ਜਿਹੇ ਉਹ ਸਾਹਿਤਕਾਰ ਵੀ ਸ਼ਾਮਲ ਹੋਏ ਜਿਨ੍ਹਾਂ ਦਾ ਕਮਿਊਨਿਸਟ ਰਾਜਨੀਤੀ ਨਾਲ ਕੋਈ ਵਾਹ-ਵਾਸਤਾ ਨਹੀਂ ਸੀ।

ਭਾਰਤੀ ਪ੍ਰਗਤੀਸ਼ੀਲ ਸਾਹਿਤਕ ਲਹਿਰ ਦੀ ਪਿੱਠਭੂਮੀ ਬਹੁਤ ਵਿਸ਼ਾਲ ਤੇ ਗਤੀਸ਼ੀਲ ਹੈ। ਇਸ ਲਹਿਰ ਦਾ ਦਾਰਸ਼ਨਿਕ-ਵਿਚਾਰਧਾਰਕ ਆਧਾਰ ਹੈ : ਮਾਰਕਸਵਾਦ, ਸਮਾਜਕ-ਆਰਥਿਕ ਆਧਾਰ ਹੈ : ਬਦਲ ਰਿਹਾ ਜਗੀਰਦਾਰੀ ਪੂੰਜੀਵਾਦੀ ਸਮਾਜ-ਪ੍ਰਬੰਧ, ਤੇ ਇਤਿਹਾਸਕ-ਰਾਜਨੀਤਕ ਆਧਾਰ ਹੈ : ਸੋਵੀਅਤ ਰੂਸੀ ਇਨਕਲਾਬ, ਸਮੁਚੀ ਕੌਮਾਂਤਰੀ ਕਮਿਊਨਿਸਟ ਲਹਿਰ, ਬਸਤੀਵਾਦ ਦੇ ਵਿਰੁਧ ਰਾਸ਼ਟਰੀ ਅੰਦੋਲਨ ਤੇ ਭਾਰਤ ਦੀ ਸੁਤੰਤਰਤਾ ਤੋਂ ਪਿਛੋਂ ਕਿਰਤੀ ਕਿਸਾਨਾਂ ਦੇ ਘੋਲ, ਰੂਸ–ਚੀਨ-ਭਾਰਤ ਦੋਸਤੀ, ਭਾਰਤੀ ਸਰਕਾਰ ਦੇ

1. **Communism in India, unpublished Documents 1935-45; Calcutta, 1976; P. 84.**
2. **Outline History of Communist International, Moscow, 1971, PP. 369-370.**

ਸਮਾਜਵਾਦੀ ਲਾਰੇ ਤੇ ਕਮਿਊਨਿਸਟ ਪਾਰਟੀ ਦੇ ਬਦਲਦੇ ਦਾਅ-ਪੇਚ ਤੇ ਫਿਰ ਇਸ ਪਾਰਟੀ ਦੇ ਅੰਤਰ-ਵਿਰੋਧ। ਪ੍ਰਗਤੀਵਾਦੀ ਲਹਿਰ ਤੋਂ ਪ੍ਰਭਾਵਿਤ ਪੰਜਾਬੀ ਕਵਿਤਾ ਦੇ ਮੁਲੰਕਣ ਲਈ ਇਸ ਪਿਛੋਕੜ ਨੂੰ ਚੇਤੇ ਰੱਖਣਾ ਬੜਾ ਜ਼ਰੂਰੀ ਹੈ।

ਵੀਹਵੀਂ ਸਦੀ ਦੀ ਪੰਜਾਬੀ ਕਵਿਤਾ ਵਿਚ ਪ੍ਰਗਤੀਵਾਦੀ ਕਾਵਿ-ਧਾਰਾ ਦਾ ਦਰਜਾ ਦੋ ਕਾਰਨਾਂ ਕਰਕੇ ਸ਼ਿਰੋਮਣੀ ਹੈ। ਇਕ ਤਾਂ ਇਸ ਨਾਲ ਪੰਜਾਬੀ ਕਵੀ ਪਹਿਲੀ ਵਾਰ ਇਤਿਹਾਸ ਤੋਂ ਅਤੇ ਇਤਿਹਾਸ ਵਿਚ 'ਮਨੁੱਖ' ਦੇ ਰੋਲ ਤੋਂ ਚੇਤੰਨ ਹੋਇਆ ਤੇ ਸਮਕਾਲੀ ਇਤਿਹਾਸ ਨੂੰ ਉਸ ਨੇ ਮਨਚਾਹੀ ਦਿਸ਼ਾ ਵਲ ਮੋੜਨ ਦਾ ਚਾਰਾ ਕੀਤਾ। ਤੇ ਦੂਜੇ, ਆਧੁਨਿਕ ਜੀਵਨ ਦੀ ਜਟਿਲਤਾ ਵਿਚ ਉਲਝੀ ਪੰਜਾਬੀ ਕਵਿਤਾ (ਪੂਰਨ ਸਿੰਘ ਤੇ ਦੀਵਾਨ ਸਿੰਘ ਕਾਲੇਪਾਣੀ ਦੀ ਕਵਿਤਾ ਮਿਸਾਲ ਵਜੋਂ ਪੜ੍ਹੀ ਜਾ ਸਕਦੀ ਹੈ) ਨੂੰ ਇਸ ਕਾਵਿਧਾਰਾ ਨਾਲ ਇਕ ਵਿਗਿਆਨਕ ਆਧਾਰ ਤੇ ਨਵਾਂ ਪਰਿਪੇਖ (ਸਮਾਜਵਾਦੀ ਦ੍ਰਿਸ਼ਟੀ ਤੋਂ ਆਪਣੇ ਸਮਕਾਲੀ ਯਥਾਰਥ ਨੂੰ ਦੇਖਣ ਦੀ ਵਿੱਥ-ਸੋਝੀ) ਪ੍ਰਾਪਤ ਹੋਇਆ। ਪੰਜਾਬੀ ਕਵਿਤਾ ਨੂੰ, ਠੀਕ ਅਰਥਾਂ ਵਿਚ, ਆਧੁਨਿਕ ਨੁਹਾਰ ਦੇਣ ਵਿਚ ਪ੍ਰਗਤੀਵਾਦੀ ਕਾਵਿ-ਧਾਰਾ ਦਾ ਰੋਲ ਪ੍ਰਮੁਖ ਹੈ। ਇਹ ਗੱਲ ਵੱਖਰੀ ਹੈ ਕਿ ਹਰ ਕਵੀ ਨੇ ਆਧੁਨਿਕ ਬੋਧ ਨੂੰ ਆਪਣੀ ਬੌਧਿਕ ਯੋਗਤਾ, ਆਪਣੇ ਸ਼੍ਰੇਣੀ ਸੁਭਾਅ ਤੇ ਆਪਣੀ ਤੇ ਆਪਣੇ ਪਾਠਕ ਦੀ ਸਾਹਿਤਕ ਕਲਚਰ (ਪੰਜਾਬ ਵਿਚ ਹਿੰਦੀ, ਉਰਦੂ ਤੇ ਪੰਜਾਬੀ ਦੀਆਂ ਕਾਵਿ-ਰੂੜ੍ਹੀਆਂ) ਅਨੁਸਾਰ ਹੀ ਗ੍ਰਹਿਣ ਕੀਤਾ ਤੇ ਪ੍ਰਗਟਾਇਆ ਹੈ। ਇਸ ਲਈ ਸਾਰੀ ਪ੍ਰਗਤੀਵਾਦੀ ਕਵਿਤਾ ਦਾ ਪੱਧਰ ਇਕੋ ਜਿਹਾ ਨਹੀਂ ਹੈ। ਇਸ ਕਵਿਤਾ ਦੀ ਕਾਵਿਕਤਾ ਤੇ ਵਿਲੱਖਣਤਾ ਨੂੰ ਰਤਾ ਵਿਸਥਾਰ ਵਿਚ ਉਘਾੜਨ ਲਈ ਮੈਂ ਇਥੇ ਪ੍ਰਗਤੀਵਾਦੀ ਲਹਿਰ ਦੇ ਕੁਝ ਸਾਹਿਤਕ ਟੀਚਿਆਂ ਨੂੰ ਦੁਹਰਾਉਣਾ ਚਾਹਾਂਗਾ। 'ਸਰਬ ਭਾਰਤੀ ਪ੍ਰਗਤੀਸ਼ੀਲ ਲੇਖਕ ਸੰਘ' ਦੇ 1936 ਵਿਚ, ਲਖਨਊ ਵਿਚ, ਹੋਏ ਪਹਿਲੇ ਸਮਾਗਮ ਦੇ ਪ੍ਰਧਾਨਗੀ ਭਾਸ਼ਣ ਵਿਚ ਮੁਨਸ਼ੀ ਪ੍ਰੇਮ ਚੰਦ ਨੇ ਕਿਹਾ ਸੀ :

> ਸਾਹਿਤਕਾਰ ਜਾਂ ਕਲਾਕਾਰ ਸੁਭਾਵਕ ਹੀ ਪ੍ਰਗਤੀਸ਼ੀਲ ਹੁੰਦਾ ਹੈ। ਜੇ ਉਸ ਦਾ ਇਹ ਸੁਭਾ ਨਾ ਹੁੰਦਾ ਤਾਂ ਸ਼ਾਇਦ ਉਹ ਸਾਹਿਤਕਾਰ ਨਾ ਹੁੰਦਾ। ਪ੍ਰਗਤੀ ਜਾਂ ਉੱਨਤੀ ਤੋਂ ਹਰੇਕ ਲੇਖਕ ਜਾਂ ਗ੍ਰੰਥਕਾਰ ਇਕ ਹੀ ਅਰਥ ਨਹੀਂ ਲੈਂਦਾ।[3]
>
> ਉੱਨਤੀ ਤੋਂ ਸਾਡਾ ਭਾਵ ਉਸ ਸਥਿਤੀ ਤੋਂ ਹੈ ਜਿਸ ਤੋਂ ਸਾਡੇ ਵਿਚ ਦ੍ਰਿੜ੍ਹਤਾ ਤੇ ਕਰਮਸ਼ਕਤੀ ਉਤਪੰਨ ਹੋਵੇ, ਜਿਸ ਤੋਂ ਸਾਨੂੰ ਆਪਣੇ ਦੁਖ ਦਾ ਅਹਿਸਾਸ ਹੋਵੇ, ਅਸੀਂ ਦੇਖੀਏ ਕਿ ਕਿਨ੍ਹਾਂ ਕਾਰਨਾਂ ਕਰਕੇ ਅਸੀਂ ਨਿਰਜੀਵਤਾ ਤੇ ਥਕਾਨ ਦੀ ਅਵਸਥਾ ਨੂੰ ਪਹੁੰਚ ਗਏ, ਤੇ ਉਨ੍ਹਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰੀਏ।...ਹੁਣ ਤਾਂ ਸਾਨੂੰ ਉਸ ਕਲਾ ਦੀ ਲੋੜ ਹੈ ਜਿਸ ਵਿਚ ਕਰਮ ਦਾ ਸਨੇਹਾ ਹੋਵੇ।[4]

---

3. ਪ੍ਰੇਮ ਚੰਦ, ਸਾਹਿੱਤ ਕਾ ਉਦੇਸ਼, 1954, ਪ: 9-10
4. ਉਹੀ, ਪੰ: 10

ਸਾਡੀ ਕਸੌਟੀ ਉਤੇ ਉਹੀ ਸਾਹਿਤ ਖਰਾ ਉਤਰੇਗਾ, ਜਿਸ ਵਿਚ ਉੱਚ ਚਿੰਤਨ ਹੋਵੇ, ਸਵਾਧੀਨਤਾ ਦਾ ਭਾਵ ਹੋਵੇ, ਸੁਹਜ ਦਾ ਸਾਰ ਹੋਵੇ, ਸਿਰਜਨ ਦੀ ਆਤਮਾ ਹੋਵੇ, ਜੀਵਨ ਦੀਆਂ ਸਚਾਈਆਂ ਦਾ ਪ੍ਰਕਾਸ਼ ਹੋਵੇ —ਜੋ ਸਾਡੇ 'ਚ ਗਤੀ, ਸੰਘਰਸ਼ ਤੇ ਬੇਚੈਨੀ ਪੈਦਾ ਕਰੇ, ਸੁਲਾਏ ਨਾ ਕਿਉਂਕਿ ਹੁਣ ਹੋਰ ਸੌਣਾ ਮੌਤ ਦਾ ਚਿੰਨ੍ਹ ਹੈ ।[5]

ਜਿਥੋਂ ਤਕ ਸਾਹਿਤਕਾਰ ਦੇ ਸੁਭਾਵਕ ਪ੍ਰਗਤੀਸ਼ੀਲ ਹੋਣ ਦੀ ਗੱਲ ਹੈ, ਬਾਬਾ ਫਰੀਦ ਤੋਂ ਲੈ ਕੇ ਹੁਣ ਤੱਕ ਦੇ ਸਭ ਕਵੀਆਂ ਨੂੰ ਪ੍ਰਗਤੀਸ਼ੀਲ ਕਿਹਾ ਜਾ ਸਕਦਾ ਹੈ ਕਿਉਂਕਿ "ਪ੍ਰਗਤੀ ਜਾਂ ਉੱਨਤੀ ਤੋਂ ਹਰੇਕ ਲੇਖਕ ਇਕ ਹੀ ਅਰਥ ਗ੍ਰਹਿਣ ਨਹੀਂ ਕਰਦਾ ।" ਆਪੋ ਆਪਣੀ ਸਮਾਜਕ ਸਥਿਤੀ ਅਨੁਸਾਰ ਹਰ ਕਵੀ ਜਾਂ ਕਵੀ-ਸਮੂਹ ਨੇ 'ਪ੍ਰਗਤੀ' ਨੂੰ ਵੱਖ ਵੱਖ ਅਰਥਾਂ ਵਿਚ ਲਿਆ ਹੈ । ਉਨ੍ਹਾਂ ਸਾਰੇ ਅਰਥਾਂ ਦੀ ਚਰਚਾ ਕਰਨੀ ਇਥੇ ਸੰਭਵ ਨਹੀਂ, ਪਰ ਇਹ ਦੱਸਣਾ ਜ਼ਰੂਰੀ ਹੈ ਕਿ ਪੰਜਾਬੀ ਕਵੀ ਪ੍ਰਗਤੀਸ਼ੀਲ ਅੰਦੋਲਨ ਦੇ ਸੰਗਠਨ ਵਿਚ ਸ਼ਾਮਲ ਹੋ ਕੇ 'ਪ੍ਰਗਤੀ' ਦੇ ਉਨ੍ਹਾਂ ਵਖੋ ਵਖਰੇ ਅਰਥਾਂ ਤੋਂ ਪਹਿਲੀ ਵਾਰ ਚੇਤੰਨ ਵੀ ਹੋਇਆ ਤੇ ਆਪਣੀ ਸਥਿਤੀ ਅਨੁਸਾਰ ਉਸਨੇ ਪ੍ਰਗਤੀ ਦੇ ਇਕ ਵਿਸ਼ੇਸ਼ ਅਰਥ ਨੂੰ ਸੁਚੇਤ ਰੂਪ ਵਿਚ ਗ੍ਰਹਿਣ ਵੀ ਕੀਤਾ । ਇਹ 'ਸੁਚੇਤਨਾ' ਹੀ ਉਸਨੂੰ ਆਪਣੇ ਤੋਂ ਪਹਿਲੇ ਕਵੀਆਂ ਤੋਂ ਅੱਡਰਾ ਕਰਦੀ ਹੈ ਤੇ ਇਹੋ ਕਾਰਨ ਹੈ ਕਿ ਉਹ ਆਪਣੇ ਲਈ ਪ੍ਰਗਤੀਸ਼ੀਲ ਦੀ ਥਾਂ ਪ੍ਰਗਤੀਵਾਦੀ ਵਿਸ਼ੇਸ਼ਣ ਦਾ ਪ੍ਰਯੋਗ ਵਧੇਰੇ ਠੀਕ ਸਮਝਦਾ ਹੈ ।

ਵੀਹਵੀਂ ਸਦੀ ਦਾ ਪ੍ਰਗਤੀਵਾਦੀ ਕਵੀ 'ਪ੍ਰਗਤੀ' ਦੇ ਜੋ ਅਰਥ ਗ੍ਰਹਿਣ ਕਰਦਾ ਹੈ ਉਨ੍ਹਾਂ ਨੂੰ ਮੁਨਸ਼ੀ ਪ੍ਰੇਮ ਚੰਦ ਨੇ ਬੜੀ ਸੰਖੇਪਤਾ, ਪਰ ਸਪਸ਼ਟਤਾ ਨਾਲ ਲਿਖ ਦਿਤਾ ਹੈ । 'ਪ੍ਰਗਤੀ' ਦੇ ਇਹ ਗੁਣ-ਲੱਛਣ ਹੀ ਪ੍ਰਗਤੀਵਾਦੀ ਕਵਿਤਾ ਦੇ ਪਛਾਣ-ਚਿੰਨ੍ਹ ਹੋਣੇ ਚਾਹੀਦੇ ਹਨ । ਇਨ੍ਹਾਂ ਚਿੰਨ੍ਹਾਂ ਨੂੰ ਪਛਾਣਨ ਦੀ ਜਿੰਨੀ ਕੁ ਮੇਰੀ ਯੋਗਤਾ ਹੈ ਉਸ ਅਨੁਸਾਰ ਪ੍ਰਗਤੀਵਾਦੀ ਲਹਿਰ ਤੋਂ ਪ੍ਰਭਾਵਿਤ ਪਹਿਲੀ ਪੰਜਾਬੀ ਕਵਿਤਾ ਪ੍ਰੋ: ਮੋਹਨ ਸਿੰਘ ਦੀ 'ਤਾਜ ਮਹਲ' ਹੈ । ਇਸ ਕਵਿਤਾ ਨੂੰ ਸਮਝ ਲਿਆ ਜਾਏ ਤਾਂ ਪ੍ਰਗਤੀਵਾਦੀ ਕਾਵਿ-ਧਾਰਾ ਦੀ ਵਿਲੱਖਣਤਾ ਦੀ ਪਛਾਣ ਆਸਾਨ ਹੋ ਜਾਂਦੀ ਹੈ। ਪੂਰੀ ਕਵਿਤਾ ਇਉਂ ਹੈ :

ਦੁੱਧ ਚਿੱਟੀਆਂ ਰੰਗਦਾਰ ਮਰਮਰਾਂ ਦੇ ਗਲ ਘਤ ਕੇ ਬਾਹੀਂ
ਸੁਹਲ ਪਤਲੀਆਂ ਚੰਨ ਦੀਆਂ ਰਿਸ਼ਮਾ, ਸੁਤੀਆਂ ਬੇਪਰਵਾਹੀਂ ।
ਬਿਰਛਾਂ ਬੂਟਿਆਂ ਦੇ ਪਰਛਾਵੇਂ, ਨਸ਼ਿਆਂ ਨਾਲ ਗੜੂੰਦੇ,
ਘਾਹ ਦੇ ਸੁਹਲ ਸੀਨਿਆਂ ਉਤੇ ਸਵਾਦ ਸਵਾਦ ਹੋ ਊਂਘੇ ।
ਲਗ ਟਾਹਣਾਂ ਗਲ ਵੇਲਾਂ ਸੁਤੀਆਂ, ਲਗ ਵੇਲਾਂ ਗਲ ਕਲੀਆਂ
ਲਗ ਕਲੀਆਂ ਗਲ ਗੰਧਾਂ ਸੁਤੀਆਂ, ਨੀਂਦ ਵਲੇਵੇਂ ਵਲੀਆਂ ।
ਸ਼ਾਂਤ ਸੁਤੇ ਜਮਨਾ ਦੇ ਕੰਢੇ, ਹਰੇ ਭਰੇ ਅਤ ਸਾਵੇ,
ਨੀਂਦ ਵਿਗੁਤੀ ਜਲਧਾਰਾ ਨੂੰ, ਬੰਨ੍ਹੀ ਵਿਚ ਕਲਾਵੇ ।

5. ਉਹੀ, ਪੰ: 19

ਸੁੱਤੇ ਪਾਣੀਆਂ ਦੇ ਵਿਚ ਸੁੱਤਾ, ਤਾਜ ਮਹਲ ਦਾ ਸਾਇਆ,
ਜਾਣੋ ਜਮਨਾ ਹਰਨ ਵਾਸਤੇ ਬੁੱਕਲ ਵਿਚ ਲੁਕਾਇਆ ।
ਐਪਰ ਦੂਰ ਸਾਗਰਾਂ ਵੰਨੀ, ਨੱਸਣ ਜਦੋਂ ਉਹ ਲੱਗੀ,
ਨੀਂਦ ਟੂਣਿਆਂ ਦੇ ਜੰਤਰ ਵਿਚ ਟੋਰ ਓਸ ਦੀ ਬੱਝੀ । (6)

ਸੁੱਤੇ ਏਸ ਚੁਗਿਰਦੇ ਅੰਦਰ ਮੈਂ ਕੱਲਾ ਇਕ ਜਾਗਾਂ,
ਜਗ ਰਹੀਆਂ ਦੋ ਅੱਖਾਂ ਮੇਰੀਆਂ ਚੁਪ ਚੁਪ ਵਾਂਗ ਚਰਾਗਾਂ ।
ਗੁੰਬਦ ਦਿਆਂ ਉਭਾਰਾਂ ਉਤੇ ਮਸਤਾਈਆਂ ਅਲਸਾਈਆਂ
ਫਿਰ ਰਹੀਆਂ ਸਨ ਨਜ਼ਰਾਂ ਮੇਰੀਆਂ ਸੁਹਜ-ਸਵਾਦ ਤਰਿਹਾਈਆਂ ।
ਜਿੱਦਾਂ ਬਰਫ਼-ਦੁਧ-ਚੰਨ ਚਿੱਟੇ ਹਿੱਕ ਉਭਾਰਾਂ ਉਤੇ
ਫ਼ਿਰਨ ਉਂਘਦੇ ਨਾਲ ਸਵਾਦਾਂ ਪੋਟੇ ਪਿਆਰ ਵਿਗੁੱਤੇ ।
ਤਕ ਤਕ ਕਸਬ ਹੁਨਰ ਮੁਗਲਾਂ ਦਾ ਹੈਰਤ ਵਧਦੀ ਜਾਵੇ,
ਸ਼ਾਹ ਜਹਾਨ ਦੇ ਸੁਹਜ-ਸਵਾਦ ਨੂੰ ਲੂੰ ਲੂੰ ਪਿਆ ਸਲਾਹਵੇ । (10)

ਏਨੇ ਨੂੰ ਗੁੰਬਦ ਦਾ ਆਂਡਾ ਟੋਟੇ ਟੋਟੇ ਹੋਇਆ
ਚੀਕਾਂ ਕੂਕਾਂ ਤੇ ਫ਼ਰਿਆਦਾਂ ਜਾ ਅੰਬਰ ਨੂੰ ਛੋਹਿਆ । (11)

ਹੜ੍ਹ ਮਜ਼ਦੂਰਨੀਆਂ ਦਾ ਵਗਿਆ ਨਾਲ ਮਜੂਰ ਹਜ਼ਾਰਾਂ,
ਚੁਕੀ ਕਹੀਆਂ, ਦੁਰਮਟ, ਤੇਸੇ, ਬੱਝੇ ਵਿਚ ਵਗਾਰਾਂ ।
ਦੁੱਧੀਆਂ ਨਾਲ ਪਲਮਦੇ ਬੱਚੇ ਕੰਮੀਂ ਰੁਝੀਆਂ ਮਾਵਾਂ ।
ਅੱਖਾਂ ਦੇ ਵਿਚ ਛਲਕਣ ਅਥਰੂ, ਹਿੱਕਾਂ ਦੇ ਵਿਚ ਆਹਾਂ ।
ਬੋਕਿਆਂ ਵਰਗੇ ਪੇਟ ਉਹਨਾਂ ਦੇ ਤੁਕਿਆਂ ਵਰਗੇ ਗਾਟੇ,
ਛਾਲੇ ਛਾਲੇ ਹੱਥ ਉਹਨਾਂ ਦੇ, ਪੈਰ ਬਿਆਈਆਂ ਪਾਟੇ ।
ਫਿਰ ਵੀ ਕੰਮ ਕਰਾਵਣ ਵਾਲੇ ਮਾਰ ਮਾਰ ਕੇ ਫਾਟਾਂ
ਮਾਸੂਮਾਂ ਦੇ ਪਿੰਡਿਆਂ ਉਤੇ ਚਾੜ੍ਹੀ ਜਾਣ ਸਲਾਟਾਂ । (15)

ਏਦਾਂ ਮਜ਼ਦੂਰਾਂ ਦੀ ਝਾਕੀ ਜਦ ਮੈਨੂੰ ਦਿਸ ਆਈ,
ਨਾਲ ਪੀੜ ਦੇ ਕਲ ਵਲ ਹੋ ਕੇ ਰੂਹ ਮੇਰੀ ਕੁਰਲਾਈ :
ਕੀ ਉਹ ਹੁਸਨ ਹੁਸਨ ਹੈ ਸਚਮੁਚ ਯਾ ਉਂਜੇ ਹੀ ਛਲਦਾ
ਲੱਖ ਗਰੀਬਾਂ ਮਜ਼ਦੂਰਾਂ ਦੇ ਹੰਝੂਆਂ 'ਤੇ ਜੋ ਪਲਦਾ ? (17)

(ਕਸੁੰਭੜਾ—1939)

ਇਸ ਕਵਿਤਾ ਵਿਚ ਜੀਵਨ-ਸੱਚ ਦਾ ਪ੍ਰਕਾਸ਼ ਵੀ ਹੈ ਤੇ ਬੇਚੈਨੀ ਪੈਦਾ ਕਰਨ ਦੀ ਸ਼ਕਤੀ ਵੀ । ਇਹ ਕੇਵਲ ਸ਼ਬਦਾਂ ਤੇ ਸ਼ਬਦ-ਚਿਤ੍ਰਾਂ ਦਾ ਭੇੜ ਨਹੀਂ, ਇਥੇ ਯਥਾਰਥ ਆਪਣੇ ਅੰਤਰ-ਵਿਰੋਧਾਂ ਸਮੇਤ ਹਾਜ਼ਰ ਹੈ । ਕਵਿਤਾ ਦਾ ਜਨਮ ਦੋ ਪਰਸਪਰ-ਵਿਰੋਧੀ ਕਾਰਜਾਂ ਦੀ ਏਕਤਾ ਨੂੰ ਵਿਅਕਤ ਕਰਨ ਦੇ ਜਤਨ ਵਿਚੋਂ ਹੋਇਆ ਹੈ । ਇਕ ਜੀਵਨ ਨੂੰ ਭੋਗਣ ਦਾ ਕਾਰਜ ਹੈ ਤੇ ਦੂਜਾ ਜੀਵਨ ਨੂੰ ਸਿਰਜਣ ਦਾ । ਅਸਲ ਵਿਚ ਜੀਵਨ ਦਾ ਸੱਚ

ਹੈ ਹੀ ਭੋਗਣਹਾਰ ਤੇ ਸਿਰਜਣਹਾਰ ਦਾ ਸੱਚ। ਭੋਗਣਹਾਰ ਤੇ ਸਿਰਜਣਹਾਰ ਇਕੋ ਵਿਅਕਤੀ ਜਾਂ ਇਕੋ ਵਰਗ ਵੀ ਹੋ ਸਕਦਾ ਹੈ, ਪਰ ਇਸ ਕਵਿਤਾ ਵਿਚ ਇਹ ਦੋ ਵੱਖ ਵੱਖ ਵਰਗ ਹਨ ਤੇ ਇਹ ਵਰਗ-ਵਿਰੋਧ ਵੀ ਅਜੋਕੇ ਭਾਰਤੀ ਜੀਵਨ ਦਾ ਸੱਚ ਹੈ। ਕਵਿਤਾ ਦੇ ਪਹਿਲੇ ਛੇ ਬੰਦਾਂ ਵਿਚ ਨੀਂਦ-ਵਿਗੁੱਤੇ ਤੇ ਵਿਲਾਸ-ਵਲਿਸੇ ਵਿਅਕਤੀਆਂ ਦਾ ਸੱਚ ਹੈ। ਵੇਖਣ ਨੂੰ ਇਹ ਪ੍ਰਕਿਰਤੀ ਦੇ ਚਿਤ੍ਰ ਹਨ, ਪਰ ਇਹਨਾਂ ਚਿਤ੍ਰਾਂ ਵਿਚ ਪੇਸ਼ ਕਾਰਜ ਮਨੁੱਖੀ ਹੈ। ਸੁਹਲ, ਵਿਹਲੇ, ਬੇਪਰਵਾਹ ਵਿਅਕਤੀ ਇਕ ਦੂਜੇ ਨੂੰ ਗਲਵਕੜੀਆਂ ਪਾਈਂ, ਨਸ਼ਿਆਂ ਵਿਚ ਗੜੂੰਦ ਹਨ ਤੇ ਜੀਵਨ ਦੇ ਸੁਖ-ਸੁਹਜ ਨੂੰ ਭੋਗ ਰਹੇ ਹਨ। ਦੂਜੇ ਪਾਸੇ 12ਵੇਂ ਤੋਂ 15ਵੇਂ ਬੰਦ ਤਕ ਸਿਰਜਕ ਵਰਗ ਆਪਣੀ ਸ਼ਕਤੀ, ਮਜਬੂਰੀ, ਦੁੱਖ ਤੇ ਭੁੱਖ ਸਣੇ ਕੰਮ ਵਿਚ ਜੁਟਿਆ ਹੋਇਆ ਹੈ। ਇਹ ਕੰਮ ਆਪਣੇ ਲਈ ਨਹੀਂ, ਭੋਗਣਹਾਰ ਦੇ ਸੁਖ-ਸੁਹਜ ਲਈ ਹੈ, ਇਸੇ ਲਈ ਇਹ ਵਗਾਰ ਹੈ।

ਇਕ ਵਾਰ ਡਾ. ਹਰਿਭਜਨ ਸਿੰਘ ਨੇ ਲਿਖਿਆ ਸੀ, "ਤਾਜ ਮਹਲ ਦਾ ਪ੍ਰੇਰਨਾ ਸਰੋਤ ਇਤਿਹਾਸ ਬੁਧ ਹੈ ਨਿੱਜੀ-ਅਨੁਭਵ ਨਹੀਂ।"[6] ਪਰ ਮੇਰੇ ਖਿਆਲ ਵਿਚ ਇਹ ਕਵਿਤਾ ਇਤਿਹਾਸ ਬੋਧ ਦੀ ਵੀ ਹੈ ਤੇ ਨਿੱਜੀ-ਅਨੁਭਵ ਦੀ ਵੀ ਕਿਉਂਕਿ ਇਸ ਵਿਚ ਪੇਸ਼ ਯਥਾਰਥ ਸਾਡੇ ਇਤਿਹਾਸ ਦਾ ਹੀ ਸੱਚ ਨਹੀਂ, ਮੋਹਨ ਸਿੰਘ ਦਾ ਸਮਕਾਲੀ ਯਥਾਰਥ ਵੀ ਹੈ। ਚਿੱਟੇ ਮਰਮਰ ਦਾ ਬਣਿਆ ਤਾਜ ਤੇ ਉਸ ਦਾ ਸੁੰਦਰ ਚੌਗਿਰਦਾ ਸ਼ਾਹ ਜਹਾਨ ਦੇ ਸਮੇਂ ਵੀ ਸੀ ਤੇ ਅੱਜ ਵੀ ਹੈ, ਮਹਿਲਾਂ ਵਿਚ ਮੌਜਾਂ ਮਾਣਦਾ ਵਿਹਲਾ ਵਰਗ ਓਦੋਂ ਵੀ ਸੀ ਤੇ ਅੱਜ ਵੀ ਹੈ, ਇਸ ਵਿਹਲੇ ਵਰਗ ਦੇ ਐਸ਼ੋ-ਆਰਾਮ ਲਈ ਮਿਹਨਤ ਕਰਨ ਵਾਲੇ ਲੋਕ ਓਦੋਂ ਵੀ ਸਨ ਤੇ ਅੱਜ ਵੀ ਹਨ। ਦੋਹਾਂ ਵਰਗਾਂ ਦੇ ਵਿਰੋਧ ਨੂੰ ਉਸ ਸਮੇਂ ਦੇ ਕਵੀ ਨੇ ਵੀ ਵੇਖਿਆ ਸੀ, ਪਰ ਇਨ੍ਹਾਂ ਦੀ ਏਕਤਾ ਨੂੰ ਪਛਾਨਣ ਲਈ ਜਾਂ ਇਨ੍ਹਾਂ ਦੋਹਾਂ ਦੀ ਅੰਤਰ-ਨਿਰਭਰਤਾ ਨੂੰ ਜਾਣਨ ਲਈ ਉਸ ਕੋਲ ਉਹ ਵਿੱਥ-ਸੋਝੀ ਨਹੀਂ ਸੀ, ਜੋ ਮੋਹਨ ਸਿੰਘ ਕੋਲ ਹੈ। ਸਾਡਾ ਪੁਰਾਣਾ ਕਵੀ (ਗੁਰੂ/ਸੂਫ਼ੀ) ਕਿਰਤ ਦੀ ਮਹੱਤਤਾ ਨੂੰ ਪਛਾਣਦਾ ਹੋਇਆ ਵੀ ਭੋਗਣਹਾਰ ਦੇ ਸੁਖ-ਸਾਧਨਾਂ ਨੂੰ ਉਸ ਦੇ ਆਪ ਸਿਰਜੇ ਜਾਂ ਪ੍ਰਭੂ ਦੇ ਦਿਤੇ ਸਮਝਦਾ ਹੈ। ਉਹ ਭੋਗਣਹਾਰ ਦੇ ਵਿਲਾਸੀ ਜੀਵਨ ਨੂੰ ਨਾ ਤਾਂ ਸਵੀਕਾਰ ਕਰਦਾ ਹੈ ਤੇ ਨਾ ਹੀ ਉਸ ਨੂੰ ਸਮਝਣ ਲਈ ਆਪਣੇ ਪਾਠਕ/ਸਰੋਤੇ ਨੂੰ ਪ੍ਰੇਰਿਤ ਕਰਦਾ ਹੈ। ਅਸਲ ਵਿਚ ਜਿਸ ਨੂੰ ਸਵੀਕਾਰ ਨਹੀਂ ਕੀਤਾ ਜਾਂਦਾ ਉਸ ਨੂੰ ਸਮਝਿਆ ਨਹੀਂ ਜਾ ਸਕਦਾ। ਮੋਹਨ ਸਿੰਘ ਦੀ ਪ੍ਰਗਤੀਸ਼ੀਲਤਾ ਤੇ ਪੁਰਾਣੇ ਕਵੀ ਦੀ ਪ੍ਰਗਤੀਸ਼ੀਲਤਾ ਵਿਚ ਇਕ ਵੱਡਾ ਫਰਕ ਇਹ ਹੈ ਕਿ ਮੋਹਨ ਸਿੰਘ ਉਪਰਲੇ ਵਰਗਾਂ ਦੇ ਸੁਖ-ਸਵਾਦ ਨੂੰ ਯਥਾਰਥ ਰੂਪ ਵਿਚ ਸਵੀਕਾਰਦਾ ਵੀ ਹੈ ਤੇ ਉਸ ਦੇ ਪਿੱਛੇ ਲੁਕੀ ਮਿਹਨਤ ਸ਼ਕਤੀ ਨੂੰ ਵੀ ਪਛਾਣਦਾ ਹੈ।

ਭੋਗਣਹਾਰ ਤੇ ਸਿਰਜਣਹਾਰ ਤੋਂ ਛੁੱਟ, ਇਸ ਕਵਿਤਾ ਵਿਚ ਇਕ ਤੀਜੀ ਧਿਰ ਵੀ ਹੈ, ਉਹ ਹੈ ਦੇਖਣਹਾਰ। ਦੇਖਣਹਾਰ ਹੈ ਤਾਂ ਜਾਗਦਾ ਮਨੁੱਖ, ਪਰ ਉਹ ਵੀ ਨੀਂਦ-ਵਿਗੁਤੇ

---

6. ਹਰਿਭਜਨ ਸਿੰਘ, "ਨਿਮਖ ਚਿਤਵੀਏ ਨਿਮਖ ਸਲਾਹੀਏ", ਪੰਜਾਬੀ ਸਾਹਿੱਤ, ਮੋਹਨ ਸਿੰਘ ਅੰਕ, ਜੁਲਾਈ 1960

ਵਿਲਾਸੀ ਜੀਵਨ ਦੇ ਸੱਚ ਨੂੰ ਭੋਗ ਰਿਹਾ ਹੈ, ਉਸ ਦੀਆਂ ਖੁਲ੍ਹੀਆਂ ਅੱਖਾਂ ਵੀ ਮਸਤਾਈਆਂ-ਅਲਸਾਈਆਂ ਹਨ, ਉਸ ਨੂੰ ਤਾਜ ਦੇ ਗੁੰਬਦ ਕਿਸੇ ਦੀ ਹਿੱਕ ਦੇ ਉਭਾਰ ਲਗਦੇ ਹਨ, ਤੇ ਇਸ ਦੀ ਸੁੰਦਰਤਾ ਭੋਗਣਹਾਰ (ਮੁਗਲਾਂ) ਦੇ ਹੁਨਰ ਦਾ ਕਮਾਲ ਜਾਪਦੀ ਹੈ; ਗੱਲ ਕੀ, ਉਸ ਸੁਹਦ-ਸੁਆਦ ਸ਼ਾਹ ਜਹਾਨ ਦੇ ਸੁਹਦ ਸੁਆਦ ਤੋਂ ਵੱਖਰਾ ਨਹੀਂ। [7ਵੇਂ ਤੋਂ 10ਵਾਂ ਬੰਦ] ਉਹ ਭੋਗਣਹਾਰ ਨੂੰ, ਭੁਲੇਖੇ ਨਾਲ, ਸਿਰਜਣਹਾਰ ਸਮਝ ਬੈਠਾ ਸੀ, ਪਰ "ਏਨੇ ਨੂੰ ਗੁੰਬਦ ਦਾ ਆਂਡਾ ਟੋਟੇ ਟੋਟੇ ਹੋਇਆ।" ਗੁੰਬਦ ਦਾ ਟੋਟੇ ਹੋਣਾ, ਅਸਲ ਵਿਚ, ਦੇਖਣ–ਹਾਰ ਦੇ ਭੁਲੇਖੇ ਦਾ ਟੁੱਟਣਾ ਹੈ। ਉਸਦੀ ਪਹਿਲੀ ਅੱਖ ਦਾ ਬੰਦ ਹੋਣਾ ਤੇ ਨਵੀਂ ਅੱਖ ਦਾ ਖੁਲ੍ਹਣਾ ਹੈ, ਜਿਹੜੀ ਭੋਗੀ ਤੋਂ ਪਾਰ ਸਿਰਜਕ ਦੀ ਤਲਾਸ਼ ਕਰਦੀ ਹੈ। ਹੁਣ ਉਸਨੂੰ ਸਿਰਜਕ ਦੀ ਕਰੜੀ ਕਿਰਤ ਦਾ ਖਰ੍ਹਵਾ ਸੁਹਜ [ਛਾਲੇ ਛਾਲੇ ਹੱਥ, ਪੈਰ ਬਿਆਈਆਂ ਪਾਟੇ, ਬੋਕਿਆਂ ਵਰਗੇ ਪੇਟ, ਤੁੱਕਿਆਂ ਵਰਗੇ ਗਾਟੇ] ਅਸਲੀਅਤ ਤੇ ਭੋਗਣਹਾਰ ਦੀ ਕੋਮਲਤਾ ਦਾ ਸੁਹਜ, ਉਸਦੇ ਮੁਕਾਬਲੇ, ਇਕ ਛਲਾਵਾ ਲਗਦਾ ਹੈ। ਉਹ ਹੁਣ ਸਿਰਜਣਹਾਰ ਦੀ ਪੀੜ ਨਾਲ ਵਿਆਕੁਲ, ਆਪਣੇ ਆਪ ਨੂੰ ਪੁਛਦਾ ਹੈ: "ਕੀ ਉਹ ਹੁਸਨ ਹੁਸਨ ਹੈ ਸਚਮੁਚ ਜਾਂ ਉਂਜੇ ਹੀ ਛਲਦਾ ?"

ਦੇਖਣਹਾਰ ਜੇ ਕਵੀ ਆਪ ਹੈ, ਤਾਂ ਇਹ ਆਖ਼ਰੀ ਬੰਦ ਕਵੀ ਦਾ ਨਿਰਣਾ ਨਹੀਂ, ਕਵੀ ਦਾ ਪ੍ਰਸ਼ਨ ਹੈ। ਨਿਰਣਾ ਪਾਠਕ ਨੇ ਆਪ ਕਰਨਾ ਹੈ, ਤੇ ਇਸੇ ਲਈ ਇਸ ਕਵਿਤਾ ਨੂੰ ਪੜ੍ਹ ਕੇ ਪਾਠਕ ਸ਼ਾਂਤ ਨਹੀਂ ਹੁੰਦਾ, ਬੇਚੈਨ ਹੁੰਦਾ ਹੈ। ਇਹ ਕਵੀ ਨਾ ਗੁਰੂ ਹੈ, ਨਾ ਵੈਦ ਕਿਉਂਕਿ ਉਸ ਦੇ ਲਈ ਪਾਠਕ ਨਾ ਸਿਖ ਹੈ ਤੇ ਨਾ ਰੋਗੀ, ਇਹ ਕਵਿਤਾ ਨਾ ਉਪਦੇਸ਼ਾਤਮਕ ਹੈ ਤੇ ਨਾ ਭਾਵ-ਵਿਰੇਚਕ (cathartic), ਇਸ ਲਈ ਇਹ ਕਵੀ ਸੁਧਾਰਵਾਦੀ ਨਹੀਂ, ਕ੍ਰਾਂਤੀਕਾਰੀ ਹੈ, ਉਸ ਦਾ ਜ਼ੋਰ ਵਿਅਕਤੀ ਨੂੰ ਸੁਧਾਰਨ ਉਤੇ ਨਹੀਂ ਸਥਿਤੀ ਨੂੰ ਤਬਦੀਲ ਕਰਨ ਉਤੇ ਹੈ। ਪ੍ਰਗਤੀਵਾਦੀ ਪੰਜਾਬੀ ਕਵਿਤਾ ਦਾ ਇਹ ਇਕ ਹੋਰ ਲਛਣ ਹੈ ਜੋ ਇਸ ਨੂੰ ਬਾਕੀ ਦੀ ਪੰਜਾਬੀ ਕਵਿਤਾ ਤੋਂ ਅਲੱਗ ਕਰਦਾ ਹੈ। ਜੇ ਭਾਸ਼ਾਈ ਸੰਚਾਰ ਦਾ ਅਰਥ ਪਰਚਾਰ ਹੁੰਦਾ ਹੈ ਤਾਂ ਪ੍ਰਗਤੀਵਾਦੀ ਕਵੀ ਵੀ ਇਕ ਵਿਸ਼ੇਸ਼ ਵਿਚਾਰਧਾਰਾ ਦਾ ਪਰਚਾਰ ਕਰਦਾ ਹੈ, ਪਰ ਕਲਾਹੀਣ ਪਰਚਾਰ ਤੇ ਪਾਠਕ ਦੀ ਆਤਮਾ ਦਾ ਸੁਧਾਰ ਪ੍ਰਗਤੀਵਾਦੀ ਕਵਿਤਾ ਤੇ ਪ੍ਰਮਾਣਿਕ ਪ੍ਰਗਤੀਵਾਦੀ ਆਲੋਚਨਾ ਦਾ ਕਦੀ ਵੀ ਉਦੇਸ਼ ਨਹੀਂ ਰਿਹਾ। ਇਸ ਲਈ ਇਥੇ ਕਵਿਤਾ ਤੇ ਵਿਚਾਰਧਾਰਾ ਅਤੇ ਕਵਿਤਾ ਤੇ ਪਰਚਾਰ ਦੇ ਸੰਬੰਧਾਂ ਦੀ ਬਲੋੜੀ ਬਹਿਸ ਵਿਚ ਪੈਣੋਂ ਸੰਕੋਚ ਹੀ ਕਰਨਾ ਚਾਹੀਦਾ ਹੈ। ਜੇ ਪ੍ਰਗਤੀਵਾਦੀ ਲਹਿਰ ਤੋਂ ਪ੍ਰਭਾਵਿਤ ਪੰਜਾਬੀ ਕਵੀਆਂ ਨੇ ਅਜਿਹੀਆਂ ਕਵਿਤਾਵਾਂ ਦੀ ਰਚਨਾ ਕੀਤੀ ਹੈ ਜਿਨ੍ਹਾਂ ਵਿਚ ਉਪ-ਦੇਸ਼ਿਕ ਪਰਚਾਰ ਜਾਂ ਭਾਵ-ਵਿਰੇਚਕ ਉਦਗਾਰ ਨੂੰ ਪਹਿਲ ਦਿਤੀ ਗਈ ਹੈ ਤਾਂ ਪ੍ਰਗਤੀ-ਆਲੋਚਨਾ ਦੇ ਆਪਣੇ ਟੀਚਿਆਂ ਮੁਤਾਬਕ ਉਨ੍ਹਾਂ ਨੂੰ, ਘੱਟੋ ਘੱਟ, ਪ੍ਰਗਤੀਵਾਦੀ ਕਵਿਤਾਵਾਂ ਨਹੀਂ ਕਿਹਾ ਜਾ ਸਕਦਾ। ਪ੍ਰਗਤੀਵਾਦੀ ਕਵਿਤਾ ਵਿਚਾਰਧਾਰਾ ਦਾ ਪਰਚਾਰ ਨਹੀਂ ਕਰਦੀ, ਪਾਠਕ ਵਿਚ ਕੇਵਲ ਅਜਿਹੀ ਸਮਰੱਥਾ ਪੈਦਾ ਕਰਦੀ ਹੈ ਕਿ ਉਹ ਆਪਣੇ ਨਿੱਤ ਦੇ ਅਨੁਭਵ ਨੂੰ ਵਿਚਾਰਧਾਰਕ ਪੱਧਰ ਉਤੇ ਸੋਚ-ਸਮਝ ਸਕੇ।

ਹਰਿਭਜਨ ਸਿੰਘ ਦਾ 'ਨਿੱਜੀ-ਅਨੁਭਵ' ਤੋਂ ਭਾਵ ਇਹ ਹੋ ਸਕਦਾ ਹੈ ਕਿ 'ਤਾਜ

ਮਹਲ' ਵਿਚ ਕਵੀ ਦਾ ਨਿੱਜ-ਹੰਢਾਏ ਜੀਵਨ ਦਾ ਅਨੁਭਵ ਨਹੀਂ, ਕੇਵਲ ਦੇਖੇ ਹੋਏ ਜੀਵਨ ਦਾ ਅਨੁਭਵ ਹੈ ਕਿਉਂਕਿ ਇਥੇ ਕਵੀ ਨਾ ਭੋਗੀ ਹੈ ਨਾ ਸਿਰਜਕ, ਸਿਰਫ਼ ਦਰਸ਼ਕ ਹੈ। ਉਹ ਨਾ ਤਾਂ ਉਸ ਵਰਗ ਵਿਚੋਂ ਹੈ ਜੋ ਕੰਮ ਕਰਾਉਂਦਾ ਤੇ ਐਸ਼ ਕਰਦਾ ਹੈ ਤੇ ਨਾ ਹੀ ਉਸ ਵਿਚੋਂ ਜੋ ਕੰਮ ਕਰਦਾ ਤੇ ਫਾਟਾਂ ਜਰਦਾ ਹੈ। ਉਹ ਤਾਂ ਵਿਚਾਰਾ ਮਧ-ਵਰਗ ਦਾ ਵਿਅਕਤੀ ਹੈ ਜੋ ਕੇਵਲ ਦੇਖ ਹੀ ਸਕਦਾ ਹੈ। ਪਰ ਯਾਦ ਰਹੇ ਕਿ ਸਿਰਜਣਾ ਤੇ ਭੋਗ ਤੋਂ ਵਿਰਵਾ ਮਧ-ਵਰਗ ਅੱਵਲ ਤਾਂ ਕਿਤੇ ਹੈ ਹੀ ਨਹੀਂ, ਤੇ ਜੇ ਕੋਈ ਇਕ-ਅੱਧ ਵਿਅਕਤੀ ਅਜਿਹਾ ਹੈ ਤਾਂ ਉਸ ਦਾ ਅਨੁਭਵ ਜੀਵਨ ਦੇ ਯਥਾਰਥ ਦਾ ਨਹੀਂ, ਜੀਵਨ ਦੇ ਨਿਖੇਧ ਦਾ ਹੋ ਸਕਦਾ ਹੈ। ਪੰਜਾਬੀ ਵਿਚ 1960 ਤੋਂ ਪਿਛੋਂ ਅਜਿਹੇ ਨਾਂਹ-ਵਾਚੀ ਅਨੁਭਵ ਦੀ ਕਵਿਤਾ ਵੀ ਲਿਖੀ ਗਈ ਹੈ ਤੇ ਅਨੁਭਵ ਦੀ ਇਸ ਵਿਲੱਖਣਤਾ ਕਾਰਨ ਹੀ ਉਸ ਨੂੰ ਅਕਵਿਤਾ (anti-poetry) ਕਿਹਾ ਗਿਆ ਹੈ। ਪਰ ਮੋਹਨ ਸਿੰਘ ਦੀ ਇਸ ਕਵਿਤਾ ਵਿਚਲਾ 'ਦਰਸ਼ਕ', ਖਿਲਾਅ ਵਿਚ ਖਲੋਤਾ ਮਧਵਰਗੀ ਜੀਵ ਤੇ 'ਅਕਵਿਤਾ' ਦਾ ਪਾਤਰ ਨਹੀਂ ਕਿਉਂਕਿ ਉਹ ਭੋਗੀ ਵੀ ਹੈ ਤੇ ਸਿਰਜਕ ਵੀ, ਉਹ ਸੁਹਜ ਦਾ ਆਨੰਦ ਵੀ ਲੈਂਦਾ ਹੈ ਤੇ ਸੁਹਜ-ਸਿਰਜਕਾਂ ਦੇ ਦੁਖ ਵਿਚ ਵੀ ਸ਼ਰੀਕ ਹੁੰਦਾ ਹੈ, ਪਰ ਉਸ ਦੀ ਆਖ਼ਰੀ ਵਫ਼ਾ ਸਿਰਜਣਹਾਰ ਨਾਲ, ਕੰਮੀ ਰੁਝੀਆਂ ਮਾਵਾਂ ਨਾਲ ਹੈ।

ਪ੍ਰਗਤੀਵਾਦੀ ਲਹਿਰ ਤੋਂ ਪ੍ਰਭਾਵਿਤ ਦੂਜਾ ਵੱਡਾ ਕਵੀ ਹੈ: ਬਾਵਾ ਬਲਵੰਤ। ਬਾਵੇ ਕੋਲ ਮੋਹਨ ਸਿੰਘ ਨਾਲੋਂ ਵਧੇਰੇ ਦਾਰਸ਼ਨਿਕ ਡੂੰਘਾਈ ਤਾਂ ਹੈ, ਪਰ ਜੀਵਨ ਦੇ ਯਥਾਰਥ ਨੂੰ ਠੋਸ ਰੂਪ ਵਿਚ ਗ੍ਰਹਿਣ ਕਰਨ ਤੇ ਸਾਕਾਰ ਕਰਨ ਵਿਚ ਉਹ ਮੋਹਨ ਸਿੰਘ ਦੀ ਸੀਮਾ ਨੂੰ ਟੱਪ ਨਹੀਂ ਸਕਿਆ। ਬਾਵੇ ਨੇ 'ਟ੍ਰਾਟਸਕੀ', 'ਰੈਲਫ਼ ਫਾਕਸ', 'ਆਇਨਸਟਾਈਨ', 'ਰੂਸ' 'ਸਮਾਜਵਾਦ' ਆਦਿਕ ਅਜਿਹੀਆਂ ਕਵਿਤਾਵਾਂ ਵੀ ਲਿਖੀਆਂ ਹਨ ਜਿਨ੍ਹਾਂ ਵਿਚ ਸੰਸਾਰ ਪ੍ਰਸਿੱਧ ਕਮਿਊਨਿਸਟ ਸੂਰਮਿਆਂ ਅਤੇ ਕਮਿਊਨਿਸਟ ਵਿਚਾਰਧਾਰਾ ਦੇ ਪ੍ਰਮੁਖ ਨੇਮਾਂ ਦਾ ਵਰਣਨ ਕੀਤਾ ਗਿਆ ਹੈ ਅਤੇ 'ਹਰਾਮੀ', 'ਨੌਕਰ', 'ਰੋਜ਼ ਉਸਦਾ ਹਾਰ ਟੁਟ ਜਾਇਆ ਕਰੇ', ਆਦਿਕ ਉਹ ਕਵਿਤਾਵਾਂ ਵੀ ਜਿਨ੍ਹਾਂ ਵਿਚ ਉਸ ਨੇ ਉਨ੍ਹਾਂ ਕਾਮੇ-ਕਾਰੀਗਰਾਂ ਨੂੰ ਆਪੋ-ਆਪਣੀ ਇਤਿਹਾਸਕ-ਸਮਾਜਕ ਸਥਿਤੀ ਤੋਂ ਚੇਤੰਨ ਹੁੰਦੇ ਦਿਖਾਇਆ ਹੈ ਜਿਨ੍ਹਾਂ ਨੂੰ ਧਨਵਾਨ-ਵਰਗ ਨੇ ਉਨ੍ਹਾਂ ਦੇ ਸਮੁੱਚੇ ਵਿਰਸੇ ਤੇ ਸੁਖ-ਸਵਾਦ ਤੋਂ ਵੰਚਿਤ ਕਰ ਦਿੱਤਾ ਹੈ। 'ਨੌਕਰ' ਕਵਿਤਾ ਵਿਚ ਇਕ 'ਮੁੰਡੂ' ਆਪਣੀ ਸਮਾਜਕ ਸਥਿਤੀ ਬਾਰੇ ਕੁਝ ਇਉਂ ਸੋਚਦਾ ਹੈ:

ਛਲਕਦੇ ਰੇਸ਼ਮ ਦੇ ਲਬਾਸ/ਅਕਸ ਲਹਿਰਾਂ ਤੇ ਹੈ ਨੀਲੋਫ਼ਰ ਦਾ,
ਸੰਦਲੀ-ਜ਼ੁਲਫ਼ਾਂ ਦਾ ਸ਼ਿੰਗਾਰ/ਮਖ਼ਮਲੀ ਸੀਨੇ ਦਾ ਉਭਾਰ,
ਰਾਤ ਦਿਨ ਖ਼ੁਸ਼ਬੂ ਦੀ ਬਹਾਰ/ਜਿਵੇਂ ਹਸਦੇ ਨੇ ਗੁਲਾਬ
ਵੇਖ ਕੇ ਅਧਨੰਗੇ ਬਦਨ/ਨੀਤ ਹੁੰਦੀ ਏ ਖਰਾਬ,
ਉਹ ਸਮਝਦੇ ਹੀ ਨਹੀਂ—ਮੈਂ ਵੀ ਤਾਂ ਦਿਲ ਰਖਦਾ ਹਾਂ!

ਫੇਰ ਆਉਂਦੀ ਏ ਆਵਾਜ਼: 'ਇਕ ਪਾਣੀ ਦਾ ਗਲਾਸ!'
ਇਕ ਪਾਣੀ ਦਾ ਗਲਾਸ

ਡੋਬ ਦੇਂਦਾ ਏ ਮੇਰੇ ਸਾਰੇ ਖ਼ਾਬਾਂ ਦਾ ਜਹਾਜ਼ ।
ਦੇ ਦਿਆਂ ਕਿਉਂ ਨਾ ਜਵਾਬ ?
ਫੇਰ ਆਉਂਦਾ ਏ ਖ਼ਿਆਲ—
ਹੋਰ ਜ਼ਰਦਾਰ ਵੀ ਇਨ੍ਹਾਂ ਦੇ ਭਰਾ ਹੋਵਣਗੇ !

[ਜਵਾਲਾ ਮੁਖੀ-1943]

ਇਸ ਕਵਿਤਾ ਦਾ ਯਥਾਰਥ ਇਹ ਹੈ ਕਿ ਇਕ ਪਾਸੇ ਉਹ ਧਨਵਾਨ ਹਨ ਜਿਹੜੇ ਪਾਣੀ ਦਾ ਗਲਾਸ ਵੀ ਪਾ ਕੇ ਨਹੀਂ ਪੀ ਸਕਦੇ, ਪਰ ਖ਼ੁਸ਼ਬੂ ਦੀ ਬਹਾਰ ਹੰਢਾ ਰਹੇ ਹਨ ਦੂਜੇ ਪਾਸੇ ਉਹ ਮੁੰਡੂ ਜਿਹੜਾ ਉਨ੍ਹਾਂ ਦੇ ਹੁਕਮ ਦਾ ਬੱਧਾ ਆਪਣੀਆਂ ਸਭ ਰੀਝਾਂ ਨੂੰ ਮਾਰ ਕੇ ਜੀਉਂ ਰਿਹਾ ਹੈ। ਆਪਣੇ ਆਪੇ ਤੋਂ ਚੇਤੰਨ ਹੋ ਕੇ ਉਹ ਸੋਚਦਾ ਹੈ : ਜਵਾਬ ਦੇ ਦੇਵਾਂ, ਪਰ ਇਕ ਜ਼ਰਦਾਰ ਨੂੰ ਜਵਾਬ ਦੇ ਕੇ ਦੂਜੇ ਜ਼ਰਦਾਰ ਦੀ ਗੁਲਾਮੀ ਕਰਨ ਦਾ ਕੋਈ ਅਰਥ ਨਹੀਂ ਹੈ । ਫਿਰ ਕੀ ਹੋਵੇ ? ਪਾਠਕ ਇਸ ਸਵਾਲ 'ਤੇ ਅਟਕ ਜਾਂਦਾ ਹੈ ਅਤੇ ਉਸੇ ਤਰ੍ਹਾਂ ਬੇਚੈਨ ਹੁੰਦਾ ਹੈ ਜਿਵੇਂ 'ਤਾਜ ਮਹਲ' ਨੂੰ ਪੜ੍ਹ ਕੇ ਹੁੰਦਾ ਹੈ। ਫਰਕ ਇਹ ਹੈ ਕਿ 'ਤਾਜ ਮਹਲ' ਵਿਚ ਕੰਮੀ ਰੁੱਝੇ ਮਜ਼ੂਰ-ਮਜ਼ੂਰਨੀਆਂ ਆਪਣੀ ਸਥਿਤੀ ਤੋਂ ਬਿਲਕੁਲ ਅਚੇਤ ਹਨ ਤੇ ਉਨ੍ਹਾਂ ਦੀ ਥਾਂ ਕੋਈ ਹੋਰ (ਦਰਸ਼ਕ) ਸੋਚਦਾ ਹੈ, ਬਾਵੇ ਦੀ ਕਵਿਤਾ ਵਿਚ ਕਾਮਾ ਆਪ ਚੇਤੰਨ ਹੈ ਪਰ ਮੋਹਨ ਸਿੰਘ ਦੀ ਕਵਿਤਾ ਵਾਂਗ ਬਾਵੇ ਦੀ ਕਵਿਤਾ ਵਿਚ ਵੀ ਉਸ ਦੇ ਸਾਹਮਣੇ ਇਸ ਸਥਿਤੀ ਵਿਚੋਂ ਨਿਕਲਣ ਦਾ ਰਾਹ ਕੋਈ ਨਹੀਂ । ਕਾਰਨ ਸ਼ਾਇਦ ਇਹ ਹੈ ਕਿ ਜਦੋਂ ਵਿਹ ਕਵਿਤਾਵਾਂ ਲਿਖੀਆਂ ਗਈਆਂ ਉਸ ਸਮੇਂ ਪੰਜਾਬ ਦੇ ਕਾਮੇ-ਕਿਰਤੀ ਸੰਗਠਿਤ ਰੂਪ ਵਿਚ ਕਾਰਜ-ਸ਼ੀਲ ਨਹੀਂ ਸਨ ਤੇ ਆਪਣੀ ਵਰਗ-ਗਤ ਸਥਿਤੀ ਤੋਂ ਜਾਣੂ ਵੀ ਨਹੀਂ ਸਨ ਹੋਏ । ਬਾਵਾ ਬਲਬੰਤ ਆਪ ਇਹ ਜਾਣਦਾ ਸੀ ਕਿ ਇਸ ਸਮਾਜਕ ਸਥਿਤੀ ਨੂੰ ਕਿਵੇਂ ਤਬਦੀਲ ਕਰਕੇ ਇਸ ਤੋਂ ਮੁਕਤ ਹੋਇਆ ਜਾ ਸਕਦਾ ਹੈ, ਪਰ ਜੇ ਉਹ ਆਪਣੇ ਪਾਤਰ ਦੇ ਮੂੰਹੋਂ ਅਜਿਹੀ ਵਿਆਖਿਆ ਕਰਵਾਉਂਦਾ ਤਾਂ ਇਹ ਕਲਾ-ਵਿਹੂਣਾ ਪਰਚਾਰ ਹੁੰਦਾ ।

ਬਾਵਾ ਬਲਵੰਤ ਦੀ ਸ਼ੈਲੀ ਵਿਚ ਕੁੱਝ ਕਵਿਤਾਤਾਂ ਹਰਿਭਜਨ ਸਿੰਘ ਨੇ ਵੀ ਲਿਖੀਆਂ ਹਨ, ਭਾਵੇਂ ਉਸਨੂੰ ਪ੍ਰਗਤੀਵਾਦੀ ਕਵੀਆਂ ਵਿਚ ਗਿਣਿਆ ਨਹੀਂ ਜਾਂਦਾ । ਉਨ੍ਹਾਂ ਕਵਿਤਾਵਾਂ ਵਿਚ ਹਰਿਭਜਨ ਸਿੰਘ ਨੇ ਵੀ ਕਿਰਤੀ ਵਰਗ ਦੇ ਇੱਕੇ-ਦੁੱਕੇ ਵਿਅਕਤੀ ਨੂੰ ਸ੍ਵੈ-ਚੇਤੰਨ ਹੁੰਦੇ ਦਿਖਾਇਆ ਹੈ । ਉਦਾਹਰਣ ਲਈ 'ਜੇ ਲਾਸ਼ ਬੋਲ ਸਕਦੀ' (ਲਾਸ਼ਾਂ-1956) ਵਿਚ ਇਕ ਮਿੱਲ-ਮਜ਼ਦੂਰ ਆਪਣੇ ਮਿੱਲ-ਮਾਲਕ ਨੂੰ ਸੰਬੋਧਿਤ ਹੈ :

ਯਾਦ ਕਰ ਖਾਂ ਉਹ ਸਮਾਂ
ਜਦ ਤੇਰੇ ਮਹਿਲਾਂ ਦੇ ਲੰਮੇ ਸਹਿਮ-ਪਰਛਾਵੇਂ ਹੇਠਾਂ
ਆ ਖਲੋਤਾ ਇਕ ਜਵਾਨ
ਆਪਣੀ ਚੌੜੀ ਹਿੱਕ 'ਚ ਲੈ/ਮਾਸੂਮ ਰੀਝਾਂ ਦਾ ਜਹਾਨ
ਜਿਸ ਦੀ ਤਾਕਤ ਤੇ ਵਫ਼ਾਦਾਰੀ ਨੂੰ ਤੂੰ
ਕੁਝ ਟਕੇ ਤੇ ਫ਼ਾਕਿਆਂ ਦੇ ਇਵਜ਼ ਸੀ ਲਾਤਾ ਖ਼ਰੀਦ

ਜਿਸ ਦੀ ਉਮਰਾ ਦੇ ਵਰ੍ਹੇ/ਤੇਰੀ ਖ਼ਾਤਰ ਅਰਕ ਬਣ ਬਣ ਕੇ ਵਗੇ
ਤੁਬਕਾ ਤੁਬਕਾ ਜ਼ਿੰਦਗੀ ਉਣੀ ਹੋਈ ਤੇਰੇ ਲਈ

ਹਰਿਭਜਨ ਸਿੰਘ ਦਾ ਭਾਸ਼ਾ ਉਤੇ ਕਾਬੂ ਤੇ ਇਸ ਦਾ ਪ੍ਰਯੋਗ ਕਰਨ ਦੀ ਯੋਗਤਾ ਬਾਵਾ ਬਲਵੰਤ ਨਾਲੋਂ ਵਧੇਰੇ ਹੈ। ਇਸ ਦਾ ਵੱਡਾ ਸਬੂਤ ਉਸ ਦੀ ਲੰਮੀ ਰਚਨਾ 'ਤਾਰ-ਤੁਪਕਾ' ਹੈ। ਇਹ ਅਮਨ ਲਹਿਰ ਤੋਂ ਪ੍ਰਭਾਵਿਤ ਇਕ ਕਾਵਿ-ਨਾਟਕ ਹੈ, ਜਿਸ ਵਿਚ ਅਜੋਕੇ ਵਿਗਿਆਨੀ ਨੂੰ-ਜਿਹੜਾ ਇਕ ਤਰ੍ਹਾਂ ਸਮੁੱਚੀ ਸਭਿਅਤਾ ਦਾ ਉਸਰਈਆ ਹੈ—ਆਪ ਸਿਰਜੀ ਵਿਨਾਸ਼ਕਾਰੀ ਪਰਮਾਣੂ ਸ਼ਕਤੀ ਤੋਂ ਸੁਚੇਤ ਹੋ ਕੇ ਮਨੁੱਖੀ ਖ਼ੁਸ਼ਹਾਲੀ ਲਈ ਇਸ ਦੀ ਵਰਤੋਂ ਕਰਨ ਦਾ ਫੈਸਲਾ ਲੈਂਦਿਆਂ ਦਿਖਾਇਆ ਹੈ। ਇਸ ਤੋਂ ਪਹਿਲਾਂ ਇਸ ਥੀਮ ਨੂੰ, ਅਤਿਅੰਤ ਸੰਖੇਪਤਾ ਨਾਲ, ਬਾਵਾ ਬਲਵੰਤ ਨੇ ਆਪਣੀ ਇਕ ਕਵਿਤਾ 'ਆਈਨਸਟਾਈਨ' (ਜਵਾਲਾ ਮੁਖੀ) ਵਿਚ ਵੀ ਪੇਸ਼ ਕੀਤਾ ਸੀ। ਵੀਹਵੀਂ ਸਦੀ ਦਾ ਮਹਾਨ ਵਿਗਿਆਨੀ, ਆਈਨਸਟਾਈਨ, ਕਵੀ ਦੇ ਮੂੰਹੋਂ ਬੋਲਦਾ ਹੈ :

ਜੰਗ ਦੁਨੀਆਂ ਦੀ ਤਬਾਹੀ ਦੇ ਲਈ ;
ਫਲਸਫ਼ਾ ਮੇਰਾ ਹੈ ਪਰ/ਸਾਰੇ ਆਲਮ ਦੀ ਰਿਹਾਈ ਦੇ ਲਈ।

ਪਰ ਇਸ ਥੀਮ ਨੂੰ ਜਿੰਨੇ ਵਿਸ਼ਾਲ ਚਿਤ੍ਰਪਟ 'ਤੇ ਪੇਸ਼ ਕਰਨ ਦੀ ਲੋੜ ਸੀ ਉਹ ਹਰਿਭਜਨ ਸਿੰਘ ਹੀ ਕਰ ਸਕਿਆ ਹੈ।

ਅਮਨ ਲਹਿਰ ਨਾਲ ਸੰਬੰਧ ਰੱਖਣ ਵਾਲੀਆਂ ਕੁੱਝ ਚੰਗੀਆਂ ਕਵਿਤਾਵਾਂ ਰਣਧੀਰ ਸਿੰਘ (ਰਾਹਾਂ ਦੀ ਧੂੜ), ਗੁਰਚਰਨ ਰਾਮਪੁਰੀ (ਕਣਕਾਂ ਦੀ ਖੁਸ਼ਬੋ) ਤੇ ਸੰਤੋਖ ਸਿੰਘ ਧੀਰ (ਧਰਤੀ ਮੰਗਦੀ ਮੀਂਹ ਵੇ, ਬਿਰਹੜੇ) ਨੇ ਵੀ ਲਿਖੀਆਂ ਹਨ, ਜਿਨ੍ਹਾਂ ਵਿਚ ਜ਼ਿੰਦਗੀ ਦੀ ਖ਼ੂਬਸੂਰਤੀ ਦੇ ਸਿਰਜਕ ਤੇ ਆਸ਼ਕ ਮਨੁੱਖ ਨੂੰ ਅਮਨ ਦੀ ਮਹੱਤਤਾ ਨੂੰ ਪਛਾਣ ਕੇ ਜੰਗ ਭੜਕਾਊ ਸਾਮਰਾਜੀ ਸ਼ਕਤੀਆਂ ਨੂੰ ਵੰਗਾਰਦਿਆਂ ਦਰਸਾਇਆ ਗਿਆ ਹੈ। ਧੀਰ ਦੀ ਕਵਿਤਾ ਵਿਚ ਜ਼ਿੰਦਗੀ ਦਾ ਇਕ ਆਸ਼ਕ ਬੋਲਦਾ ਹੈ :

ਕਰੋ ਮਿਆਨਾਂ ਵਿਚ ਤਲਵਾਰਾਂ, ਠਾਕ ਦਿਓ ਰਫ਼ਲਾਂ ਦੇ ਕੁੰਦੇ
ਇਸ ਦੁਨੀਆਂ 'ਚੋਂ ਬੰਬ ਹਟਾਓ, ਇਸ ਦੁਨੀਆ 'ਚੋਂ ਜ਼ਹਿਰਾਂ ਚੂਸੋ।
ਇਹ ਦੁਨੀਆਂ ਤਾਂ ਬੜੀ ਪਿਆਰੀ, ਇਹ ਦੁਨੀਆਂ ਫੁੱਲਾਂ ਦੀ ਖਾਰੀ
ਇਸ ਦੁਨੀਆਂ ਵਿਚ ਦੇਸ਼ ਸਜਨ ਦਾ, ਦੇਸ ਕਿ ਜਿਸ ਦੀ ਧੂੜ ਗੁਲਾਬੀ
ਦੇਸ ਕਿ ਜਿਥੇ ਝੁੰਡ ਅੰਬੀਆਂ ਦੇ, ਨਿਕੀ, ਸਲੇਟੀ ਸੜਕ ਦਾ ਟੋਟਾ।

...

ਜਦ ਤਕ ਸਾਡਾ ਸੀਸ ਤਲੀ 'ਤੇ, ਇਹ ਅਨਹੋਣੀ ਹੋ ਨਹੀਂ ਸਕਦੀ
ਜਦ ਤਕ ਦਿਲ ਆਸ਼ਕ ਦਾ ਧੜਕੇ
ਪਿਆਰ ਦੀ ਸੁੱਚੀ ਧਰਤੀ ਉਤੇ, ਬੂੰਦ ਲਹੂ ਦੀ ਚੋ ਨਹੀਂ ਸਕਦੀ।

[ਬਿਰਹੜੇ-1958]

ਇਹ ਤਾਂ ਸਪਸ਼ਟ ਹੈ ਕਿ ਪ੍ਰਗਤੀਵਾਦੀ ਕਵਿਤਾ ਜ਼ਿੰਦਗੀ ਦੀ ਉਸਾਰੀ ਵਿਚ ਜੁੱਟੇ

ਉਪਜਕਾਰ ਵਰਗਾਂ ਦੀ ਵਾਸਤਵਿਕਤਾ ਤੇ ਚੇਤਨਾ ਦੀ ਕਵਿਤਾ ਹੈ, ਪਰ ਹੁਣ ਤੱਕ ਮੈਂ ਜਿਨ੍ਹਾਂ ਕਵਿਤਾਵਾਂ ਦੀ ਚਰਚਾ ਕੀਤੀ ਹੈ ਉਨ੍ਹਾਂ ਵਿਚ ਸਿਰਜਣਹਾਰ ਨੂੰ ਆਪਣੀ ਆਰਥਿਕ-ਰਾਜਨੀਤਕ ਸਥਿਤੀ ਤੋਂ ਵਿਅਕਤਿਕ ਪੱਧਰ ਉਤੇ ਹੀ ਸੁਚੇਤ ਦਿਖਾਇਆ ਗਿਆ ਹੈ। ਆਪਣੀ ਵਰਗਗਤ ਹੋਂਦ ਤੇ ਵਰਗ-ਸੰਘਰਸ਼ ਦੀ ਸੋਝੀ ਉਸਨੂੰ ਨਾਂ-ਮਾਤਰ ਹੈ। ਇਸ ਦਾ ਵੱਡਾ ਕਾਰਨ ਇਹੋ ਹੈ ਕਿ ਜਦੋਂ ਤਕ ਭਾਰਤ ਦੇ, ਤੇ ਵਿਸ਼ੇਸ਼ ਕਰਕੇ ਪੰਜਾਬ ਦੇ, ਕਿਰਤੀ-ਕਿਸਾਨ ਸੰਗਠਿਤ ਹੋ ਕੇ ਆਪਣੀ ਸਥਿਤੀ ਨੂੰ ਤਬਦੀਲ ਕਰਨ ਲਈ ਘੋਲ ਦੇ ਰਾਹ ਨਹੀਂ ਪੈ ਗਏ ਉਦੋਂ ਤਕ ਵਰਗ ਚੇਤਨਾ ਉਨ੍ਹਾਂ ਵਿਚ ਪੈਦਾ ਹੀ ਨਹੀਂ ਹੋਈ ਤੇ ਪ੍ਰਗਤੀਵਾਦੀ ਕਵੀ ਕੇਵਲ ਮਾਰਕਸੀ ਸਿਧਾਂਤ ਪੜ੍ਹ ਕੇ ਜਾਂ ਸੰਸਾਰ ਕਮਿਊਨਿਸਟ ਲਹਿਰ ਦੀਆਂ ਗੱਲਾਂ ਸੁਣ ਕੇ ਪੰਜਾਬ ਦੇ ਕਾਮਿਆਂ ਨੂੰ ਸਮੂਹਕ ਤੌਰ 'ਤੇ ਚੇਤੰਨ ਹੁੰਦੇ ਨਹੀਂ ਸੀ ਦਿਖਾ ਸਕਦਾ। ਅਜਿਹੀ ਕਵਿਤਾ ਦੀ ਰਚਨਾ ਉਦੋਂ ਹੀ ਸੰਭਵ ਹੋਈ ਜਦੋਂ ਭਾਰਤ ਦੇ ਕੁਝ ਸੂਬਿਆਂ ਵਿਚ ਮੁਜ਼ਾਰੇ ਕਿਸਾਨ ਆਪਣੇ ਹੱਕਾਂ ਲਈ ਜੂਝਣ ਵਾਸਤੇ ਇਕ ਮੁੱਠ ਹੋਏ। ਪਿਆਰਾ ਸਿੰਘ ਸਹਿਰਾਈ (ਤਿਲੰਗਾਨਾ ਦੀ ਵਾਰ), ਅੰਮ੍ਰਿਤਾ ਪ੍ਰੀਤਮ (ਸਰਘੀ ਵੇਲਾ) ਤੇ ਮੋਹਨ ਸਿੰਘ (ਆਵਾਜ਼ਾਂ) ਨੇ ਆਪਣੀਆਂ ਕੁੱਝ ਇਕ ਕਵਿਤਾਵਾਂ ਇਨ੍ਹਾਂ ਘੋਲਾਂ ਦੇ ਅਨੁਭਵ ਤੋਂ ਲਿਖੀਆਂ ਹਨ। ਮੋਹਨ ਸਿੰਘ ਦੀ ਕਵਿਤਾ 'ਜੱਟੀਆਂ ਦਾ ਗੀਤ' ਦੇ ਕੁਝ ਟੋਟੇ ਨਮੂਨੇ ਮਾਤਰ ਪੇਸ਼ ਹਨ :

ਘੋੜੀ ਤੇਰੀ ਗਲ ਚਾਂਦੀ ਦੇ ਘੁੰਗਰੂ, ਸਾਡੀਆਂ ਸੁਥਣਾ ਨੂੰ ਭਖੜਾ ਵੇ ਹੋ।
ਨਾ ਸਾਡੀ ਵਾੜੀ ਤੇ ਨਾ ਸਾਡੇ ਵਾੜੇ, ਨਾ ਤਨ ਕਜਣ ਨੂੰ ਕਪੜਾ ਵੇ ਹੋ।
ਗੋਰੀ ਤੇਰੀ ਭੂਟੇ ਪੱਟ ਦੀਆਂ ਲਾਸਾਂ, ਹੇਠ ਸੋਨੇ ਦਾ ਪਟੜਾ ਵੇ ਹੋ।
ਪੈਰ-ਨਹੁੰਆਂ ਉਤੇ ਚੰਨ ਮਹਿੰਦੀ ਦੇ, ਖੁੱਚੀਂ ਅਸਾਡੀ ਘੱਟੜਾ ਵੇ ਹੋ।

ਉਚੀ ਅਟਾਰੀ ਚੰਦਨ-ਝੂਲਾ, ਪਲਦਾ ਤੇਰਾ ਬਚੜਾ ਵੇ ਹੋ।
ਰੌਹੀਆਂ ਵਿਚ ਅਸੀਂ ਨਿਮੀਏਂ ਜੰਮੀਏ, ਦਾਸ ਤੇਰਾ ਸਾਡਾ ਨਢੜਾ ਵੇ ਹੋ।

ਵਾਹੀਏ, ਬੀਜੀਏ, ਸਿੰਜੀਏ, ਵੱਢੀਏ, ਗਾਹੀਏ ਤੇ ਕਰੀਏ ਕਠੜਾ ਵੇ ਹੋ।
ਆਵੇਂ ਤੇ ਸਭ ਹੂੰਝ ਲਿਜਾਵੇਂ, ਮੁਢ ਤੋਂ ਇਹੋ ਝਗੜਾ ਵੇ ਹੋ।

ਪਾਟੀ ਕਿਰਤ ਨੇ ਇਕ ਮੁੱਠ ਹੋਣਾ, ਬਣ ਜਾਣਾ ਇਕ ਝਖੜਾ ਵੇ ਹੋ।
ਘੋੜੀ ਤੇਰੀ ਦੇ ਉਡਣੇ ਘੁੰਗਰੂ, ਗੋਰੀ ਦਾ ਚੂੜਾ ਰੱਤੜਾ ਵੇ ਹੋ।

[ਅਵਾਜ਼ਾਂ—1954]

ਇਸ ਕਵਿਤਾ ਦੀਆ 'ਜੱਟੀਆਂ' ('ਤਾਜ ਮਹਲ' ਦੀਆਂ ਕੰਮੀਂ ਰੁਝੀਆਂ ਮਾਵਾਂ; ਤੋਂ ਉਲਟ) ਖਾਊ ਤੇ ਲੋਟੂ ਵਰਗਾਂ ਦੀ ਤੁਲਨਾ ਵਿਚ ਆਪਣੀ ਮੰਦੀ ਹਾਲਤ, ਆਪਣੀ ਲੁਟੀਂਦੀ ਮਿਹਨਤ-ਸ਼ਕਤੀ ਤੋਂ ਜਾਣੂ ਹਨ ਤੇ ਨਾਲ ਹੀ ਇਸ ਹਾਲਤ ਤੋਂ ਮੁਕਤ ਹੋਣ ਲਈ ਉਨ੍ਹਾਂ ਨੂੰ ਸਾਂਝੇ ਸੰਘਰਸ਼ ਦੀ ਸਾਂਝੀ ਚੇਤਨਾ ਵੀ ਹੈ। ਭਾਵੇਂ ਵਰਗ ਜੂਝ ਨਹੀਂ ਰਿਹਾ; ਪਰ ਜੂਝਣ ਲਈ ਤਿਆਰ ਜ਼ਰੂਰ ਹੋ ਰਿਹਾ ਹੈ। ਕਿਹਾ ਜਾ ਸਕਦਾ ਹੈ ਕਿ ਮੋਹਨ ਸਿੰਘ ਦੀ

ਇਸ ਕਵਿਤਾ ਤੱਕ ਪ੍ਰਗਤੀਵਾਦੀ ਪੰਜਾਬੀ ਕਾਵਿਧਾਰਾ ਆਪਣੇ ਸਫ਼ਰ ਦੇ ਤਿੰਨ ਪੜਾਅ ਤਹਿ ਕਰ ਚੁੱਕੀ ਹੈ ; ਪਹਿਲੇ ਪੜਾਅ 'ਤੇ ਇਸ ਕਵਿਤਾ ਵਿਚ ਪੇਸ਼ ਸਿਰਜਕ ਮਨੁੱਖ ਆਪਣੀ ਸਮਾਜਕ ਸਥਿਤੀ ਤੋਂ ਅਚੇਤ ਹੈ, ਪਰ ਕਵੀ ਸਮਾਜ ਦੀ ਸ਼੍ਰੇਣੀ-ਵੰਡ ਤੇ ਇਸ ਵਿਚ 'ਮਾਸੂਮ' ਕਿਰਤੀ ਦੀ ਸਥਿਤੀ ਨੂੰ ਪਛਾਣਦਾ ਹੈ ; ਦੂਜੇ ਪੜਾਅ ਦੀਆਂ ਕਵਿਤਾਵਾਂ ਵਿਚ ਵਿਅਕਤਿਕ ਪੱਧਰ 'ਤੇ ਸ੍ਵੈ-ਚੇਤੰਨ ਹੋ ਰਹੇ ਕਿਰਤੀ ਦੇ ਜੀਵਨ ਦਾ ਯਥਾਰਥ ਪੇਸ਼ ਹੋਇਆ ਹੈ ਤੇ ਤੀਜੇ ਪੜਾਅ ਦੀਆਂ ਕਵਿਤਾਵਾਂ ਦਾ ਮੁੱਖ ਪਾਤਰ 'ਮੈਂ' ਨਹੀਂ, 'ਅਸੀਂ' ਹੈ, ਅਰਥਾਤ ਕਿਸਾਨ-ਮਜ਼ੂਰ ਵਰਗਾਂ ਦੀ ਬਹੁਗਿਣਤੀ ਸਮਾਜ ਦੀ ਵਰਗ-ਵੰਡ ਤੇ ਆਪਣੀ ਸਾਂਝੀ ਹੋਣੀ ਤੋਂ ਸਮੂਹਕ ਰੂਪ ਵਿਚ ਚੇਤੰਨ ਹੋ ਕੇ ਇਸ ਹੋਣੀ ਨੂੰ ਨੱਥ ਲੈਣ ਦੀ ਤਿਆਰੀ ਵਿਚ ਹੈ। (ਇਸੇ ਦਿਸ਼ਾ ਵਿਚ ਪ੍ਰਗਤੀਵਾਦੀ ਕਵਿਤਾ ਦਾ ਅਗਲਾ ਪੜਾਅ 1960 ਤੋਂ ਪਿਛੋਂ ਲਿਖੀ ਗਈ 'ਜੁਝਾਰ ਕਵਿਤਾ' ਹੈ ਜੋ ਹਥਲੇ ਪਰਚੇ ਦਾ ਵਿਸ਼ਾ ਨਹੀਂ ਕਿਉਂਕਿ ਇਸ ਨੂੰ 'ਪ੍ਰਗਤੀਵਾਦੀ ਲਹਿਰ' ਦੀ ਕਵਿਤਾ ਵਿਚ ਸ਼ਾਮਲ ਕਰਨਾ ਬਹਿਸ ਦਾ ਵਿਸ਼ਾ ਹੈ।) ਇਕ ਗੱਲ ਯਾਦ ਰਹੇ ਕਿ ਪ੍ਰਗਤੀਵਾਦੀ ਕਵਿਤਾ ਦੀ ਇਹ ਵਿਕਾਸ-ਰੇਖਾ ਨਿਰੰਤਰ ਤੇ ਅਟੁੱਟ ਨਹੀਂ ਹੈ, ਭਾਰਤੀ ਖੱਬੇ ਪੱਖੀ ਲਹਿਰ ਦੀ ਰਾਜਨੀਤਕ ਪੋਜ਼ੀਸ਼ਨ ਅਨੁਸਾਰ ਇਹ ਟੁੱਟਦੀ ਜੁੜਦੀ ਰਹੀ ਹੈ।

ਪ੍ਰਗਤੀਵਾਦੀ ਕਵਿਤਾ ਨੂੰ ਸਮਝਣ ਵਿਚਾਰਨ ਦੇ ਹੋਰ ਵੀ ਮਾਡਲ ਹੋ ਸਕਦੇ ਹਨ, ਮੈਂ ਸਿਰਫ਼ ਪ੍ਰਗਤੀਵਾਦੀ ਮਾਡਲ ਪੇਸ਼ ਕੀਤਾ ਹੈ। ਇਸ ਮਾਡਲ ਨਾਲ ਸੰਬੰਧਿਤ ਦੋ ਹੋਰ ਸਵਾਲ ਵੀ ਵਿਚਾਰਨ ਯੋਗ ਹਨ, ਪਰ ਇਥੇ ਮੈਂ ਉਨ੍ਹਾਂ ਵੱਲ ਸੰਕੇਤ ਹੀ ਕਰਾਂਗਾ। ਪਹਿਲਾ ਸਵਾਲ ਹੈ ਕਿ ਕਿਰਤੀ ਵਿਅਕਤੀ ਜਾਂ ਕਿਰਤੀ ਵਰਗ ਦੀ ਜਿਸ ਚੇਤਨਾ ਦੀ ਅਸੀਂ ਗੱਲ ਕਰ ਰਹੇ ਹਾਂ ਕੀ ਉਹ ਚੇਤਨਾ ਕਵਿਤਾ ਵਿਚਲੇ ਪਾਤਰ ਦੀ ਹੈ ਜਾਂ ਕਵੀ ਦੀ ? ਦੂਜੇ ਸ਼ਬਦਾਂ ਵਿਚ, ਜੇ ਵਾਸਤਵ ਵਿਚ ਚੇਤਨਾ ਪੰਜਾਬੀ ਕਿਰਤੀ ਵਰਗ ਵਿਚ ਮਿਲਦੀ ਨਹੀਂ ਤਾਂ ਇਹ ਕਵਿਤਾ ਸੱਚ ਦਾ ਪ੍ਰਕਾਸ਼ ਕਿਵੇਂ ਹੋਈ ? ਇਸ ਦਾ ਸੰਖੇਪ ਜਵਾਬ ਇਹ ਹੈ ਕਿ ਕਵਿਤਾ ਵਿਚ ਪੇਸ਼ ਪਾਤਰ ਦੀ ਚੇਤਨਾ, ਪਾਤਰ ਦੀ ਵੀ ਹੈ ਤੇ ਕਵੀ ਦੀ ਵੀ ਕਿਉਂਕਿ ਪ੍ਰਗਤੀਵਾਦੀ ਕਵੀ ਫੋਟੋਗ੍ਰਾਫਰ ਨਹੀਂ, ਉਸ ਦੀ ਕਵਿਤਾ ਵਾਸਤਵ ਦਾ ਕੇਵਲ ਅਕਸ ਨਹੀਂ, ਵਾਸਤਵ ਦਾ ਚਿੰਤਨ ਵੀ ਹੈ। ਕਵੀ ਦੀ ਕਲਾ ਇਸ ਗੱਲ ਵਿਚ ਹੈ ਕਿ ਉਹ ਆਪਣੇ ਚਿੰਤਨ ਨੂੰ ਆਪਣੇ ਦੇਸ-ਕਾਲ ਦੇ ਕਿਰਤੀ ਵਰਗ ਦੀ ਸਹਿਜ ਚੇਤਨਾ ਨਾਲ ਜੋੜ ਕੇ ਪੇਸ਼ ਕਰ ਸਕਿਆ ਹੈ ਕਿ ਨਹੀਂ। ਦੂਜਾ ਸਵਾਲ ਇਹ ਹੈ ਕਿ ਪ੍ਰਗਤੀਵਾਦੀ ਕਵੀ ਕਿਨ੍ਹਾਂ ਪਾਠਕਾਂ ਲਈ ਲਿਖਦਾ ਹੈ ? ਇਸ ਸਵਾਲ ਦਾ ਜਵਾਬ ਇਕ ਟੱਕ ਨਹੀਂ ਦਿਤਾ ਜਾ ਸਕਦਾ, ਪਰ ਕਿਹਾ ਜਾ ਸਕਦਾ ਹੈ ਕਿ ਉਹ 'ਲੋਕਾਂ' ਲਈ ਲਿਖਦਾ ਹੈ ਉਨ੍ਹਾਂ ਲੋਕਾਂ ਲਈ ਜੋ ਆਪਣੀ ਸਮਾਜਕ ਆਰਥਿਕ ਸਥਿਤੀ ਤੋਂ ਸੁਚੇਤ ਹੋ ਰਹੇ ਹਨ। ਪਰ ਉਨ੍ਹਾਂ ਸਭ ਤੱਕ ਇਹ ਕਵਿਤਾ ਪਹੁੰਚਦੀ ਹੈ ਜਾਂ ਨਹੀਂ ? ਇਹ ਸਵਾਲ ਸਾਹਿਤ ਨਾਲ ਨਹੀਂ, ਅਜੋਕੀ ਵਿਦਿਆ-ਪਰਨਾਲੀ ਅਤੇ ਸਮੂਹਕ ਸੰਚਾਰ ਦੀ ਰਾਜਨੀਤੀ (Politics of Mass Media) ਨਾਲ ਸੰਬੰਧਿਤ ਹੈ, ਇਸ ਲਈ ਇਸ ਨੂੰ ਕਿਸੇ ਹੋਰ ਥਾਂ ਵਿਚਾਰਨਾ ਠੀਕ ਰਹੇਗਾ।

[ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ]

ਤ੍ਰੈਲੋਚਨ

## ਕਰੀਏ ਤਾਂ ਹੁਣ ਕੀ ਕਰੀਏ

ਕਰੀਏ ਤਾਂ ਹੁਣ ਕੀ ਕਰੀਏ
ਆਪ ਵਿਹਾਜੀ ਵਿਹੁ ਦਾ ਘੁੱਟ ਕੀਕੂੰ ਭਰੀਏ ?

ਲੋਕ ਨਾਇਕ ਦੇ ਇਕ ਨਾਹਰੇ 'ਤੇ
ਲੋਕਰਾਜ ਦੇ ਝੂਠੇ ਲਾਰੇ 'ਤੇ
ਖਿੱਤੀਆਂ ਭਉਂ ਗਈਆਂ ਹਨ
ਰਣ ਜੂਝਣ ਦੀਆਂ ਸੋਹਾਂ ਖਾਣ ਵਾਲੀਆਂ ਤਲਵਾਰਾਂ
ਮਿਆਨਾਂ ਅੰਦਰ ਚੁੱਪ ਚੁਪੀਤੇ ਸੌਂ ਗਈਆਂ ਸਨ

ਲੋਕਰਾਜ ਦੀ ਜੈ ਗਜਾਉਂਦੇ
ਰਾਮ ਰਾਜ ਦੀ ਜੈ ਬਲਾਉਂਦੇ
ਮਾਣ ਮੱਤੇ ਅਸੀਂ ਘਰ ਪਰਤੇ ਸਾਂ–।

ਤਾਲੂਏ ਲੱਗੀਆਂ ਜੀਭਾਂ ਗਿੱਠ ਗਿੱਠ ਲੰਬੀਆਂ ਹੋਈਆਂ।
ਚਿਰੀਂ ਵਿਛੁੰਨੀਆਂ ਕਲਮਾਂ ਅੱਖਰਾਂ ਦੇ ਗਲ ਲਗ ਲਗ ਰੋਈਆਂ।
'ਪਰ ਸ਼ਾਂਤੀ ਭਰੀ ਕਰਾਂਤੀ ਦਾ ਚਾਅ ਜਦ ਮੱਠਾ ਹੋਯਾ
ਹਰ ਬੰਦਾ ਆਪਣੇ ਗਲ ਆਪੂੰ ਰੋਯਾ।

ਮੇਰਾ ਮਨੂਆ ਵੀ ਮੈਥੋਂ ਨਿੱਤ ਪੁੱਛਦੈ
ਲੋਕ ਨਾਇਕ ਦਾ ਸਿਰਨਾਵਾਂ
ਮੈਂ ਚੰਦਰੇ ਨੂੰ ਕੀਕੂੰ ਸਮਝਾਵਾਂ
ਲੋਕ ਨਾਇਕ ਹੁਣ ਜਨਪਥ 'ਤੇ ਨਹੀਂ
ਸ਼ਾਂਤੀ ਨਿਕੇਤਨ ਦੇ ਵਿਚ ਸੌਂ ਰਿਹਾ ਹੈ
ਸ਼ਾਂਤੀ ਭਰੀ ਕਰਾਂਤੀ ਦੇ ਗੁਣ ਗੌਂ ਰਿਹਾ ਹੈ
ਸ਼ਾਂਤੀ ਭਰੀ ਕਰਾਂਤੀ ਦੇ ਗੁਣ ਗੌਂ ਰਿਹਾ ਹੈ। □

[ਅਣੂ ਨਿਵਾਸ, ਡੀਲਾਈਟ ਕਾਲੋਨੀ, ਲਹਿਲ ਏਰੀਆ, ਪਟਿਆਲਾ]

ਤੇਜਵੰਤ ਸਿੰਘ ਗਿੱਲ

# ਸੇਰੇਬੇਰੀਆਕੋਫ਼ ਦੀ ਆਲੋਚਨਾਤਮਕ ਦ੍ਰਿਸ਼ਟੀ ਤੇ ਵਿਧੀ

ਭਾਰਤ-ਅਧਿਐਨ ਦੇ ਖੇਤਰ ਵਿਚ ਸੇਰੇਬੇਰੀਆਕੋਫ਼ ਅਜੋਕੇ ਸੋਵੀਅਤ ਰੂਸ ਦਾ ਮੰਨਿਆ-ਪਰਮੰਨਿਆ ਅਧਿਐਨ-ਵੇਤਾ ਹੈ। ਭਾਰਤ ਵਰਸ਼ ਦੇ ਪੁਰਾਤਨ ਤੇ ਮੱਧ-ਕਾਲੀਨ ਸੰਸਕ੍ਰਿਤ ਸਾਹਿੱਤ ਦੇ ਨਾਲ ਨਾਲ ਉਸਨੇ ਸਮੁੱਚੇ ਪੰਜਾਬੀ ਸਾਹਿੱਤ ਨੂੰ ਵੀ ਆਪਣੇ ਅਧਿਐਨ ਦਾ ਵਿਸ਼ਾ ਬਣਾਇਆ ਹੈ। ਪ੍ਰਮਾਣ ਵਜੋਂ ਉਸਨੇ **ਪੰਜਾਬੀ ਸਾਹਿੱਤ** ਨਾਮੀ ਪੁਸਤਕ ਲਿਖੀ ਹੈ, ਜਿਸ ਵਿਚ ਪੁਰਾਤਨ ਜੁੱਗ ਤੋਂ ਲੈ ਕੇ ਅਜੋਕੇ ਜੁੱਗ ਤੱਕ ਦੇ ਪੰਜਾਬੀ ਸਾਹਿੱਤ ਨੂੰ ਇਸ ਦੇ ਵਿਕਾਸ-ਸ਼ੀਲ ਸੰਦਰਭ ਵਿਚ ਦ੍ਰਿਸ਼ਟੀ-ਗੋਚਰ ਕੀਤਾ ਗਿਆ ਹੈ। ਇਸ ਪੁਸਤਕ ਨੂੰ ਪੜ੍ਹ ਕੇ ਪੰਜਾਬੀ ਸਾਹਿੱਤ ਵਿਚਲੇ ਵਿਕਾਸ ਦੀ ਸੋਝੀ ਹੀ ਨਹੀਂ ਹੁੰਦੀ ਸਗੋਂ ਸੇਰੇਬੇਰੀਆਕੋਫ਼ ਦੀ ਆਲੋਚਨਾਤਮਕ ਦ੍ਰਿਸ਼ਟੀ ਤੇ ਵਿਧੀ ਦਾ ਵੀ ਪਤਾ ਲੱਗਦਾ ਹੈ ਜਿਨ੍ਹਾਂ ਅਨੁਸਾਰ ਇਸ ਪੁਸਤਕ ਵਿਚ ਇਸ ਵਿਕਾਸ ਨੂੰ ਚਿਤਰਿਆ ਗਿਆ ਹੈ।

ਸੇਰੇਬੇਰੀਆਕੋਫ਼ ਦੀ ਆਲੋਚਨਾਤਮਕ ਦ੍ਰਿਸ਼ਟੀ ਸੋਵੀਅਤ ਰੂਸ ਦੇ ਭਾਰਤ-ਅਧਿਐਨ ਅਨੁਕੂਲ ਹੈ, ਜਿਸ ਦਾ ਉਦੇਸ਼ ਪੁਰਾਤਨ ਜੁੱਗ ਤੋਂ ਅਜੋਕੇ ਜੁੱਗ ਦੇ ਭਾਰਤੀ ਜੀਵਨ ਤੇ ਸਭਿਆਚਾਰ ਦੇ ਅੰਤਰਗਤ ਵਿਕਾਸ ਨੂੰ ਉਭਾਰਨਾ ਹੈ। ਇਹ ਉਦੇਸ਼ ਹੈ ਤਾਂ ਅਧਿਐਨ-ਮੁਖੀ ਪਰ ਇਸ ਦਾ ਮਹੱਤਵ ਭਰਪੂਰ ਰਾਜਨੀਤਕ ਮੰਤਵ ਵੀ ਹੈ—ਇਹ ਦਰਸਾਉਣਾ ਕਿ ਭਾਰਤੀ ਜੀਵਨ ਤੇ ਸਭਿਆਚਾਰ ਵਿਚ ਵੀ ਉਨ੍ਹਾਂ ਸ਼ਕਤੀਆਂ ਦਾ ਅਭਾਵ ਨਹੀਂ ਜਿਨ੍ਹਾਂ ਸਦਕਾ ਸੋਵੀਅਤ ਰੂਸ ਵਿਚ ਸਮਾਜਵਾਦੀ ਨਿਜ਼ਾਮ ਤੇ ਸੱਭਿਅਤਾ ਦੀ ਸਥਾਪਨਾ ਹੋਈ ਹੈ। ਇਸ ਕਾਰਨ ਸਮਾਜਵਾਦੀ ਰੂਸ ਦੇ ਭਾਰਤ-ਅਧਿਐਨ ਦਾ ਨਿਸ਼ਾਨਾ ਆਰਥਿਕ ਤੇ ਰਾਜਨੀਤਕ ਹੈ, ਕਿਉਂਕਿ ਸਮਾਜਵਾਦੀ ਦ੍ਰਿਸ਼ਟੀ ਅਨੁਸਾਰ (ਵਿਸ਼ੇਸ਼ ਕਰਕੇ ਉਹ ਜੋ ਅਜੋਕੇ ਰੂਸ ਵਿਚ ਵਿਚਰਦੀ ਹੈ) ਆਰਥਿਕਤਾ ਜੀਵਨ ਦਾ ਆਧਾਰ ਹੈ ਤੇ ਰਾਜਨੀਤੀ ਉਹ ਕੜੀ ਹੈ ਜੋ ਇਸ ਆਧਾਰ ਨੂੰ ਸਮੁੱਚੇ ਸਭਿਆਚਾਰਕ ਉਸਾਰ ਨਾਲ ਜੋੜਦੀ ਹੈ।

ਨਿਸਚੇ ਹੀ ਇਸ ਭਾਰਤ-ਅਧਿਐਨ ਵਿਚ ਉਹ ਵਿਸ਼ੇਸ਼ਤਾ ਹੈ ਜਿਸ ਦਾ ਮੈਕਸ ਮਿਊਲਰ ਆਦਿ ਦੇ ਭਾਰਤ-ਅਧਿਐਨ ਵਿਚ ਅਭਾਵ ਹੈ। ਇਹ ਭਾਰਤ-ਅਧਿਐਨ ਵਿਸ਼ੇਸ਼ ਇਤਿਹਾਸਕ ਪ੍ਰਯੋਜਨ ਨੂੰ ਨੇਪਰੇ ਚਾੜ੍ਹਣ ਦਾ ਇੱਛਕ ਹੈ। ਇਹ ਭਵਿੱਖ-ਮੁਖੀ ਹੈ ਅਤੇ ਇਤਿਹਾਸਕ ਆਭਾ ਨਾਲ ਭਰਪੂਰ ਹੈ। ਇਸ ਦੇ ਵਿਪਰੀਤ ਮੈਕਸ ਮਿਊਲਰ ਆਦਿ ਦਾ ਭਾਰਤ-ਅਧਿਐਨ ਪੁਰਾਤਨ ਭਾਰਤੀ ਜੀਵਨ ਨੂੰ ਹੀ ਪ੍ਰਮਾਣਿਕ ਠਹਿਰਾਉਂਦਾ ਹੈ। ਆਰਥਿਕ ਤੇ ਰਾਜਨੀਤਕ ਪੱਖਾਂ ਦੇ ਵਿਸ਼ਲੇਸ਼ਣ ਦੀ ਥਾਂ ਇਹ ਭਾਰਤ-ਅਧਿਐਨ, ਭਾਰਤੀ ਜੀਵਨ ਦੇ ਪੌਰਾਣਿਕ ਤੇ ਅਧਿਆਤਮਕ ਤੱਤਾਂ ਨਾਲ ਹੀ ਮੁਗਧ ਹੋ ਜਾਂਦਾ ਹੈ। ਨਿਰਸੰਦੇਹ ਮੈਕਸ

ਮਿਊਲਰ, ਆਦਿ ਦਾ ਭਾਰਤ-ਅਧਿਐਨ ਅਤੀਤ-ਮੁਖੀ ਹੈ। ਇਸ ਦਾ ਵੀ ਪ੍ਰਤੀ-ਇਤਿਹਾਸਕ ਪ੍ਰਯੋਜਨ ਹੈ, ਜਿਸ ਅਧੀਨ ਇਹ ਸਮੁੱਚੇ ਇਤਿਹਾਸਕ ਵਿਕਾਸ ਨੂੰ ਅਣ-ਅਨਿਵਾਰੀ ਠਹਿ-ਰਾਉਂਦਾ ਹੈ। ਤਦ ਵੀ ਇਹ ਭਾਰਤ-ਅਧਿਐਨ ਉਸ ਆਤੁਰਤਾ ਤੋਂ ਮੁਕਤ ਹੈ ਜੋ ਸਮਾਜ-ਸ਼ਾਸਤਰ ਦੀਆਂ ਕਥਿਤ ਵਿਗਿਆਨਕ ਧਾਰਨਾਵਾਂ ਦਾ ਅਨਿੱਖੜਵਾਂ ਅੰਗ ਹੈ ਅਤੇ ਉਨ੍ਹਾਂ ਅਧਿਐਨ ਵੇਤਾਵਾਂ ਦੇ ਭਾਰਤ-ਅਧਿਐਨ ਵਿਚੋਂ ਡੁੱਲ੍ਹ ਡੁੱਲ੍ਹ ਪੈਂਦਾ ਹੈ ਜੋ ਪੱਛਮ ਅਤੇ ਵਿਸ਼ੇਸ਼ ਕਰਕੇ ਅਮਰੀਕਾ ਵਿਚ ਸਥਿੱਤ ਹਨ।

ਇਸ ਵਿਸ਼ਸ਼ਤਾ ਦੇ ਨਾਲ ਹੀ ਸਮਾਜਵਾਦੀ ਰੂਸ ਦੇ ਭਾਰਤ-ਅਧਿਐਨ ਦੀ ਸੀਮਾ ਨੂੰ ਪਹਿਚਾਣਨਾ ਵੀ ਜ਼ਰੂਰੀ ਹੈ। ਇਸ ਦੀ ਸੀਮਾ ਇਸ ਦੇ ਵਿਸ਼ੇਸ਼ ਕਰਕੇ ਆਰਥਿਕ ਤੇ ਰਾਜਨੀਤਕ ਹੋਣ ਵਿਚ ਹੈ। ਇਸ ਭਾਰਤ-ਅਧਿਐਨ ਦੀ ਧਾਰਨਾ ਹੀ ਇਹ ਹੈ ਕਿ ਹਰ ਜੁੱਗ ਵਿਚ ਅਤੀਤ ਦਾ ਵਰਤਮਾਨ ਹੋਣਾ ਜ਼ਰੂਰੀ ਹੈ ਅਤੇ ਅਤੀਤ ਨੂੰ ਇਸ ਦੇ ਵਰਤਮਾਨ ਵਲੋਂ ਹੀ ਵਾਚਿਆ ਜ਼ਾ ਸਕਦਾ ਹੈ। ਰਾਜਨੀਤੀ ਦਾ ਅਧਿਐਨ ਭਵਿੱਖ-ਮੁਖੀ ਹੁੰਦਾ ਹੈ, ਕਿਉਂਕਿ ਇਸ ਲਈ ਵਰਤਮਾਨ ਨੂੰ ਭਵਿੱਖ ਵਲੋਂ ਵਾਚਣਾ ਪੈਂਦਾ ਹੈ। ਆਰਥਿਕ ਤੇ ਰਾਜਨੀਤਕ ਪੱਖਾਂ ਨਾਲ ਪ੍ਰਮੁੱਖ ਤੌਰ ਉਤੇ ਸੰਬੰਧਿਤ ਹੋਣ ਕਾਰਨ ਇਸ ਕਿਸਮ ਦਾ ਭਾਰਤ-ਅਧਿਐਨ ਇਤਿਹਾਸਕ ਇਕਹਿਰੇਪਣ ਦਾ ਸ਼ਿਕਾਰ ਹੋ ਜਾਂਦਾ ਹੈ, ਜੋ ਇਹ ਹੈ ਵੀ, ਕਿਉਂਕਿ ਇਹ ਸਹਿਜੇ ਹੀ ਇਸ ਤੱਥ ਨੂੰ ਅੱਖੋਂ ਉਹਲੇ ਕਰ ਦਿੰਦਾ ਹੈ ਕਿ ਭਾਰਤ ਵਿਚ ਹਜ਼ਾਰਾਂ ਸਾਲ ਉਸ ਢੰਗ ਦਾ ਉਤਪਾਦਨ ਵਿਗਸਦਾ ਰਿਹਾ ਹੈ ਜਿਸ ਨੂੰ ਕਾਰਲ ਮਾਰਕਸ ਨੇ "ਏਸ਼ੀਆਈ ਢੰਗ ਦਾ" ਆਖਿਆ ਹੈ। ਏਹੋ ਜਿਹੇ ਉਤਪਾਦਨ ਦੌਰਾਨ ਸਮਾਜਕ ਸੰਬੰਧਾਂ ਵਿਚ ਤਾਂ ਗਤੀ ਆ ਰਹੀ ਹੁੰਦੀ ਹੈ ਪਰ ਉਤਪਾਦਕ ਵਿਧੀਆਂ ਵਿਚ ਖੜੋਤ ਆਈ ਹੁੰਦੀ ਹੈ। ਅਜੇਹੇ ਉਤਪਾਦਨ-ਵੱਸ ਹੋਏ ਦੇਸ਼ ਦਾ ਸਮੁੱਚਾ ਯਥਾਰਥ ਇਤਿਹਾਸਕ ਪ੍ਰਕਿਰਿਆ ਵਿਚ ਨਹੀਂ ਢਲਦਾ। ਪ੍ਰਮੁੱਖ ਤੌਰ 'ਤੇ ਇਤਿਹਾਸਕ ਪ੍ਰਕਿਰਿਆ ਦਾ ਰੂਪ ਧਾਰਨ ਦੀ ਥਾਂ ਅਜੇਹੇ ਦੇਸ਼ ਦਾ ਜੀਵਨ ਇਕ ਤਿਲਕਵੀਂ ਤੇ ਚੀਕਣੀ ਸੰਰਚਨਾ ਵਿਚ ਜੰਮ ਜਾਂਦਾ ਹੈ।

ਹਜ਼ਾਰਾਂ ਸਾਲਾਂ ਤੋਂ ਭਾਰਤ ਵਰਸ਼ ਦਾ ਜੀਵਨ ਇਸ ਤਰ੍ਹਾਂ ਦੀ ਤਿਲਕਵੀਂ ਤੇ ਚੀਕਣੀ ਸੰਰਚਨਾ ਵਿਚ ਹੀ ਢਲਿਆ ਰਿਹਾ ਹੈ। ਕੁਦਰਤੀ ਤੌਰ ਤੇ ਧਰਮ 'ਤੇ ਜ਼ਾਤ-ਪਾਤ ਰਾਹੀਂ ਨਿਰਧਾਰਿਤ ਸਭਿਆਚਾਰਕ ਉਸਾਰ, ਇਸ ਵਿਚ ਐਨੀ ਮਹੱਤਾ ਧਾਰਨ ਕਰ ਗਿਆ ਹੈ ਕਿ ਇਹ ਆਰਥਿਕ ਆਧਾਰ ਉੱਪਰ ਭਾਰੂ ਹੋ ਗਿਆ ਹੈ। ਨਿਰੋਲ ਆਰਥਿਕ ਤੇ ਰਾਜਨੀਤਕ ਵਿਸ਼ਲੇਸ਼ਣ ਤੋਂ ਤਾਂ ਇਸ ਦੇ ਉਸ ਭਾਗ ਦਾ ਹੀ ਪਤਾ ਲਗਦਾ ਹੈ ਜੋ ਇਤਿਹਾਸਕ ਉੱਥਲ-ਪੁੱਥਲ-ਵੱਸ ਬਦਲਦਾ ਰਿਹਾ ਹੈ, ਪਰ ਇਸ ਇਤਿਹਾਸਕ ਉੱਥਲ-ਪੁੱਥਲ ਦੇ ਬਾਵਜੂਦ, ਜੋ ਭਾਗ ਤਿਲਕਵੀਂ ਤੇ ਚੀਕਣੀ ਸੰਰਚਨਾ ਵਿਚ ਜੰਮਿਆ ਰਿਹਾ ਹੈ ਉਸ ਦਾ ਇਸ ਵਿਸ਼ਲੇਸ਼ਣ ਤੋਂ ਥਹੁ-ਪਤਾ ਲਾਉਣਾ ਇਕ ਅਸੰਭਵ ਜਹੀ ਗੱਲ ਹੈ। ਸਮਾਜਵਾਦੀ ਰੂਸ ਦੇ ਭਾਰਤ-ਅਧਿਐਨ ਵਿਚ ਇਹੀ ਘਟਨਾ ਵਾਪਰੀ ਹੈ, ਨਤੀਜੇ ਵਜੋਂ ਇਹ ਸਮੁੱਚਾ ਭਾਰਤ-ਅਧਿਐਨ ਇਤਿਹਾਸਕ ਇਕਹਿਰੇਪਣ ਦਾ ਸ਼ਿਕਾਰ ਹੈ।

ਇਹੀ ਇਤਿਹਾਸਿਕ ਇਕਹਿਰਾਪਣ ਸੇਰੇਬੇਰੀਆਕੋਫ਼ ਦੀ ਆਲੋਚਨਾਤਮਕ ਦ੍ਰਿਸ਼ਟੀ ਤੇ ਵਿੱਧੀ ਵਿਚ ਵੀ ਘਰ ਕਰੀ ਬੈਠਾ ਹੈ। ਨਤੀਜੇ ਵਜੋਂ ਉਸ ਦੀ ਆਲੋਚਨਾਤਮਕ ਦ੍ਰਿਸ਼ਟੀ

ਤੇ ਵਿਧੀ, ਸਮਾਜਵਾਦੀ ਰੂਸ ਦੇ ਸਮੁੱਚੇ ਸਾਹਿੱਤ-ਚਿੰਤਨ ਨੂੰ ਆਪਣੇ ਕਲਾਵੇ ਵਿਚ ਨਹੀਂ ਲੈਂਦੀ। ਅਜੋਕੇ ਸਮਾਜਵਾਦੀ ਰੂਸ ਵਿਚ ਮਿਲਦਾ ਸਾਹਿੱਤ-ਚਿੰਤਨ, ਜਿਸ ਦੇ ਪ੍ਰਤੀਨਿੱਧ ਦੇਵੀਦੋਂਫ਼ ਤੇ ਲੋਤਮਾਨ, ਆਦਿ ਸਾਹਿੱਤ-ਚਿੰਤਕ ਹਨ, ਦੋ ਧਾਰਾਵਾਂ ਦਾ ਸੁਮੇਲ ਹੈ: ਦ੍ਵੰਦਾਤਮਕ ਪਦਾਰਥਕ ਧਾਰਾ ਦਾ ਜਿਸ ਦੇ ਸਭ ਤੋਂ ਮਹਾਨ ਪਥ-ਪ੍ਰਦਰਸ਼ਕ ਪਲੈਖਾਨੋਂਵ ਤੇ ਲੂਨਾਚਰਸਕੀ ਸਨ ਤੇ ਰੂਪਵਾਦੀ ਸ਼ੈਲੀਗਤ ਧਾਰਾ, ਜਿਸ ਦੇ ਸਭ ਤੋਂ ਪ੍ਰਮੁੱਖ ਪਥ-ਪ੍ਰਦਰਸ਼ਕ ਬਾਖ਼ਤਿਨ ਤੇ ਵਲੋਸੀਨੋਂਫ਼, ਹੋਏ ਹਨ। ਮਾਰਕਸਵਾਦੀ ਰੌਂ ਵਾਲੀ ਇਹ ਰੂਪਵਾਦੀ ਸ਼ੈਲੀਗਤ ਧਾਰਾ ਉਨ੍ਹਾਂ ਸਾਰੀਆਂ ਤਰੁੱਟੀਆਂ ਤੋਂ ਨਿਵਿਰਤ ਹੈ ਜੋ ਪੂਰਵ-ਸਮਾਜਵਾਦੀ ਰੂਸ ਵਿਚਲੇ ਆਲੋਚਨਾਤਮਕ ਦ੍ਰਿਸ਼ਟੀਕੋਣ ਦਾ ਅਨਿੱਖੜਵਾਂ ਅੰਗ ਸਨ।

ਪਲੈਖ਼ਾਨੋਂਵ ਤੇ ਲੂਨਾਚਰਸਕੀ ਦਾ ਦਵੰਦਾਤਮਕ/ਪਦਾਰਥਕ ਸਾਹਿੱਤ-ਚਿੰਤਨ ਰਚਨਾ ਵਿਚ ਚਿੱਤਰੇ ਜੀਵਨ ਨੂੰ ਰਚਨਹਾਰ ਦੀ ਰਚਨਾਤਮਕ ਪ੍ਰਕ੍ਰਿਆ ਤੇ ਪ੍ਰਤਿਸ਼ਠਤਾ ਨਾਲੋਂ ਵਧੇਰੇ ਮਹੱਤਵ ਭਰਪੂਰ ਠਹਿਰਾਉਂਦਾ ਹੈ। ਦੂਜੇ ਲਫ਼ਜ਼ਾਂ ਵਿਚ ਰਚਨਹਾਰ ਦੀ ਰਚਨਾਤਮਕ ਪ੍ਰਕ੍ਰਿਆ ਤੇ ਰਚਨਾ ਦੀ ਪ੍ਰਤਿਸ਼ਠਤਾ ਰਚਨਾ ਵਿਚ ਚਿਤਰੇ ਜੀਵਨ ਦੇ ਸੰਦਰਭ ਵਿਚ ਹੀ ਪ੍ਰਮਾਣਿਕਤਾ ਦੀ ਲਖਾਇਕ ਬਣਦੀ ਹੈ। ਇਸੇ ਕਾਰਨ ਉਸ ਦੀ ਜਗਤ ਪ੍ਰਸਿੱਧ ਧਾਰਨਾ ਹੈ ਕਿ ਰਚਨਾ, ਬਿੰਬਾਂ ਵਿਚ ਚਿਤਰਿਆ ਜੀਵਨ-ਅਨੁਭਵ ਹੀ ਹੁੰਦਾ ਹੈ ਜਿਸ ਦੀ ਨੈਤ੍ਰਿਕ੍ਰਸ਼ੀਲ ਆਭਾ ਉੱਭਰਦੀ ਹੀ ਇਸ ਦੀ ਭੂਗੋਲਿਕ ਤੇ ਆਰਥਿਕ ਆਕਾਂਖਿਆਂ ਵਿਚੋਂ ਹੈ। ਲੂਨਾਚਰਸਕੀ ਇਸ ਨੈਤ੍ਰਿਕ੍ਰਸ਼ੀਲ ਆਭਾ ਵਿਚ ਰਾਜਨੀਤਕ ਤੇ ਮਾਨਸਿਕ ਆਕਾਰਾਂ ਦਾ ਵਾਧਾ ਕਰ ਦਿੰਦਾ ਹੈ। ਇਸੇ ਕਾਰਨ ਉਸ ਦੀ ਧਾਰਨਾ ਹੈ ਕਿ ਰਚਨਾ ਵਿਚ ਬੁਨਿਆਦੀ ਨੈਤ੍ਰਿਕ੍ਰ ਇਸ ਦੇ ਵਿਸ਼ਾ-ਵਸਤੂ ਦਾ ਹੁੰਦਾ ਹੈ ਜਿਸ ਦਾ ਭਾਵਾਂ ਤੇ ਭਾਵਨਾਵਾਂ-ਭਰਿਆ ਰੰਗ ਬਿੰਬਾਂ ਦੇ ਰੂਪ ਵਿਚ ਉਗਮਦਾ ਹੈ।

ਮਾਰਕਸਵਾਦੀ ਸੰਦਰਭ ਵਿਚ ਬਾਖਤਿਨ ਤੇ ਵਲੋਸ਼ੀਨੋਂਫ ਦਾ ਰੂਪਵਾਦੀ-ਸ਼ੈਲੀਗਤ ਸਾਹਿਤ-ਚਿੰਤਨ ਰਚਨਾ ਨੂੰ, ਦੂਹਰੇ ਸੰਵਾਦ ਦੇ ਰੂਪ ਵਿਚ ਚਿਤਵਦਾ ਹੈ। ਦੂਹਰੇ ਸੰਵਾਦ ਦਾ ਕੇਂਦਰ ਹੋਣ ਕਾਰਨ ਰਚਨਾ ਇਕ ਵਿਸ਼ੇਸ਼ ਘਟਨਾ ਹੋ ਨਿੱਬੜਦੀ ਹੈ, ਜਿਸ ਨੂੰ ਰਚਣਹਾਰ ਤੇ ਰਚਨਾ ਵਿਚਲੇ ਵਕਤਾ ਦਾ ਭਾਸ਼ਿਕ ਸੰਵਾਦ ਰਚਨਹਾਰ ਤੇ ਸਰੋਤਾ ਵਿਚਲੇ ਧੁਨੀਮਈ ਸੰਵਾਦ ਨਾਲ ਮਿਲ ਕੇ, ਸਰਬ-ਵਿਆਪਕ ਆਕਾਰ ਪ੍ਰਦਾਨ ਕਰ ਦਿੰਦਾ ਹੈ। ਇਸੇ ਕਾਰਨ ਰਚਨਾ ਦੀ ਪ੍ਰਤਿਸ਼ਠਤਾ ਇੱਕੋ ਵੇਲੇ ਅਸਾਧਾਰਣ ਬੋਲ ਤੇ ਚਿੰਨ੍ਹਾਂ ਦਾ ਸੰਸਾਰ ਹੋਣ ਵਿਚ ਹੈ, ਜਿਸ ਦੀ ਭਾਸ਼ਿਕ ਅਸਾਧਾਰਣਤਾ ਇਸ ਦੀ ਸ਼ੈਲੀ ਦੀ ਅਤੇ ਚਿੰਨ੍ਹਾਂ ਦੀ ਪਛਾਣ ਇਸ ਦੀ ਰੂਪਵਾਦੀ ਅਕਾਂਖਿਆ ਨੂੰ ਉਭਾਰ ਸਕਦੀ ਹੈ। ਭਾਵੇਂ ਦੇਵੀਦੋਂਫ਼ ਦੇ ਸਾਹਿੱਤ-ਚਿੰਤਨ ਵਿਚ ਰੂਪਵਾਦੀ/ਸ਼ੈਲੀਗਤ ਰੌਂ ਦਾ ਅਭਾਵ ਨਹੀਂ ਪਰ ਜ਼ਲੋਂ ਉਸ ਦਾ ਦਵੰਦਾਤਮਕ/ਪਦਾਰਥਕ ਵਧੇਰੇ ਹੈ। ਇਸੇ ਤਰ੍ਹਾਂ ਲੋਤਮਾਨ ਦੇ ਸਾਹਿੱਤ-ਚਿੰਤਨ ਵਿਚੋਂ ਦਵੰਦਾਤਮਕ/ਪਦਾਰਥਕ ਰੌਂ ਗ਼ੈਰ-ਹਾਜ਼ਰ ਨਹੀਂ, ਪਰ ਉਸ ਦਾ ਵਧੇਰੇ ਵਾਸਤਾ ਰਚਨਾ ਦੇ ਰੂਪਵਾਦੀ/ਸ਼ੈਲੀਗਤ ਆਕਾਰ ਨਾਲ ਰਹਿੰਦਾ ਹੈ। ਦੂਜੇ ਲਫ਼ਜ਼ਾਂ ਵਿਚ, ਅਜੋਕੇ ਸਮਾਜਵਾਦੀ ਰੂਸ ਦਾ ਸਾਹਿੱਤ-ਚਿੰਤਨ, ਦਵੰਦਾਤਮਕ/ਪਦਾਰਥਕ ਤੇ ਰੂਪਵਾਦੀ/ਸ਼ੈਲੀਗਤ ਧਾਰਾਵਾਂ ਦੇ ਸੁਮੇਲ ਵੱਲ ਰੁਚਿਤ ਹੈ ਭਾਵੇਂ ਇਸ ਦੇ ਪ੍ਰਮੁੱਖ ਸਮਰਥਕਾਂ ਦੇ ਸਾਹਿੱਤ-ਚਿੰਤਨ ਵਿਚ ਇਸ ਸੁਮੇਲ ਨੇ ਲੋੜੀਂਦੀ ਇਕਾਗਰਤਾ

ਗ੍ਰਹਿਣ ਨਹੀਂ ਕੀਤੀ।

ਸਰੇਬੇਰੀਆਕੋਂਫ ਦਾ ਇਕਹਿਰਾ ਸਾਹਿੱਤ-ਚਿੰਤਨ ਸਮਾਜਵਾਦੀ ਰੂਸ ਵਿਚ ਵਿਗਸਿਤ ਸਾਹਿੱਤ-ਚਿੰਤਨ ਦੇ ਮੇਚ ਦਾ ਨਹੀਂ। ਇਹ ਇਸ ਨਾਲੋਂ ਕਿਤੇ ਪੇਤਲਾ ਹੈ ਅਤੇ ਇਸ ਪੇਤਲੇਪਣ ਦੇ ਪ੍ਰਮਾਣ ਥਾਂ ਥਾਂ ਉਸ ਦੀ ਪੁਸਤਕ ਪੰਜਾਬੀ ਸਾਹਿੱਤ ਵਿਚ ਵਿਆਪਕ ਹਨ। ਮਿਸਾਲ ਦੇ ਤੌਰ ਉਤੇ ਉਹ ਪੰਜਾਬ ਦੀ ਭੂਗੋਲਿਕ ਇਕਾਈ ਨੂੰ ਤਾਂ ਠੀਕ ਚਿਤਵਦਾ ਹੈ। ਇਹ ਚਿਤਵਨ ਕਰਦਿਆਂ ਉਹ ਲਿਖਦਾ ਹੈ (ਪੰਜਾਬੀ ਸਾਹਿੱਤ, ਪੰਨਾ 1,2) :

> ਮਾਣ ਮੱਤੀ ਹਿਮਾਲਿਆ ਪਰਬਤ ਦੀ ਲੜੀ ਜਿਹੜੀ ਕਿ ਪੰਜਾਬ ਦੇ ਉੱਤਰ-ਪੂਰਬ ਅਤੇ ਉੱਤਰ-ਪੱਛਮ ਵਿਚ ਸਿਰਤਾਜ ਵਾਂਗ ਹੈ, ਅਤੇ ਜਿਸ ਵਿਚ ਅਥਾਹ ਖ਼ਜ਼ਾਨਾ ਅਜੇ ਅਣ-ਖੋਜਿਆ ਪਿਆ ਹੈ ਅਤੇ ਜਿਹੜੀ ਕਿ ਹੁਣ ਮੌਨਸੂਨ ਹਵਾਵਾਂ ਨੂੰ ਰੋਕਦੀ ਹੈ ਅਤੇ ਉਨ੍ਹਾਂ ਨੂੰ ਆਪਣੀਆਂ ਲਾਭਦਾਇਕ ਬਾਰਸ਼ਾਂ ਨੂੰ ਪੰਜਾਬ ਦੇ ਖੇਤਾਂ ਵਿਚ ਵਰ੍ਹਾਉਣ ਲਈ ਮਜਬੂਰ ਕਰਦੀ ਹੈ...ਦੱਖਣ-ਪੱਛਮ ਵਿਚ ਜਿੱਥੇ ਸਿੰਧ ਆਪਣੀਆਂ ਸਹਾਇਕ ਨਦੀਆਂ ਨਾਲ ਉਮ੍ਹੜ ਕੇ ਹੁਲਾਰ ਵਿਚ ਆਉਂਦੀ ਹੈ ਅਤੇ ਸਮੁੰਦਰ ਵੱਲ ਨੂੰ ਦੌੜਦੀ ਹੈ ਤੇ ਇਸ ਤਰ੍ਹਾਂ ਨੀਮ-ਰੇਗਿਸਤਾਨ ਦੀ ਛੋਟੀ ਜਿਹੀ ਪੱਟੀ ਪੰਜਾਬ ਨੂੰ ਬਲੋਚਿਸਤਾਨ ਅਤੇ ਸਿੰਧ ਨਾਲੋਂ ਅੱਡ ਕਰਦੀ ਹੈ। ਪੰਜਾਬ ਦੇ ਪੱਛਮ ਵਿਚ ਗਵਾਂਢੀ ਅਫ਼ਗਾਨਿਸਤਾਨ ਹੈ ਜਿਹੜਾ ਕਿ ਸਿੰਧ ਤੋਂ ਬਹੁਤ ਦੂਰ ਹੈ। ਇਸ ਦੇ ਦੱਖਣੀ ਪੱਛਮੀ ਕਿਨਾਰੇ ਰਾਜਸਥਾਨ ਦੇ ਖ਼ੁਸ਼ਕ-ਰੜੇ ਮੈਦਾਨਾਂ ਵਿਚ ਅਲੋਪ ਹੋ ਜਾਂਦੇ ਹਨ ਜਦੋਂ ਕਿ ਪੂਰਬੀ ਭਾਗ ਉਤਰ ਪ੍ਰਦੇਸ਼ ਦੇ ਖੇਤਾਂ ਨਾਲ ਛੂਹਦੇ ਹਨ।

ਇਸ ਭੂਗੋਲਿਕ ਇਕਾਈ ਦੀ ਰਾਜਨੀਤਕ ਹੋਣੀ ਨੂੰ ਉਭਾਰਦਾ ਹੋਇਆ ਸੇਰੇਬੇਰੀਆਕੋਫ ਅੱਗੇ ਲਿਖਦਾ ਹੈ (ਪੰਜਾਬੀ ਸਾਹਿੱਤ, ਪੰਨਾ 3) :

> ਪੰਜਾਬ ਬਹੁਤ ਵੇਰ ਬਦੇਸ਼ੀ ਹਮਲਾਵਰਾਂ ਦੀ ਮਾਰ ਹੇਠ ਆਇਆ। ਈਸਾ ਮਸੀਹ ਤੋਂ ਪੰਜਵੀ ਸਦੀ ਪਹਿਲਾਂ ਪਰਸ਼ੀਆ ਦੇ ਰਾਜੇ ਡੇਰੀਅਸ ਨੇ ਸਿੰਧ ਦੇ ਸੱਜੇ ਕੰਢੇ ਦੇ ਇਲਾਕੇ ਨੂੰ ਆਪਣੇ ਨਾਲ ਮਿਲਾ ਲਿਆ। ਮਕਦੂਨੀਆ ਦੇ ਸਿਕੰਦਰ ਨੇ ਵੀ ਪੰਜਾਬ 'ਤੇ ਹੂੰਝਾ ਫੇਰ ਦਿੱਤਾ, ਪਰੰਤੂ ਪੰਜਾਬ ਦੇ ਲੋਕਾਂ ਵੱਲੋਂ ਥਾਂ ਥਾਂ 'ਤੇ ਰੋਕਾਂ ਲੱਗਣ ਕਾਰਨ ਉਸ ਨੂੰ ਆਪਣੀ ਸਾਰੇ ਭਾਗ ਨੂੰ ਜਿੱਤਣ ਦੀ ਇੱਛਾ ਨੂੰ ਤਿਆਗਣਾ ਪਿਆ।...ਪਿੱਛੋਂ ਵਾਲੀਆਂ ਸਦੀਆਂ ਵਿਚ, ਪੰਜਾਬ ਨੇ ਮੌਰੀਆ ਬਾਦਸ਼ਾਹਾਂ ਦੇ ਰਾਜ ਦਾ ਤਜਰਬਾ ਕੀਤਾ...ਫਿਰ ਪਿੱਛੋਂ ਸੀਥੀਅਨ ਅਤੇ ਕੁਸ਼ਾਨਾਂ ਨੇ ਹਮਲਾ ਕੀਤਾ, ਅਤੇ ਪਿੱਛੋਂ ਗੁਪਤ ਸਲਤਨਤ ਅਤੇ ਹਰਸ਼ ਸਲਤਨਤ ਨੇ ਨਾਲ ਮਿਲਾਇਆ। ਉਨ੍ਹਾਂ ਨੂੰ ਪਿੱਛੇ ਧੱਕਿਆ ਅਤੇ ਮੁਸਲਮਾਨ ਹਮਲਾਵਰਾਂ ਦੇ ਵਿਰੁੱਧ ਜੰਗ ਕੀਤੀ, ਫੇਰ ਜੰਗ ਬਰਤਾਨਵੀ ਜੇਤੂਆਂ ਨਾਲ ਹੋਈ। ਇਸ ਤਰ੍ਹਾਂ ਪੰਜਾਬ ਦੀ ਧਰਤੀ ਇਸ ਦੇ ਬਹਾਦਰ ਲੋਕਾਂ ਦੇ ਲਹੂ ਨਾਲ ਸਿੰਜੀ ਹੈ।

ਜਿਵੇਂ ਕਿ ਸਹਿਜੇ ਹੀ ਉਪਰੋਕਤ ਟੂਕਾਂ ਤੋਂ ਸਿੱਧ ਹੋ ਸਕਦਾ ਹੈ ਸੇਰੇਬੇਰੀਆਕੋਫ ਦੇ

ਚਿਤਵਨ ਵਿਚ ਭੂਗੋਲਕ ਤੇ ਇਤਿਹਾਸਕ ਅੰਸ਼ ਖੰਡਿਤ ਅਵਸਥਾ ਵਿਚ ਪਏ ਹਨ। ਨਤੀਜੇ ਵਜੋਂ ਭੂਗੋਲਿਕ ਅੰਸ਼ ਪੰਜਾਬੀ ਜੀਵਨ ਤੇ ਪ੍ਰਕਿਰਤੀ ਦੇ ਅੰਤਰ-ਸੰਬੰਧ ਨੂੰ ਉਭਾਰਣ ਤੋਂ ਅਸਮਰੱਥ ਰਹਿੰਦਾ ਹੈ ਅਤੇ ਇਤਿਹਾਸਕ ਅੰਸ਼ ਇਤਿਹਾਸਕ ਘਟਨਾਵਾਂ ਦੇ ਵਿਵਰਣ ਤੋਂ ਵਧ ਕੁੱਝ ਨਹੀਂ ! ਇਨ੍ਹਾਂ ਵਿਚ ਉਹ ਏਕਤਾ ਬਿਲਕੁਲ ਨਹੀਂ ਜੋ ਪਲੈਖਾਨੋਵ ਦੇ ਚਿੰਤਨ ਦਾ ਅਨਿੱਖੜਵਾਂ ਅੰਗ ਹੈ। ਕਹਿਣ ਤੋਂ ਭਾਵ ਇਹ ਨਹੀਂ ਕਿ ਪਲੈਖਾਨੋਵ ਦਾ ਭੂਗੋਲਿਕ/ਇਤਿਹਾਸਕ ਚਿੰਤਨ ਸਮੁੱਚਤਾ ਦਾ ਲਖਾਇਕ ਹੈ। ਉਸ ਵਿਚ ਵੀ ਆਤਮਕ, ਦਾਰਸ਼ਨਿਕ ਤੇ ਸੁਹਜਾਤਮਕ ਆਕਾਰਾਂ ਦਾ ਅਭਾਵ ਹੈ। ਪੰਜਾਬ ਭੂਗੋਲਕ ਇਕਾਈ ਹੀ ਨਹੀਂ ਰਿਹਾ, ਜਿਵੇਂ ਕਿ ਸਰੇਬੇਰੀਆਕੋਫ਼ ਨੇ ਬਿਆਨ ਕੀਤਾ ਹੈ, ਸਗੋਂ ਦੋ ਕਿਤੇ ਵਡੇਰੀਆਂ ਭੂਗੋਲਕ ਇਕਾਈਆਂ ਵਾਲੀਆਂ ਮਹਾਂ-ਧਰਤੀਆਂ ਵਿਚਕਾਰ ਸਥਿੱਤ ਵੀ ਰਿਹਾ ਹੈ। ਦੱਖਣ/ਪੂਰਬ ਦੀ ਮਹਾਂ-ਧਰਤੀ ਭਾਰਤ-ਵਰਸ਼ ਦੀ ਸੀ ਜੋ ਪੁਰਾਤਨ ਸੰਸਕ੍ਰਿਤ ਸਾਹਿੱਤ ਵਿਚ 'ਤਪੋਵਣ' ਦੇ ਬਿੰਬ ਵਿਚ ਸਥੂਲ ਰੂਪ ਇਖ਼ਤਿਆਰ ਕਰਦੀ ਹੈ। ਇਸ ਦਾ ਮਾਨਵੀਕਰਣ 'ਰਿਸ਼ੀ' ਦੇ ਬਿੰਬ ਰਾਹੀਂ ਹੁੰਦਾ ਹੈ, ਜਿਸ ਲਈ ਤਪੋਵਣ ਸ੍ਰਿਸ਼ਟੀ ਦਾ ਲਘੂ-ਰੂਪ ਹੈ ਅਤੇ ਸ੍ਰਿਸ਼ਟੀ ਤਪੋਵਣ ਦਾ ਵਿਰਾਟ ਰੂਪ ਹੈ। ਰਿਸ਼ੀ ਲਈ ਦੇਸ਼ ਵਿਚ ਗਤੀ ਵਰਜਿਤ ਹੈ ਪਰ ਗਤੀਹੀਣ ਅਵਸਥਾ ਵਿਚ ਉਹ ਅਜੇਹੇ ਅੰਤਰ-ਧਿਆਨ ਨੂੰ ਪਹੁੰਚਦਾ ਹੈ, ਜਿਸ ਰਾਹੀਂ ਉਸ ਨੂੰ "ਭੂਤ ਭਵਿੱਖ ਭਵਾਨ" ਦਾ ਸਹਿਜ ਅਨੁਭਵ ਹੋ ਜਾਂਦਾ ਹੈ। ਕੁਦਰਤੀ ਤੌਰ ਉਤੇ ਇਹ ਮਹਾਂ-ਧਰਤੀ ਪੁਰਾਣ ਦੀ ਸੰਰਚਨਾ ਵਿਚ ਸੰਚਿਤ ਹੈ, ਜਿਸ ਵਿਚੋਂ ਆਰੰਭ ਦਾ ਝਲਕਾਰ ਦ੍ਰਿਸ਼ਟਮਾਨ ਹੁੰਦਾ ਹੈ।

ਦੱਖਣ/ਪੂਰਬ ਵੱਲ ਵਿਛੀ ਇਸ ਪੌਰਾਣਿਕ ਆਭਾ ਵਾਲੀ ਮਹਾਂ-ਧਰਤੀ ਦੇ ਟਾਕਰੇ ਵਿਚ, ਉੱਤਰ/ਪੱਛਮ ਵੱਲ ਵਿਛੀ ਉਹ ਮਹਾਂ-ਧਰਤੀ ਹੈ ਜੋ ਪੁਰਾਤਨ ਯਹੂਦੀ ਰਚਨਾਵਾਂ ਵਿਚ ਕਦੇ ਬੀਆਬਾਨ ਤੇ ਕਦੇ ਮਾਰੂਥਲ ਦੇ ਰੂਪ ਵਿਚ ਬਿੰਬਤ ਹੁੰਦੀ ਹੈ। ਇਸ ਮਾਰੂਥਲ ਜਾਂ ਬੀਆਬਾਨ ਦਾ ਮਾਨਵੀਕਰਣ ਉਸ ਰਾਹੀ ਦੇ ਬਿੰਬ ਰਾਹੀਂ ਹੁੰਦਾ ਹੈ, ਜਿਸ ਲਈ ਦੇਸ਼ ਵਿਚ ਗਤੀ ਹੀ ਜੀਵਨ ਦੀ ਆਧਾਰ-ਸ਼ਿਲਾ ਹੈ। ਗਤੀਸ਼ੀਲ ਹੋ ਕੇ ਉਹ ਉਸ ਚੇਤਨਾ ਨੂੰ ਪ੍ਰਾਪਤ ਕਰਨਾ ਲੋੜਦਾ ਹੈ ਜੋ ਉਸ ਨੂੰ ਕਾਲਿਕੀ ਸਮੱਸਿਆਵਾਂ ਦਾ ਸਦੀਵੀ ਨਹੀਂ ਤਾਂ ਚਿਰੰਜੀਵੀ ਸਮਾਧਾਨ ਪ੍ਰਦਾਨ ਕਰ ਦੇਵੇ। ਨਿਸਚੇ ਹੀ ਕਾਲ ਦੀ ਨਿਰੰਤਰਤਾ ਇਸ ਮਹਾਂ-ਧਰਤੀ ਦੀ ਅੰਤਰ-ਆਤਮਾ ਵਿਚ ਵੱਸੀ ਹੋਈ ਹੈ ਜਿਸ ਵਿਚੋਂ ਅੰਤ ਦੀ ਅਨੰਤਤਾ ਦੇ ਦੀਦਾਰ ਹੋ ਸਕਦੇ ਹਨ।

ਦੋਨਾਂ ਮਹਾਂ-ਧਰਤੀਆਂ ਵਿਚਕਾਰ ਸਥਿਤ ਪੰਜਾਬ ਦੀ ਧਰਤੀ ਹੱਥ ਦੀ ਹਥੇਲੀ ਵਰਗਾ ਸਪਸ਼ਟ ਮੈਦਾਨ ਹੈ। ਉਹ ਦੋਨਾਂ ਪ੍ਰਭਾਵਾਂ ਪ੍ਰਤੀ ਰੁਚਿਤ ਹੈ, ਪਰ ਦੋਨਾਂ ਵਿਚੋਂ ਕਿਸੇ ਨਾਲ ਵੀ ਅਭੇਦ ਨਹੀਂ। ਇਸ ਦਾ ਮਾਨਵੀ ਬਿੰਬ ਉਸ ਕਿਰਤੀ ਦਾ ਹੈ ਜਿਸ ਨੇ ਰਿਸ਼ੀ ਦੇ ਚਿੰਤਨ ਤੇ ਰਾਹੀ ਦੇ ਕਾਰਜ ਨੂੰ ਏਕਤਾ ਵਿਚ ਤਾਂ ਪਰੋ ਲਿਆ ਹੈ, ਪਰ ਨਾਲ ਹੀ ਚਿੰਤਨ ਤੇ ਕਾਰਜ ਦੀ ਦਵੰਦਾਤਮਕ ਤੇ ਪਦਾਰਥਕ ਵਿਸ਼ੇਸ਼ਤਾ ਨੂੰ ਕਿਰਤ ਦੀ ਸੁੰਗੜੀ ਹੋਈ ਅਕਾਂਖਿਆ ਵਿਚ ਢਾਲ ਲਿਆ ਹੈ। ਇਸ ਤਰ੍ਹਾਂ ਪੰਜਾਬੀ ਜੀਵਨ ਦੀ ਅੰਤਰ-ਆਤਮਾ ਵਿਚ ਉਹ ਦੁਫਾੜ ਰਚੀ ਹੋਈ ਹੈ ਜੋ ਸਮੇਂ ਦੇ ਬੀਤਣ ਨਾਲ ਮਿਟੀ ਨਹੀਂ ਸਗੋਂ ਨਵੇਂ ਤੋਂ ਨਵੇਂ ਗੁਣਾਤਮਕ ਤੇ

ਸੰਖਿਆਤਮਕ ਆਕਾਰ ਗ੍ਰਹਿਣ ਕਰਦੀ ਚਲੀ ਗਈ ਹੈ। ਕੁਦਰਤੀ ਤੌਰ ਉੱਤੇ ਪੰਜਾਬ ਨਾ ਤਾਂ ਕੋਈ ਮੌਲਿਕ ਪੁਰਾਣ ਰਚ ਸਕਿਆ ਹੈ ਤੇ ਨਾ ਵਿਲੱਖਣ ਇਤਿਹਾਸ ਹੀ ਸਿਰਜ ਸਕਿਆ ਹੈ। ਪੁਰਾਣ ਵਲ ਇਹ ਕੇਵਲ ਲਗਾਉ ਹੀ ਦਰਸਾ ਸਕਿਆ ਹੈ ਅਤੇ ਇਤਿਹਾਸ ਵਿਚ ਕੇਵਲ ਇਹ ਵਿਚਰ ਹੀ ਸਕਿਆ ਹੈ।

ਪੰਜਾਬ ਦੀ ਭੂਗੋਲਕ ਇਕਾਈ ਸੰਬੰਧੀ ਸਰੇਬੇਰੀਆਕੋਫ਼ ਦੇ ਵਰਣਨ ਤੋਂ ਅਜੇਹੇ ਕੋਈ ਗਹਿਰੇ ਤੇ ਗੰਭੀਰ ਨਿਚੋੜ ਪ੍ਰਾਪਤ ਨਹੀਂ ਹੁੰਦੇ। ਇਸ ਤਰ੍ਹਾਂ, ਪੰਜਾਬ ਦੀ ਇਤਿਹਾਸਕ ਹੋਣੀ ਨੂੰ ਸਮਝਣ ਲਈ, ਰਾਜਾ ਰਸਾਲੂ ਦੇ ਚਿਤਰਣ ਰਾਹੀਂ ਪੇਸ਼ ਕਰਦਾ ਹੈ। ਰਾਜਾ ਰਸਾਲੂ ਦਾ ਚਿਤਰ ਪੇਸ਼ ਕਰਦਿਆਂ ਸੇਰੇਬੇਰੀਆਕੋਫ਼ ਲਿਖਦਾ ਹੈ (ਪੰਜਾਬੀ ਸਾਹਿੱਤ, ਪੰਨਾ 7) :

> ਪੰਜਾਬੀ ਲੋਕ-ਕਥਾਵਾਂ ਦੀਆਂ ਸਭ ਤੋਂ ਪੁਰਾਣੀਆਂ ਦਸਤਾਵੇਜ਼ਾਂ ਵਿਚੋਂ ਰਾਜਾ ਰਸਾਲੂ ਦੀ ਪੌਰਾਣਿਕ ਕਥਾ ਹੈ...ਰਸਾਲੂ ਦਾ ਬਿੰਬ ਜੀਵਿਤ ਹੈ ਅਤੇ ਇਹ ਬਹੁ-ਪੱਖੀ ਵੀ ਹੈ : ਕਦੇ ਇਹ ਇਕ ਸ਼ਰਾਰਤੀ ਨੌਜਵਾਨ ਦਾ ਹੁੰਦਾ ਹੈ ਕਦੇ ਇਹ ਸ਼ਕਤੀਸ਼ਾਲੀ ਯੋਧੇ ਦਾ ਅਤੇ ਫਿਰ ਉਹ ਇਕ ਭੋਲਾ ਭਾਲਾ ਪਿਆਰਾ ਪੁੱਤਰ ਲਗਦਾ ਹੈ ਅਤੇ ਕਦੇ ਉਹ ਪਤੀ ਲਗਦਾ ਹੈ।
>
> ...ਪੌਰਾਣਕ ਕਥਾਵਾਂ, ਵਾਰਤਾਵਾਂ, ਕਹਾਣੀਆਂ, ਗੀਤ ਅਤੇ ਸਰੋਦੀ ਕਹਾਣੀਆਂ ਇਸੇ ਹੀ ਨਾਮ ਨਾਲ ਸੰਬੰਧਿਤ ਹਨ...ਅਜੇ ਵੀ ਇਨ੍ਹਾਂ ਪੌਰਾਣਿਕ ਕਥਾਵਾਂ ਵਿਚ ਬਹੁਤ ਕੁੱਝ ਅਜਿਹਾ ਹੈ ਜਿਹੜਾਂ ਕਿ ਧੁੰਦਲੇ ਭੂਤ ਨਾਲ ਸੰਬੰਧਿਤ ਹੈ, ਤੇ ਅਸਲ ਵਿਚ ਇਹੀ ਹੈ ਜਿਹੜਾ ਕਿ ਸਾਨੂੰ ਘੱਟੋ ਘਟ ਮੋਟੇ ਤੌਰ 'ਤੇ ਉਹ ਮੁੜ ਸਿਰਜਣ ਦੇ ਯੋਗ ਬਣਾਉਂਦਾ ਹੈ ਜਿਸ ਨੂੰ ਕਿ ਸਾਡੇ ਅੱਜ ਦੇ ਪੰਜਾਬ ਦੇ ਵੱਡੇ ਵਡੇਰੇ ਕਾਵਿ-ਜਾਦੂ ਰਾਹੀਂ ਸਦੀਵੀ ਬਣਾਉਣ ਦੀ ਕੋਸ਼ਿਸ਼ ਕਰਦੇ ਆਏ ਹਨ।

ਜਿਵੇਂ ਕਿ ਉਪਰੋਕਤ ਟੂਕ ਤੋਂ ਭਲੀ ਭਾਂਤ ਹੀ ਸਿੱਧ ਹੋ ਜਾਂਦਾ ਹੈ ਕਿ ਸੇਰੇਬੇਰੀਆਕੋਫ਼, ਰਾਜਾ ਰਸਾਲੂ ਨੂੰ ਪੰਜਾਬ ਦੀ ਅਤਰ-ਆਤਮਾ ਦਾ ਸਾਕਾਰ ਬਿੰਬ ਹੀ ਨਹੀਂ ਠਹਿਰਾਉਂਦਾ ਸਗੋਂ ਉਸ ਦੀ ਮਹੱਤਾ ਨੂੰ ਪੂਰਨ ਜੋਗੀ ਦੀ ਮਹੱਤਾ ਨਾਲੋਂ ਨਿਖੇੜ ਲੈਂਦਾ ਹੈ। ਇਸ ਨਿਖੇੜ ਦੇ ਫਲ-ਸਰੂਪ ਹੀ ਉਹ ਰਾਜਾ ਰਸਾਲੂ ਦੀ ਅ-ਪ੍ਰਮਾਣਕ ਵਿਆਖਿਆ ਵਿਚ ਪੈ ਜਾਂਦਾ ਹੈ। ਵਾਸਤਵ ਵਿਚ ਰਾਜਾ ਰਸਾਲੂ ਉਸ ਅਸਫਲਤਾ ਦਾ ਪ੍ਰਤੀਕ ਹੈ ਜੋ ਪੰਜਾਬੀ ਜੀਵਨ ਨੇ ਇਤਿਹਾਸ ਪ੍ਰਤੀ ਦਿਖਾਈ ਹੈ। ਰਾਜਾ ਰਸਾਲੂ ਸਲਵਾਨ ਤੋਂ ਮੁਨਕਰ ਹੈ, ਇਹ ਉਸ ਦੀ ਪ੍ਰਾਪਤੀ ਹੈ। ਭੋਰੇ ਵਿਚੋਂ ਨਿਕਲ ਆਉਣ ਤੋਂ ਮਗਰੋਂ ਉਸ ਦੀ ਇਹ ਪ੍ਰਾਪਤੀ ਘਟਨਾਵਾਂ ਵਿਚ ਹੀ ਵਿਸਤ੍ਰਿਤ ਹੁੰਦੀ ਹੈ, ਅਨੁਭਵਾਂ ਵਿਚ ਵਿਗਸਿਤ ਨਹੀਂ ਹੁੰਦੀ, ਜੋ ਉਸ ਨੂੰ ਨਵੀਂ ਚੇਤਨਾ ਪ੍ਰਦਾਨ ਕਰ ਕੇ ਨਵੇਂ ਨੈਤ੍ਰਿਕ੍ਰ ਦਾ ਸ੍ਰੋਤ ਮਿਥ ਸਕਦੇ। ਕੁਦਰਤੀ ਤੌਰ ਉੱਤੇ ਉਸ ਦੀ ਜਦੋ-ਜਹਿਦ ਦੈਂਤਾਂ ਵਿਰੁੱਧ ਵਧੇਰੇ ਹੈ ਜਿਨ੍ਹਾਂ ਨੂੰ ਮਾਰ ਕੇ ਉਹ ਕਿਰਤ ਦੀ ਪ੍ਰਤਿਸ਼ਠਤਾ ਨੂੰ ਸਥਾਪਿਤ ਕਰਦਾ ਹੈ, ਪਰ ਕਿਤੇ ਵੀ ਕਿਰਤ ਦੀ ਪ੍ਰਤਿਸ਼ਠਤਾ ਚਿੰਤਨ ਤੇ ਕਾਰਜ ਦੀ ਸੰਜੋਗੀ/ਵਿਜੋਗੀ ਪ੍ਰਕਿਰਿਆ ਦਾ ਰੂਪ ਨਹੀਂ ਧਾਰਦੀ।

ਰਾਜਾ ਰਸਾਲੂ ਦੀ ਉਪਰੋਕਤ ਮਹੱਤਾ ਨਾਲੋਂ ਪੂਰਨ ਜੋਗੀ ਦੀ ਮਹੱਤਾ ਨੂੰ ਨਿਖੇੜਿਆ ਨਹੀਂ ਜਾ ਸਕਦਾ ਕਿਉਂਕਿ ਪੂਰਨ, ਪੰਜਾਬੀ ਜੀਵਨ ਦੇ, ਪੁਰਾਣ ਨਾਲ ਅਪੂਰਨ ਲਗਾਉ ਦਾ ਪ੍ਰਮਾਣਕ ਪ੍ਰਤੀਕ ਹੈ। ਉਸ ਦੀ ਮਾਨਤਾ ਦਾ ਭੇਦ ਏਨਾ ਉਸ ਦੇ ਭਗਤ ਬਣ ਜਾਣ ਦੀ ਸਫਲਤਾ ਵਿਚ ਨਹੀਂ ਜਿੰਨਾ ਉਸ ਦੇ ਪੁੱਤਰ, ਪ੍ਰੇਮੀ ਤੇ ਪਤੀ ਨਾ ਬਣ ਸਕਣ ਵਾਲੀ ਅਸਫਲਤਾ ਵਿਚ ਹੈ। ਰਾਜ-ਪਾਟ ਨੂੰ ਤਿਆਗ ਦੇਣ ਦੀ ਪ੍ਰੇਰਣਾ ਵੀ ਅੰਤਰ-ਆਤਮਾਂ ਵਿਚੋਂ ਆਉਣ ਦੀ ਥਾਂ ਉਸ ਉਪਰਾਮਤਾ ਵਿਚੋਂ ਆਉਂਦੀ ਹੈ ਜਿਹੜੀ ਉਸ ਨੂੰ ਸਲਵਾਨ, ਸੁੰਦਰਾਂ ਤੇ ਲੂਣਾ ਪ੍ਰਤੀ ਅਨੁਭਵ ਹੁੰਦੀ ਹੈ। ਰਾਜ-ਪਾਟ ਨੂੰ ਤਿਆਗ ਕੇ ਜੰਗਲਾਂ ਵਿਚ ਘੁੰਮ ਕੇ ਉਹ ਉਸ ਗਹਿਰੇ ਤੇ ਗੰਭੀਰ ਗਿਆਨ ਨੂੰ ਨਹੀਂ ਪਹੁੰਚਦਾ ਜੋ, ਉਦਾਹਰਣ ਵਜੋਂ, ਗੌਤਮ ਬੁੱਧ ਦੇ ਹਿੱਸੇ ਆਉਂਦਾ ਹੈ ਜਿਸ ਦਾ ਕਈ ਪੱਖਾਂ ਤੋਂ ਉਹ ਲਘੂ-ਰੂਪ ਹੈ। ਨਾਲੇ ਪੂਰਨ ਦੇ ਰੱਬੀ ਗਿਆਨ ਦਾ ਸਮਾਜੀਕਰਣ ਸੰਭਵ ਨਹੀਂ : ਸੁੱਕੇ ਬਾਗ ਦਾ ਹਰਾ ਹੋ ਜਾਣਾ, ਪੂਰਨ ਦਾ ਵਰ ਦੇ ਕੇ ਸਲਵਾਨ ਤੇ ਲੂਣਾਂ ਨੂੰ ਸਰਾਪ ਤੋਂ ਮੁਕਤ ਕਰ ਦੇਣਾ, ਉਸ ਦੀ ਉਸ ਸ਼ਕਤੀ ਨੂੰ ਦਰਸਾਉਂਦੇ ਹਨ ਜੋ ਉਸ ਨੂੰ ਜਨ-ਸਮੂਹ ਨਾਲੋਂ ਵਖਰਿਆਉਂਦੀ ਹੈ, ਨਾ ਕਿ ਉਸ ਸਮਰੱਥਾ ਨੂੰ ਜੋ ਉਸ ਨੂੰ ਨਵੇਂ ਸੱਭਿਆਚਾਰ ਦਾ ਸੋਤ ਮਿੱਥ ਸਕਦੀ, ਜਿਵੇਂ 'ਅਗਨੀ ਤੇ ਉਪਦੇਸ਼' ਗੌਤਮ ਬੁੱਧ ਨੂੰ ਮਿੱਥਦਾ ਹੈ।

ਇਸ ਤਰ੍ਹਾਂ ਦਾ ਵਿਰੋਧ ਤਾਂ ਦਰਅਸਲ ਸੇਰੇਬੇਰੀਆਕੋਫ਼ ਦੀਆਂ ਗੁਰਬਾਣੀ, ਸੂਫ਼ੀ ਕਾਵਿ, ਕਿੱਸਾ ਕਾਵਿ ਤੇ ਆਧੁਨਿਕ ਕਵਿਤਾ ਆਦਿ ਬਾਬਤ ਸਾਰੀਆਂ ਹੀ ਧਾਰਨਾਵਾਂ ਨਾਲ ਹੋ ਸਕਦਾ ਹੈ। ਇਨ੍ਹਾਂ ਸਾਰੇ ਵਿਰੋਧਾਂ ਦੇ ਬਾਵਜੂਦ ਇਹ ਗੱਲ ਕਿੰਤੂ-ਮੁਕਤ ਹੈ ਕਿ 'ਪੰਜਾਬੀ ਸਾਹਿੱਤ' ਨਾਮੀ ਪੁਸਤਕ ਲਿਖ ਕੇ ਸੇਰੇਬੇਰੀਆਕੋਫ਼ ਨੇ ਪੰਜਾਬੀ ਸਾਹਿੱਤਕਾਰਾਂ ਉੱਤੇ ਇਹਸਾਨ ਕੀਤਾ ਹੈ। ਉਸ ਨੇ ਇਸ ਵਿਚਲੇ ਵਿਕਾਸਸ਼ੀਲ ਪੱਖ ਨੂੰ ਦ੍ਰਿਸ਼ਟੀ-ਗੋਚਰ ਕੀਤਾ ਹੈ, ਜਿਸ ਦੀ ਗ਼ੈਰ-ਹਾਜ਼ਰੀ ਵਿਚ ਵਰਤਮਾਨ ਪੰਜਾਬੀ ਸਾਹਿੱਤ ਦਾ ਭਵਿੱਖ ਚਿਤਵਣਾ ਅਸੰਭਵ ਨਹੀਂ ਤਾਂ ਕਠਿਨ ਜ਼ਰੂਰ ਹੈ। ਭਵਿੱਖ ਨੂੰ ਨਾ ਚਿਤਵਣਾ ਬੜੀ ਹੀ ਅਸੁਭਾਵਿਕ ਗੱਲ ਹੈ, ਕਿਉਂਕਿ ਹਰ ਜੁਗ ਵਿਚ ਅਤੀਤ ਨਾਲ, ਵਰਤਮਾਨ ਦਾ ਭਵਿੱਖ ਰਿਹਾ ਹੈ ਅਤੇ ਓਦੋਂ ਤੱਕ ਰਹੇਗਾ ਵੀ, ਜਦੋਂ ਤਕ ਕਾਲ, ਦੇਸ਼-ਕਾਲ ਦੇ ਪਰਿਵਰਤਨ-ਸ਼ੀਲ ਪ੍ਰਬੰਧ ਦਾ ਅਨਿੱਖੜਵਾਂ ਅੰਗ ਹੈ। □

[ਅੰਗਰੇਜ਼ੀ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ]

ਗੁਰਪ੍ਰਤਾਪ ਸਿੰਘ ਗਿੱਲ

## ਬੁਝੇ ਹੋਏ ਦੀਵਿਆਂ ਦੀ ਦਾਸਤਾਂ

—ਦਾਦੇ ਦੀ ਰੱਖੀ ਨਿਸ਼ਾਨੀ, ਚਾਂਦੀ ਦੇ ਰੁਪਈਏ,
ਕੱਚੀ ਲੱਸੀ 'ਚ, ਉਸ ਦੀ ਦਾਦੀ ਨੇ ਕਈ ਵਾਰ ਧੋਤੇ ।
ਉਨ੍ਹਾਂ ਦੇ 'ਸੁਫੇ' ਦਾ ਬੂਹਾ, ਕਈ ਦੀਵਾਲੀਆਂ,
ਸਾਰੀ ਸਾਰੀ ਰਾਤੇ ਖੁਲ੍ਹਿਆ ਰਿਹਾ ।
ਗੁਰਦੁਆਰੇ ਦੇ ਭਾਈ ਨੂੰ, ਮੱਸਿਆ ਵਾਲੀ ਰਾਤੇ
'ਰੋਟ' ਤਾਂ ਉਨ੍ਹਾਂ ਕਈ ਵਾਰ ਖਵਾਇਆ ।
ਪਰ—ਉਨ੍ਹਾਂ ਦੀ ਕੱਚੀ ਮਿੱਟੀ ਦੀ ਬੁਗਨੀ
'ਰਾਤ ਵੇਲੇ' ਦੇ ਡੰਗ ਨਾਲ ਟੁੱਟ ਜਾਂਦੀ
ਪਰ ਐਤਕੀਂ, ਉਨ੍ਹਾਂ ਦੇ ਬਨ੍ਹੇਰੇ 'ਤੇ ਡਿੱਗੀ ਹੋਈ ਮੋਮ
'ਬੱਤੀ' ਦਾ ਰੂਪ ਨਹੀਂ ਲੈ ਸਕੀ, ਪਤਾ ਨਹੀਂ ਕਿਉਂ ?
ਮਾਤਮੀ ਸੰਧਿਆ ਤੋਂ ਬਿਨਾਂ ਵੀ, ਘਰ 'ਚ
ਜੇਠੇ ਪੁੱਤ ਦੇ ਚੌਥੇ ਵਰਗਾ ਸੋਗ ਸੀ
ਵਿਰਲ-ਬਿੰਦੂ ਬਣਿਆ ਹੋਇਆ, ਇਹ ਸੋਗੀ ਵਿਹੜਾ ।
ਸ਼ਾਇਦ ਇਨ੍ਹਾਂ ਦਾ ਰਾਮ, ਅਯੁੱਧਿਆ ਤੋਂ ਵਾਪਸ ਨਹੀਂ ਪਰਤਿਆ
ਜਾਂ ਫਿਰ ਇਨ੍ਹਾਂ ਦਾ ਗੁਰੂ ਵੀ, ਕੈਦ-ਮੁਕਤ ਨਹੀਂ ਹੋਇਆ ।
ਸ਼ਾਇਦ ਕਲ ਵਾਲੀ ਸੁਰਖੀ ਨਾਲ ਹੀ
ਇਨ੍ਹਾਂ ਦਾ ਕੁਝ ਰਲਦਾ ਮਿਲਦਾ ਹੋਵੇ
"ਪਾਰਵਤੀ ਪੁਰਮ-ਸਾਜ਼ਸ਼ ਕੇਸ"
ਖੈਰ—ਦੀਪ ਪ੍ਰਦਰਸ਼ਨੀ ਤਾਂ ਉਨ੍ਹਾਂ ਕਈ ਵਾਰ ਕੀਤੀ
ਪਰ ਜਗੇ ਹੋਏ ਦੀਵਿਆਂ ਦੀ ਮਾਲ੍ਹਾ ਨਾ ਬਣ ਸਕੀ
ਸ਼ਾਇਦ ਉਨ੍ਹਾਂ ਨੂੰ, ਬਨਵਾਸ ਗਏ ਰਾਮ ਦਾ ਅਹਿਸਾਸ ਨਾ ਹੋਵੇ ।
ਜਾਂ ਫਿਰ ਰਾਵਣ ਦੇ ਦੰਭ ਨੇ ਮੋਹ ਲਿਆ ਉਨ੍ਹਾਂ ਨੂੰ
ਖੈਰ—ਗੁਰੂ ਤਾਂ ਉਨ੍ਹਾਂ ਦਾ
ਕਿਸੇ ਵੇਲੇ ਵੀ ਪਰਤ ਸਕਦੈ
'ਹਿੱਕ 'ਤੇ ਸ਼ੇਰ ਲੇਟਣ' ਦੀ ਘਟਨਾ
ਕਿਸੇ ਪਲ ਵੀ ਵਾਪਰ ਸਕਦੀ
ਖੈਰ – ਕਿਸੇ ਵੇਲੇ ਹੀ
ਗਵਾਚਿਆ ਹੋਇਆ ਚਾਨਣ ਦੀਵਿਆਂ 'ਚ ਟਪਕ ਸਕਦੈ
ਤੇ ਬੁਝੇ ਹੋਏ ਦੀਵਿਆਂ ਦੀ ਦੀਪਮਾਲਾ, ਤੇ ਬੁਝੇ ਹੋਏ ਦੀਵਿਆਂ... o

[ਪਿੰਡ ਚੀਮਾ ਖੁਰਦ, ਜ਼ਿਲਾ ਅੰਮ੍ਰਿਤਸਰ]

ਅਮਰਜੀਤ ਸਿੰਘ

# ਸਿਖ ਧਰਮ ਤੇ ਜੱਟ ਬੁੱਧੀਮਾਨ

**ਆਲੋਚਨਾ** ਦੇ ਸੱਜਰੇ ਅੰਕ (ਪ੍ਰੋਫੈਸਰ ਸਾਹਿਬ ਸਿੰਘ ਅੰਕ : ਅਕਤੂਬਰ-ਦਸੰਬਰ 1977, ਪ੍ਰਕਾਸ਼ਨ ਮਿਤੀ ਜਨਵਰੀ 1979) ਵਿਚ ਡਾ. ਤੇਜਵੰਤ ਸਿੰਘ ਗਿੱਲ ਨੇ 'ਸਿੱਖ ਧਰਮ ਤੇ ਸਿੱਖ ਬੁੱਧੀ ਵਰਗ' ਵਰਗੇ "ਗਹਿਰ ਗੰਭੀਰ" ਵਿਸ਼ੇ ਨੂੰ ਬਹੁਤ ਸਾਰੀਆਂ ਗ਼ਲਤ ਬਿਆਨੀਆਂ, ਅਤਿਕਥਨੀਆਂ ਤੇ ਮਨ-ਆਈਆਂ ਦੇ ਘਚੋਲੇ ਪਿਛੋਂ ਜੱਟ ਤੇ ਅਜੱਟ ਬੁੱਧੀ-ਵਰਗਾਂ ਦੀ ਵੰਡ ਕਰਕੇ ਇਹ ਨਤੀਜਾ ਕੱਢਿਆ ਹੈ ਕਿ ਪੰਜਾਬ ਵਿਚ ਜੱਟ (ਸਿੱਖ) ਬੁੱਧੀ ਵਰਗ ਦਰਸ਼ਨ ਵੇਤਾ ਦੀ ਪਦਵੀ ਨੂੰ ਪਹੁੰਚਦਾ ਪਹੁੰਚਦਾ ਇਸ ਲਈ ਰਹਿ ਗਿਆ ਹੈ ਕਿਉਂਕਿ ਉਹ ਇਕ ਵਿਸ਼ੇਸ਼ ਜੱਟ (ਸਿੱਖ) ਘਰਾਣੇ (ਸੇਖੋਂ) ਵਿਚ ਪੈਦਾ ਹੋਣ ਦਾ ਭਾਗੀ ਨਹੀਂ ਬਣ ਸਕਿਆ। ਮੇਰਾ ਖਿਆਲ ਸੀ ਕਿ ਪੰਜਾਬੀ ਅਧਿਐਨ ਖੇਤਰ ਵਿਚ ਚਲਾਈ ਹੋਈ ਜੱਟ ਵਾਦ ਦੀ ਪਿਰਤ ਆਧੁਨਿਕ ਸੰਦਰਭ ਵਿਚ ਆਪਣੇ ਮਹੱਤਵ ਤੋਂ ਵਿਛੜ ਕੇ ਅਲੋਪ ਹੋ ਜਾਏਗੀ ਪਰ ਲਗਦਾ ਇਉਂ ਹੈ ਕਿ ਤੇਜਵੰਤ ਸਿੰਘ ਗਿੱਲ ਨੇ ਜੱਟ ਵਾਦ ਨੂੰ ਜੱਟ-ਸਿਖ-ਵਾਦ ਵਿਚ ਬਦਲਣ ਦਾ ਨਾਅਰਾ ਬੁਲੰਦ ਕੀਤਾ ਹੈ। ਵੇਖੀਏ ਇਹ ਜੱਟ ਸਿੱਖਵਾਦ ਨੇਕੀ ਵਰਗੇ ਅਰੋੜ-ਬੰਸੀ (ਸ਼ਾਇਦ ਲਾਭਦਾਇਕ ਉੱਚ ਪਦਵੀ ਵਾਲਾ ਅਰੋੜਾ ਵੀ ਜੱਟ ਦੇ ਬਰਾਬਰ ਹੋ ਜਾਂਦਾ ਹੈ) ਨਾਲ ਗੱਠ ਜੋੜ ਕਰਨ ਲਈ ਕਿਉਂ ਮਜਬੂਰ ਹੋਇਆ ਹੈ ?

ਤੇਜਵੰਤ ਸਿੰਘ ਗਿੱਲ ਨੇ ਸਿੱਖ ਮੱਤ, ਹਿੰਦੂ ਮੱਤ ਅਤੇ ਇਸਲਾਮ ਲਈ ਪੂਰਵ-ਮਿਥਿਤ ਧਾਰਨਾਵਾਂ ਦਾ ਕਥਨ ਕਰਨ ਪਿਛੋਂ ਜਿਹੜਾ ਸਿਧਾਂਤਕ ਢਾਂਚਾ ਖੜਾ ਕੀਤਾ ਹੈ ਉਹਦੇ ਪਿਛੇ (1) ਸਿਖ ਧਰਮ ਨੂੰ ਅਜੋਕੇ ਸਮੇਂ ਦੀ ਪ੍ਰਧਾਨ ਦ੍ਰਿਸ਼ਟੀ (ਮਾਰਕਸਵਾਦ) ਦੀ ਵਿਆਖਿਆ ਰਾਹੀਂ ਸਤਿਕਾਰਯੋਗ ਬਨਾਣ ਦਾ ਜਤਨ ਅਤੇ (2) ਸਿੱਖ ਮੱਤ ਦੇ ਆਧੁਨਿਕ ਅਤੇ ਸਮਕਾਲੀ ਸੰਦਰਭ ਨੂੰ ਅੱਜੋਕੇ ਸਮੇਂ ਦੀ ਹਾਣੀ ਅਤੇ ਸ੍ਰੇਸ਼ਟ ਜੀਵਨ ਜਾਚ ਬਨਾਣ ਦਾ ਜਤਨ ਪ੍ਰਤੱਖ ਨਜ਼ਰੀਂ ਆਉਂਦਾ ਹੈ। ਪਰ ਇਹ ਸਾਰਾ ਜਤਨ ਉਲਟ-ਗਿਆਨ ਦੇ ਪਾਸਾਰੇ ਰਾਹੀਂ ਮਾਰਕਸਵਾਦ ਨੂੰ ਸਿੱਖ ਮੱਤ ਦਾ ਅਨੁਸਾਰੀ ਤੇ ਸਮਾਜਕ-ਆਰਥਿਕ ਢਾਂਚੇ ਨੂੰ ਸਿਧਾਂਤ ਦਾ ਪਿਛਲਗ ਸਾਬਤ ਕਰਦਾ ਹੈ।

ਤੇਜਵੰਤ ਸਿੰਘ ਗਿੱਲ ਦੀ ਸਾਰੀ ਦਲੀਲ ਗੁਰੂ ਸਾਹਿਬਾਨ ਅਤੇ ਗੁਰਬਾਣੀ ਨੂੰ ਨਾ ਸਿਰਫ਼ ਆਪਣੇ ਸਮੇਂ ਦਾ ਸਰਬੋਤਮ ਮਾਨਵ ਅਤੇ ਚਿੰਤਨ ਮਿਥ ਕੇ ਟੁਰਦੀ ਹੈ ਸਗੋਂ ਸੂਫੀਆਂ, ਹਿੰਦੂ ਧਰਮ ਅਤੇ ਬੋਧ ਧਰਮ ਬਾਰੇ ਆਪਣੇ ਪੂਰਵ-ਅਗ੍ਰਿਹਾਂ (**Prejudices**) ਦਾ ਆਡੰਬਰ ਲੁਕੋਣ ਤੋਂ ਵੀ ਅਸਮਰਥ ਰਹਿੰਦੀ ਹੈ :

'ਬੋਧੀ ਬੁਧੀਵਰਗ...ਨਿਰਬਲ ਇਤਿਹਾਸਕਤਾ ਦਾ ਧਾਰਨੀ ਹੈ।'

(ਪੰਨਾ, 59)

'ਹਿੰਦੂ ਬੁਧੀ ਵਰਗ ਵਲੋਂ ਵਰੋਸਾਈ ਨੇਤ੍ਰਿਤਵਹੀਨ ਤੇ ਗਤੀਹੀਨ ਵਿਆਪਕਤਾ ਨੂੰ ਭਰਪੂਰ ਚਣੌਤੀ ਤਾਂ ਇਸਲਾਮੀ ਮਜ਼ਹਬ ਵਲੋਂ ਪੇਸ਼ ਹੁੰਦੀ ਹੈ।' (ਉਹੀ) 'ਇਸਲਾਮੀ ਬੁਧੀਜੀਵੀ ਪੰਜਾਬੀ ਜੀਵਨ ਦੀ ਇਤਿਹਾਸਕ/ਵਿਆਪਕ ਜੀਵਨ ਬੋਧ ਦੀ ਸਿਰਜਨਾ ਕਰਨ ਤੋਂ ਅਸਮਰਥ ਰਹਿੰਦੇ ਹਨ।' (ਪੰਨਾ 60) ਅਤੇ 'ਪੰਜਾਬੀ ਅੰਤਰ ਆਤਮਾ ਨੂੰ ਸਿਖ ਧਰਮ ਹੀ ਟੁੰਬਦਾ ਹੈ।' (ਉਹੀ)

ਉਹ ਇਹ ਗੱਲ ਤਾਂ ਮੰਨਦਾ ਹੈ ਕਿ 'ਸਿਖ ਧਰਮ ਨੇ "ਕਲਿ ਆਈ ਕੁਤੇ ਮੂਹੀ" ਦਾ ਅਨੁਮੂਲਣ ਕਰਨ ਵੇਲੇ ਜੋ ਉਦਤੱਤਾ ਦਿਖਾਈ ਹੈ, ਉਹਦਾ ਪ੍ਰਮਾਣ "ਸਚੇ ਕੀ ਸਰਕਾਰ" ਸਿਰਜਣ ਵੇਲੇ ਬਿਲਕੁਲ ਹੀ ਨਹੀਂ ਦਿੱਤਾ ਤੇ 'ਨਵ ਸਿਰਜਨਾ ਵਲ ਤਾਂ ਇਸਨੇ ਆਪਣੀ ਪਹਿਲੀ ਉਦਤੱਤਾ ਨੂੰ ਝੁਠਲਾਉਣ ਦਾ ਹੀ ਯਤਨ ਕੀਤਾ ਹੈ।' (ਪੰਨਾ. 62)

ਅਤੇ 'ਸਿਖ ਬੁਧੀਵਰਗ, ਅਜੋਕਾ ਸਿਖ ਬੁਧੀ ਵਰਗ ਇਸਤਰ੍ਹਾਂ ਦਾ ਇਤਿਸਾਹਕ/ਵਿਆਪਕ ਕਰਤੱਵ ਨਿਭਾਉਣ ਦੇ ਅਸਮਰਥ ਰਿਹਾ ਹੈ।' (ਉਹੀ)

ਪਰ ਅੱਜ ਦੇ ਸੰਦਰਭ ਵਿਚ ਅਜੋਕੀਆਂ ਸਮਾਜੀ ਸਥਿਤੀਆਂ ਦੇ ਨਿਸਚੇਜਨਕ ਅਤੇ ਨਿਰਣੈ-ਜਨਕ ਪ੍ਰਭਾਵ ਦੇ ਵਿਪਰੀਤ ਉਹ ਸਿਖ ਧਰਮ ਦੀ ਪੁਨਰ ਸੁਰਜੀਤੀ ਨੂੰ ਹੀ (ਪੁਨਰ ਮੁਲੰਕਣ ਨੂੰ ਨਹੀਂ) ਭਵਿਖ ਵਿਚਲਾ ਉਭਾਰ ਮੰਨਦਾ ਤੇ ਚਿਤਵਦਾ ਹੈ।

"ਜੇ ਕਦੇ ਪੰਜਾਬੀਅਤ ਪਥ-ਪ੍ਰਦਰਸ਼ਕ ਤੇ ਨੇਤ੍ਰਿਤਵਸ਼ੀਲ ਸੰਸਕ੍ਰਿਤੀ ਦੇ ਰੂਪ ਵਿਚ ਵਿਕਸਿਤ ਹੋਵੇਗੀ ਤਾਂ ਨਿਸਚੇ ਹੀ ਉਸਦਾ ਪ੍ਰਥਮ ਸ੍ਰੋਤ ਤੇ ਸ਼੍ਰੋਮਣੀ ਦਰਸ਼ਨ ਵੇਤਾ ਗੁਰੂ ਨਾਨਕ ਨੂੰ ਹੀ ਪ੍ਰਵਾਨ ਕੀਤਾ ਜਾਵੇਗਾ।'

(ਪੰਨਾ : 63–64)

ਇਸ ਤਰ੍ਹਾਂ ਇਹ ਸਾਰੀ ਦਲੀਲ ਆਧੁਨਿਕ ਰਾਜਨੀਤੀ/ਦਾਰਸ਼ਨਿਕ ਸਥਿਤੀ ਦੇ ਡਾਇਲੈਕਟਿਕਸ ਅਨੁਸਾਰ ਨਹੀਂ ਸਗੋਂ ਸਿੱਖ ਧਰਮ ਬਾਰੇ 'ਜੱਟ-ਸਿਖ-ਬੁਧੀਮਾਨ' ਤੇਜਵੰਤ ਸਿੰਘ ਗਿੱਲ ਦੀ ਇੱਛਾ ਅਨੁਸਾਰ ਉਸਦੇ ਪੂਰਵ ਮਿਥਿਤ ਸਿਧਾਂਤ ਦੀ ਪੁਸ਼ਟੀ ਵਜੋਂ ਵਿਕਸਿਤ ਹੁੰਦੀ ਹੋਈ ਮਾਰਕਸਵਾਦ ਦੀ ਇਕ ਜੱਟ–ਸਿਖ-ਵਾਦੀ ਨਵ–ਸਿਰਜਿਤ ਦਰਸ਼ਨ ਪ੍ਰਣਾਲੀ ਦਾ ਪ੍ਰਮਾਣ ਦੇਵੇਗੀ।

ਆਪਣੇ ਲੇਖ ਦੇ ਦੂਜੇ ਅੱਧ ਵਿਚ ਜੱਟ ਤੇ ਅ–ਜੱਟ ਬੁਧੀਵਰਗ ਦੀਆਂ ਵੰਡੀਆਂ ਪਾ ਕੇ ਉਸਨੇ ਕੁਝ ਕੁ ਉਚ ਪਦਵੀਆਂ 'ਤੇ ਬਿਰਾਜੇ ਜੱਟ ਬੁੱਧੀਮਾਨਾਂ ਦੇ ਨਾਂ ਗਿਣਾ ਕੇ ਅ-ਜੱਟ ਬੁਧੀਮਾਨਾਂ ਨੂੰ ਗੁੱਝੇ ਨਹੀਂ ਸਗੋਂ ਖੁੱਲ੍ਹੇ ਕਟਾਖ ਦਾ ਨਿਸ਼ਾਨਾ ਬਣਾਕੇ ਸਾਰੇ ਸਿੱਖ ਬੁਧੀਮਾਨਾਂ ਵਿਚ ਪੰਜਾਬ ਤੋਂ ਪਰ੍ਹਾਂ ਵਿਚਰਣ ਦੀ ਪ੍ਰਬਲ ਹੋ ਰਹੀ ਰੁਚੀ (ਪੰਨਾ 72) ਕਾਰਨ ਇਸ ਬੁਧੀ-ਵਰਗ ਪ੍ਰਤੀ ਨਿਰਾਸ਼ਾ ਪ੍ਰਗਟ ਕੀਤੀ ਹੈ। ਰਾਜਨੀਤਕ ਆਧਾਰ ਅਤੇ ਪ੍ਰਤੀਬੱਧਤਾ ਤੋਂ ਹੀਣੇ ਸਿਖ ਬੁੱਧੀਮਾਨਾਂ ਕੋਲੋਂ ਨਿਰੋਲ ਰਾਜਨੀਤਕ ਪੈਂਤੜੇਬਾਜ਼ੀ ਦੀ ਲੁਕਵੀਂ ਜਹੀ ਮੰਗ ਕੀਤੀ ਹੈ। ਮੈਨੂੰ ਸਮਝ ਨਹੀਂ ਆਈ ਕਿ ਮਧ-ਵਰਗੀ ਬੁੱਧੀਮਾਨਾਂ ਕੋਲੋਂ ਉਨ੍ਹਾਂ ਦੇ ਵਰਗ ਚ੍ਰਿਤਰ ਦੇ ਵਿਪਰੀਤ ਕਿਸੇ ਸਾਹਸੀ ਨੇਤ੍ਰਿਤਵ ਦੀ ਮੰਗ ਕਿਸ ਨਿਯਤ ਨਾਲ ਕੀਤੀ ਗਈ ਹੈ? ੦

[ਪੰਜਾਬੀ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ]

ਗੁਰਚਰਨ ਚੀਮਾ

## ਸੱਚ ਜਾਣੀਂ

ਤੂੰ ਸੱਚ ਜਾਣੀਂ
ਮੈਂ ਤਾਂ ਕਦੇ ਵੀ ਬੇਫ਼ਿਕਰਾ ਨਹੀਂ ਹੋਇਆ
ਸਗੋਂ ਸਦਾ ਹੀ ਮੇਰੇ ਅੰਗ ਸੰਗ ਤੁਰਦਾ ਰਿਹਾ ਹੈ
ਆਫ਼ਰੀ ਹੋਈ ਗ਼ੁਰਬਤ ਦਾ ਨਗਨ ਸਾਇਆ
ਅਤੇ ਸੰਦਲੀ ਸੁਪਨਿਆਂ ਦੇ ਖੇਤਾਂ ਵਿਚ
ਸੋਚਾਂ ਦੀਆਂ ਤਿੱਖੀਆਂ ਜ਼ਹਿਰੀ ਤੂਈਆਂ—
ਜੋ ਜ਼ਖ਼ਮੀ ਕਰਦੀਆਂ ਰਹੀਆਂ ਹਨ ਅਕਸਰ
ਮੌਨ-ਹਾਦਸਿਆਂ ਦੀ ਪੀੜ ਦਾ ਸੱਜਰਾ ਸਿਰਨਾਵਾਂ ।

ਤੂੰ ਸੱਚ ਜਾਣੀਂ
ਮੈਨੂੰ ਤਾਂ ਕਦੇ ਵੀ ਨਹੀਂ ਭੁੱਲੀ
ਬਾਪੂ ਦੀ ਅੱਖਾਂ ਵਿਚਲੇ ਨੀਰ ਦੇ ਦਰਦ ਦੀ ਚੁੱਪ-ਗਾਥਾ
ਅਤੇ ਬੇਬੇ ਦੀਆਂ ਲੱਖ ਲੱਖ ਅਸੀਸਾਂ 'ਚੋਂ
ਮੇਰੇ ਜਿਉਂਦੇ ਹੋਣ ਦਾ ਝੁਰੜਿਆ ਹੋਇਆ ਭਰਮ ।

ਤੂੰ ਸੱਚ ਜਾਣੀਂ
ਮੈਨੂੰ ਤਾਂ ਅਜੇ ਤੱਕ ਵੀ ਨਹੀਂ ਵਿਸਰਿਆ
ਮੇਰਾ ਮੈਰੇ ਵਾਲ਼ਾ ਖੇਤ
ਜਿਥੇ ਕਦੇ ਹੱਸ ਹੱਸ ਟੁਟਦੇ ਸਨ
ਮਰ ਜਾਣੀ ਸਰ੍ਹੋਂ ਦੇ ਨਟਖ਼ਟ ਫੁੱਲ
ਅਤੇ ਝੂਮਦੀਆਂ ਕਣਕਾਂ ਦਾ ਸ਼ਰਾਬੀ ਬੂਰ ।

ਤੂੰ ਸੱਚ ਜਾਣੀਂ
ਮੈਨੂੰ ਅਜੇ ਵੀ ਯਾਦ ਹੈ
ਇਕ ਗੁਲਾਬੀ ਜਿਹੀ ਮਹਿਕ ਦਾ ਆਖ਼ਰੀ ਬੁੱਲਾ
ਜਿਸਨੇ ਕਦੇ ਬਖ਼ਸ਼ੀ ਸੀ ਮੈਨੂੰ
ਆਪਣੇ ਮਨ ਦੀ ਕੁਲ ਅਮੀਰੀ

ਅਤੇ ਜੋ ਤੱਪਦੀਆਂ ਲੋਆਂ ਵਿਚ
ਅਚਾਨਕ ਬੇ ਮੌਤਾ ਹੀ ਭਸਮ ਸੀ ਹੋਇਆ ।

ਤੂੰ ਸੱਚ ਜਾਣੀਂ
ਮੈਨੂੰ ਤਾਂ ਅਜੇ ਵੀ ਨਹੀਂ ਭੁੱਲਿਆ
ਮੇਰੇ ਖੰਡਰ ਹੋਏ ਘਰ ਦਾ ਕੁਦਰਤੀ ਸਰਾਪ
ਅਤੇ ਉਹ ਢੀਠ ਜਿਹਾ ਵਕਤ
ਜਦ ਚੁਪ ਚਾਪ ਖ਼ਾਲੀ ਪੇਟ ਦਿਨ ਕਟੀ ਕਰਦੇ ਸਨ
ਮੇਰੀ ਮਾਂ, ਭੈਣ ਅਤੇ ਮੇਰੇ ਛੋਟੇ ਵੀਰ ।

ਤੂੰ ਸੱਚ ਜਾਣੀਂ
ਮੈਨੂੰ ਤਾਂ ਕਦੇ ਵੀ ਨਹੀਂ ਭੁੱਲਦਾ
ਰਾਜ-ਸੱਤਾ ਦੇ ਰੰਗੀਨ ਪਰਦੇ ਹੇਠ
ਲੁਕੇ ਹੋਏ ਮਗਰਮੱਛ ਦਾ ਭਿਅੰਕਰ ਜੁਬ੍ਹਾੜਾ
ਜਿਹੜਾ ਮੇਰੀਆਂ ਬੁੱਢੀਆਂ ਡਿਗਰੀਆਂ ਸਮੇਤ
ਚੱਬ ਗਿਆ ਹੈ ਮੇਰੀ ਸਰੂ ਵਰਗੀ ਜਵਾਨੀ
ਅਤੇ ਬਾਪੂ 'ਤੇ ਬੇਬੇ ਦੀਆਂ
ਲਗਰਾਂ ਵਾਂਗ ਵਿਗਸਦੀਆਂ ਕੁੱਲ ਕੂਲੀਆਂ ਆਸਾਂ ।

ਤੂੰ ਸੱਚ ਜਾਣੀਂ
ਹੁਣ ਤਾਂ ਮੈਨੂੰ ਉੱਕਾ ਹੀ ਨਹੀਂ ਵਿਸਰਦੀ
ਮੇਰੇ ਕਦਮਾਂ ਨੂੰ ਪਲ ਪਲ ਪੜਤਾਲਦੀ
ਮੇਰੀ ਸੂਰਜ ਜਿਹੀ ਮੰਜ਼ਿਲ ਦੀ ਭਰਪੂਰ ਸੈਨਤ
ਅਤੇ ਹਨੇਰੇ ਵਿਚ ਵਧ ਵਧ ਤੁਰਦਾ
ਨਿੱਘੀ ਧੁੱਪ ਵਰਗਾ ਮੇਰਾ ਪਰਬਤ ਜਿਹਾ ਜਿਗਰਾ
ਤੂੰ ਸੱਚ ਜਾਣੀਂ...। □

[ਪਿੰਡ ਚੀਮਾ, ਡਾਕਘਰ ਕੜਿਆਲ, ਤਸੀਲ ਜ਼ੀਰਾ, ਜ਼ਿਲਾ ਫੀਰੋਜ਼ਪੁਰ]

ਸੁਰਜੀਤ ਗਿੱਲ

# ਭਵਾਨੀ ਕੁਝ ਸਮੱਸਿਆਵਾਂ

ਸਾਹਿਤਕਾਰ ਲਈ ਲਾਜ਼ਮੀ ਹੈ ਕਿ ਉਹ ਆਪਣੇ ਸਮੇਂ ਵਿਚ ਵਾਪਰ ਰਹੀਆਂ ਸਮਾਜਕ, ਰਾਜਸੀ ਤੇ ਸਭਿਆਚਾਰਕ ਘਟਨਾਵਾਂ ਤੇ ਸਰਗਰਮੀਆਂ ਦਾ ਬਰੀਕੀ ਨਾਲ ਅਧਿਐਨ ਕਰੇ। ਉਹਨਾਂ ਵਿਚ ਹਿੱਸਾ ਲੈ ਰਹੀਆਂ ਜਮਾਤੀ ਸ਼ਕਤੀਆਂ, ਪ੍ਰੇਰਕ ਸਿਧਾਂਤਾਂ ਨੂੰ ਚੰਗੀ ਤਰ੍ਹਾਂ ਸਮਝੇ ਤੇ ਉਹਨਾਂ ਦੀ ਚੀਰ ਫਾੜ ਕਰਕੇ ਕਲਾ ਰਾਹੀਂ ਲੋਕਾਂ ਤਕ ਪੇਸ਼ ਕਰੇ। ਪਰੰਤੂ ਇਹ ਕੁਝ ਕਰਦੇ ਸਮੇਂ ਉਹ ਆਪ ਸਮਾਜ ਦੀਆਂ ਅੱਗੇ ਵਧੂ ਸ਼ਕਤੀਆਂ ਤੇ ਅੱਗੇ ਵਧੂ ਪ੍ਰੇਰਕ ਸਿਧਾਂਤਾਂ ਦੇ ਪੱਖ ਵਿਚ ਖੜ੍ਹੇ ਤੇ ਉਹਨਾਂ ਦੀ ਵਕਾਲਤ ਕਰੇ। ਸਮਾਜਕ ਤੇ ਰਾਜਸੀ ਲਹਿਰਾਂ ਦੇ ਭਵਿਖ ਵਲ ਵਿਗਿਆਨਕ ਵਿਕਾਸ ਦੇ ਸੰਕੇਤ ਦੇਵੇ।

ਪੰਜਾਬੀ ਸਾਹਿੱਤ ਵਿਚ ਨਾਵਲ ਦੇ ਖੇਤਰ ਵਿਚ ਨਾਨਕ ਸਿੰਘ ਤੋਂ ਪਿੱਛੋਂ ਜਸਵੰਤ ਸਿੰਘ ਕੰਵਲ ਅਜਿਹਾ ਨਾਵਲਕਾਰ ਹੈ ਜਿਸ ਨੇ ਪਹਿਲੀ ਵੇਰ ਸਮਾਜ ਵਿਚਲੀਆਂ ਅੱਗੇ ਵਧੂ ਜਮਾਤਾਂ ਤੇ ਰਾਜਸੀ ਲਹਿਰਾਂ ਨੂੰ ਆਪਣੀ ਕਲਾ ਦਾ ਵਿਸ਼ਾ ਬਣਾਇਆ ਹੈ। ਉਹਦੇ ਨਾਵਲ 'ਰਾਤ ਬਾਕੀ ਹੈ' ਵਿਚ ਉਸਦੀ ਸੋਚ ਯਥਾਰਥਵਾਦੀ ਘੱਟ, ਭਾਵਕ ਤੇ ਰੁਮਾਂਸਵਾਦੀ ਵਧ ਸੀ। ਉਸ ਸਮੇਂ ਭਾਵਕ ਤੌਰ 'ਤੇ ਉਹ ਪੰਜਾਬੀ ਵਿਚ ਚਲ ਰਹੇ ਜ਼ਮੀਨੀ ਘੋਲ ਤੋਂ ਪ੍ਰਭਾਵਿਤ ਸੀ। ਪਰ ਉਸ ਘੋਲ ਨੂੰ ਰਾਜਸੀ ਤੇ ਆਰਥਿਕ ਪਖੋਂ ਪੂਰੀ ਤਰ੍ਹਾਂ ਨਹੀਂ ਸਮਝਦਾ ਸੀ। ਉਸ ਨੂੰ ਉਸ ਲਹਿਰ ਦੀਆਂ ਆਰਥਿਕ ਪ੍ਰਾਪਤੀਆਂ ਤੇ ਸਮਾਜਕ ਪ੍ਰਭਾਵਾਂ ਦੀ ਬਹੁਤੀ ਚਿੰਤਾ ਨਹੀਂ ਸੀ। ਉਹਨੇ ਕੇਵਲ ਲਹਿਰ ਵਿਚ ਹਿੱਸਾ ਲੈ ਰਹੇ ਦਰਮਿਆਨੀ ਕਿਸਾਨੀ ਵਿਚੋਂ ਆਏ ਨਾਇਕ ਦੀ ਪਿਆਰ ਕਥਾ ਬਿਆਨ ਕੀਤੀ ਸੀ, ਜਿਸ ਦਾ ਉਭਰਵਾਂ ਪ੍ਰਭਾਵ ਜਮਾਤੀ ਦਵੰਦ ਤੇ ਜਮਾਤੀ ਸੰਘਰਸ਼ ਨਾ ਹੋ ਕੇ ਇਕ 'ਪਿਆਰ ਦੁਖਾਂਤ' ਦਾ ਸੀ। ਜਿਸ ਕਾਰਨ ਇਹ ਨਾਵਲ ਸੰਘਰਸ਼ ਦਾ ਯਥਾਰਥਵਾਦੀ ਚਿਤਰ ਪੇਸ਼ ਕਰਨ ਵਿਚ ਸਫ਼ਲ ਨਾ ਰਿਹਾ। ਜਮਾਤੀ ਸੰਘਰਸ਼ ਵਿਚ ਵੀ ਆਪਣਾ ਅਹਿਮ ਰੋਲ ਅਦਾ ਨਾ ਕਰ ਸਕਿਆ।

ਇਸ ਪਿਛੋਂ ਸੱਠਵਿਆਂ ਵਿਚ ਲਿਖਿਆ ਉਹਦਾ ਨਾਵਲ 'ਭਵਾਨੀ' ਉਸ ਦੇ ਨਾਵਲ 'ਰਾਤ ਬਾਕੀ ਹੈ' ਨਾਲੋਂ ਠਿੱਗਰ ਹੈ ਤੇ ਯਥਾਰਥ ਨੂੰ ਤਲਖ ਰੂਪ ਵਿਚ ਪੇਸ਼ ਕਰਦਾ ਹੈ। ਇਸ ਨਾਵਲ ਵਿਚ ਕੰਵਲ ਦੀ ਸੂਝ ਵੱਧ ਤੀਖਣ ਤੇ ਉਪਭਾਵਕਤਾ ਤੋਂ ਕਾਫੀ ਹੱਦ ਤੱਕ ਮੁਕਤ ਹੈ, ਬੇ-ਸ਼ਕ ਉਹ ਆਦਰਸ਼ਵਾਦ ਦੀ ਕੁੰਜ ਪੂਰੀ ਤਰ੍ਹਾਂ ਲਾਹੁਣ ਵਿਚ ਸਫਲ ਨਹੀਂ ਹੋਇਆ।

ਸੋਵੀਅਤ ਰੂਸ ਦੀ ਕਮਿਊਨਿਸਟ ਪਾਰਟੀ ਦੀ ਵੀਹਵੀਂ ਕਾਂਗਰਸ ਵਿਚ ਖਰੁਸ਼ਚੋਵ ਨੇ ਸਮਾਜਵਾਦੀ ਕੈਂਪ ਦੀ ਚੜ੍ਹਤ ਤੇ ਸਾਮਰਾਜ ਦੇ ਨਿਘਰ ਦਾ ਜ਼ਿਕਰ ਕਰਕੇ

ਸੰਸਾਰ ਵਿਚ ਇਨਕਲਾਬਾਂ ਦੇ ਪੁਰ ਅਮਨ ਤੌਰ 'ਤੇ ਹੋ ਜਾਣ ਦੀਆਂ ਸੰਭਾਵਨਾਵਾਂ ਦਾ ਜ਼ਿਕਰ ਕੀਤਾ। ਖਰੁਸ਼ਚੋਵ ਦੇ ਇਸ ਅਨੁਮਾਨ ਨੂੰ ਆਧਾਰ ਬਣਾ ਕੇ ਮੌਕਾ ਪ੍ਰਸਤ ਨੀਤੀਆਂ ਅਪਨਾਉਣ ਲਈ ਸਾਰੇ ਸੰਸਾਰ ਤੇ ਭਾਰਤ ਦੇ ਸੋਧਵਾਦੀਆਂ ਨੇ ਆਪਣੇ ਲਈ ਹਰੀ ਝੰਡੀ ਸਮਝਿਆ। ਭਾਰਤ ਦੇ ਸੋਧਵਾਦੀਆਂ ਨੇ ਭਾਰਤ ਦੀ ਸਰਮਾਏਦਾਰੀ ਦੇ ਚਰਨੀਂ ਲੱਗਣ ਲਈ ਖਰੁਸ਼ਚੋਵ ਦੇ ਸ਼ਬਦਾਂ ਨੂੰ ਆਪਣੇ ਲਈ ਸਿਧਾਂਤਕ ਓੜ੍ਹਨ ਬਣਾ ਲਿਆ। 1957 ਵਿਚ ਕੇਰਲ ਵਿਚ ਕਮਿਊਨਿਸਟ ਪਾਰਟੀ ਦੀ ਸਰਕਾਰ ਬਣ ਜਾਣ ਨਾਲ ਉਹਨਾਂ ਦੀ ਇਸ ਸੋਚ ਨੂੰ ਹੋਰ ਵੀ ਬਲ ਮਿਲ ਗਿਆ। ਉਹ ਇਸ ਹੱਦ ਤਕ ਪੁਜ ਗਏ ਕਿ ਉਹਨਾਂ ਨੇ ਅੰਮ੍ਰਿਤਸਰ ਵਿਚ ਕਮਿਊਨਿਸਟ ਪਾਰਟੀ ਦੀ ਵਿਸ਼ੇਸ਼ ਕਾਂਗਰਸ ਸੱਦਕੇ ਪਾਰਟੀ ਦਾ ਇਨਕਲਾਬੀ ਲੈਨਿਨੀ ਜਥੇਬੰਦਕ ਢਾਂਚਾ ਬਦਲ ਕੇ ਸੋਸ਼ਲ-ਡੈਮੋਕਰੇਟਿਕ ਢਾਂਚਾ ਅਪਣਾ ਲਿਆ, ਜਿਸ ਨਾਲ ਅਜਿਹੀ ਜਥੇਬੰਦੀ ਹੀ ਹੋਂਦ ਵਿਚ ਆ ਸਕਦੀ ਸੀ ਜਿਹੜੀ ਕੇਵਲ ਚੋਣਾਂ ਲੜਨ ਦੇ ਕੰਮ ਤੋਂ ਬਿਨਾਂ ਕਿਸੇ ਹੋਰ ਇਨਕਲਾਬੀ ਕੰਮ ਨਹੀਂ ਆ ਸਕਦੀ ਸੀ। ਇਸ ਦੇ ਨਾਲ ਹੀ ਕੌਮੀ ਪੱਧਰ 'ਤੇ ਜਵਾਹਰ ਲਾਲ ਨਹਿਰੂ ਤੇ ਪੰਜਾਬ ਵਿਚ ਪਰਤਾਪ ਸਿੰਘ ਕੈਰੋਂ ਨੂੰ ਅੱਗੇ ਵਧੂ ਤੇ ਦੇਸ਼ ਭਗਤ ਹੋਣ ਦਾ ਸਰਟੀਫਿਕੇਟ ਦੇ ਦਿੱਤਾ ਗਿਆ। ਪੰਜਾਬ ਦੀ ਕਮਿਊਨਿਸਟ ਪਾਰਟੀ, ਜਿਸ ਦਾ ਬਹੁਤਾ ਕਾਡਰ ਦਰਮਿਆਨੇ ਤਬਕੇ ਤੇ ਦਰਮਿਆਨੀ ਕਿਸਾਨੀ ਵਿਚੋਂ ਸੀ, ਦਾ ਇਕ ਹਿੱਸਾ ਇਨਕਲਾਬ ਵਿਚੋਂ ਵਿਸ਼ਵਾਸ ਗੁਆ ਬੈਠਾ। ਪਿੰਡਾਂ ਤੇ ਸ਼ਹਿਰਾਂ ਵਿਚ ਸਰਕਾਰੀ ਕਰਜ਼ਿਆਂ, ਡਿਪੂਆਂ, ਪਰਮਿਟਾਂ ਆਦਿ ਨਾਲ ਸਰਕਾਰ ਪੱਖੀਆਂ ਦੇ ਹੋਏ ਵਿਕਾਸ ਨੇ ਵੀ ਉਹਨਾਂ ਨੂੰ ਪ੍ਰਭਾਵਿਤ ਕੀਤਾ। ਇਨਕਲਾਬ ਦੇ ਦੂਰ ਹੋਣ ਕਾਰਨ ਜਾਂ ਵੋਟਾਂ ਰਾਹੀਂ ਆਉਣ ਦੀ ਸੰਭਾਵਨਾ ਨੇ ਉਹਨਾਂ ਦੇ ਇਨਕਲਾਬੀ ਸਿਰੜ ਨੂੰ ਖੋਰ ਕੇ ਰੱਖ ਦਿੱਤਾ। ਉਹ ਪਹਿਲੀ ਵੇਰ ਸਮੂੰਹ ਦੀ ਥਾਂ ਨਿੱਜ ਬਾਰੇ ਸੋਚਣ ਲੱਗੇ।

ਭਵਾਨੀ ਨਾਵਲ ਦੇ ਅਹਿਮ ਪਾਤਰ ਦਿਆਲ ਸਿੰਘ ਦੀ ਵੀ ਇਹੋ ਸਥਿਤੀ ਹੈ। ਜਦੋਂ ਉਹ ਆਪਣੇ ਨਾਲ ਦੇ ਕੈਦਾਂ ਕੱਟਣ ਵਾਲੇ ਵਜ਼ੀਰ ਬਣਦੇ ਤੇ ਹੋਰ ਆਰਥਿਕ ਲਾਭ ਉਠਾਉਂਦੇ ਵੇਖਦਾ ਹੈ ਤਾਂ ਉਹ ਵੀ ਆਪਣੇ ਨਿਜੀ ਵਿਕਾਸ ਦਾ ਰਾਹ ਚੋਣਾਂ ਲੜਨ ਵਿਚ ਦੇਖਦਾ ਹੈ। ਪਰੰਤੂ ਜਦੋਂ ਚੋਣਾਂ ਲੜਨੀਆਂ ਹੋਣ ਤਾਂ ਦਿਆਲ ਸਿੰਘ ਉਹਨਾਂ ਲਈ ਢੁਕਵਾਂ ਨਹੀਂ ਸੀ। ਕਿਉਂਕਿ ਚੋਣਾਂ ਲੜਨ ਲਈ ਕੇਵਲ ਪੁਰਾਣੀ ਕੁਰਬਾਨੀ ਹੀ ਕਾਫੀ ਨਹੀਂ ਹੁੰਦੀ ਬਲਕਿ ਨਿਰਪੱਖ ਵੋਟਰਾਂ ਨੂੰ ਖਿੱਚ ਸਕਣ ਤੇ ਚੋਣਾਂ ਵਿਚ ਖਰਚ ਕਰਨ ਲਈ ਕਾਫੀ ਪੈਸਾ ਇਕੱਠਾ ਕਰ ਸਕਣ ਦੀ ਸਮਰਥਾ ਵੀ ਜ਼ਰੂਰੀ ਹੈ। ਸਾਧਾਰਨ ਕੁਰਬਾਨੀ ਕਰਨ ਵਾਲਾ ਤੇ ਆਰਥਿਕ ਤੌਰ 'ਤੇ ਟੁਟਿਆ ਹੋਇਆ ਦਿਆਲ ਸਿੰਘ ਇਸ ਦੇ ਯੋਗ ਸਾਬਤ ਨਹੀਂ ਹੁੰਦਾ। ਉਹ ਰੱਦਿਆ ਜਾਂਦਾ ਹੈ। ਪੰਜਾਬ ਦੀ ਸਮੁੱਚੀ ਕਮਿਊਨਿਸਟ ਲਹਿਰ ਦੀ ਬਦ-ਕਿਸਮਤੀ ਦਿਆਲ ਸਿੰਘ ਦੀ ਵੀ ਬਦਕਿਸਮਤੀ ਹੈ। ਉਹ ਹੈ ਉਹਦਾ ਕਿਸਾਨੀ ਸੋਚ ਨੂੰ ਨਾ ਤਿਆਗ ਸਕਣਾ। ਪਾਰਟੀ ਵਲੋਂ ਚੋਣਾਂ ਵਿਚ ਟਿਕਟ ਨਾ ਮਿਲਣ ਤੇ ਉਹਦੀ ਕਿਸਾਨੀ ਸੋਚ ਪੂਰੀ ਸ਼ਕਤੀ ਨਾਲ ਉਭਰਦੀ ਹੈ ਅਤੇ ਉਹਦੀ ਕੁਰਬਾਨੀ ਤੇ ਸਮੂੰਹ ਅੱਗੇ ਵਿਅਕਤੀ ਦੀ ਅਧੀਨਤਾ ਦੀ ਸੋਚ ਨੂੰ ਦਰੜ ਕੇ ਰਖ ਦਿੰਦੀ ਹੈ। ਦਿਆਲ ਸਿੰਘ ਜਮਾਤੀ ਸੋਚ ਤੇ ਸੂਝ ਤੋਂ ਕੋਰਾ ਇਕ ਸਾਧਾਰਨ ਜੱਟ ਹੋ ਨਿਬੜਦਾ ਹੈ। ਉਹਦੇ ਅੰਦਰ ਬਦਲੇ ਦੀ ਭਾਵਨਾ ਲੱਟ

ਲੱਟ ਮੱਚ ਉਠਦੀ ਹੈ। ਉਹ ਸਮੁੱਚੀ ਪਾਰਟੀ ਨਾਲੋਂ ਆਪਣੇ ਆਪ ਨੂੰ ਵੱਡਾ ਸਮਝਦਾ ਹੈ ਤੇ ਉਸ ਨੂੰ ਤਬਾਹ ਕਰਨ ਲਈ ਲੋਕ ਦੁਸ਼ਮਣਾਂ ਦੀ ਕਤਾਰ ਵਿਚ ਖੜਾ ਹੋ ਜਾਂਦਾ ਹੈ। ਸੁਲੱਖਣ, ਜੋ ਉਸ ਲਈ ਪਾਰਟੀ ਦਾ ਚਿੰਨ੍ਹ ਤੇ ਨਿੱਜੀ ਹਾਰ ਦਾ ਕਾਰਨ ਹੈ, ਉਸ ਨੂੰ ਕਤਲ ਕਰਨ ਦੀ ਸੋਚਣੀ ਕੋਈ ਅਲੋਕਾਰ ਗੱਲ ਨਹੀਂ ਹੈ। ਅਜਿਹੀ ਮਾਨਸਿਕ ਸਥਿਤੀ ਵਿਚ ਕੋਈ ਕੁਕਰਮ ਵੀ ਨੀਚ ਨਹੀਂ ਜਾਪਦਾ। ਪਰੰਤੂ ਮਾਨਸਿਕ ਦਵੰਦ ਤੋਂ ਛੁਟਕਾਰਾ ਪਾਉਣ ਲਈ ਉਹ ਆਪਣੇ ਆਪ ਨੂੰ ਪਿਛੋਕੜ ਨਾਲੋਂ ਤੋੜ ਕੇ ਸਥਿਤੀ ਅਨੁਕੂਲ ਵਾਤਾਵਰਨ ਵਿਚ ਫਿੱਟ ਕਰਦਾ ਹੈ, ਅਫਸਰਾਂ ਨਾਲ ਮਿਲਦਾ ਹੈ, ਅਫੀਮ ਵੇਚਦਾ ਤੇ ਸ਼ਰਾਬ ਕਢਦਾ, ਰਿਸ਼ਵਤ ਦਿੰਦਾ ਦਵਾਉਂਦਾ ਹੈ, ਭੈੜੇ ਲੋਕਾਂ ਨਾਲ ਭਿਆਲੀ ਪਾਉਂਦਾ ਹੈ। ਉਹਦੀ ਕਿਸੇ ਵੇਲੇ ਦੀ ਸਵੱਛ ਅੰਤਰ ਆਤਮਾ ਜਦੋਂ ਚੀਕਦੀ ਹੈ ਤਾਂ ਉਹਨੂੰ ਸ਼ਰਾਬ ਦੇ ਨਸ਼ੇ ਨਾਲ ਚੁਪ ਕਰਾਉਂਦਾ ਹੈ। ਇਸ ਤਰ੍ਹਾਂ ਕਿਸੇ ਸਮੇਂ ਦੇ ਸਮਾਜ ਦੇ ਚੇਤਨ ਵਿਅਕਤੀ ਲੋਕਾਂ ਦੇ ਹੱਕ ਵਿਚ ਖੜੋਨ ਵਾਲੇ ਕਾਮਰੇਡ ਦਿਆਲ ਸਿੰਘ ਨੂੰ ਉਹਦੀ ਜੱਟ ਸੋਚ, ਸਮਾਜ ਦੇ ਪਿੱਛੇ ਖਿਚੂਆਂ ਵਿਚ ਲਿਆ ਖੜਾ ਕਰਦੀ ਹੈ।

ਨਾਵਲ ਦੀ ਨਾਇਕਾ ਕਰਮਜੀਤ ਤੇ ਉਹਦੀ ਮਾਤਾ, ਜਿਹੜੀਆਂ ਕਿ ਦਿਆਲ ਸਿੰਘ ਦੀ ਧੀ ਤੇ ਪਤਨੀ ਹਨ, ਦੀ ਸਮੱਸਿਆ ਕੋਈ ਚੇਤਨ ਸਮੱਸਿਆ ਨਹੀਂ ਹੈ। ਉਹਨਾਂ ਦੀ ਸਮੱਸਿਆ ਕੇਵਲ ਰਵਾਇਤੀ ਇਸਤਰੀਆਂ ਦੀ ਹੈ, ਕਿ "ਜੀਵਨ ਦੀ ਸਿਰਜਕ ਹੋਣਾ ਹੈ, ਨਾਸ਼ਵੰਤ ਨਹੀਂ।" ਪਰੰਤੂ ਕੰਵਲ ਨੇ ਦੋਨਾਂ ਦੇ ਇਸ ਵਰਤਾਰੇ ਨੂੰ 'ਆਦਰਸ਼ਕ' ਪੁਠ ਦੇ ਕੇ ਮਾਂ ਨੂੰ ਸ਼ਹੀਦ ਤੇ ਧੀ ਨੂੰ ਭਵਾਨੀ ਬਣਾ ਦਿੱਤਾ ਹੈ। ਦਿਆਲ ਸਿੰਘ ਦੀ ਪਤਨੀ ਮਾਨਸਿਕ ਤੇ ਸਰੀਰਕ ਤੌਰ 'ਤੇ ਰੋਗਣ ਇਸ ਲਈ ਹੈ ਕਿ ਉਹ ਬਦਲੇ ਹੋਏ ਦਿਆਲ ਸਿੰਘ ਤੇ ਪਰਿਸਥਿਤੀਆਂ ਨਾਲ ਸਮਝੌਤਾ ਨਹੀਂ ਕਰ ਸਕੀ। ਇਹੋ ਹੀ ਉਹਦਾ ਅਚੇਤ ਆਦਰਸ਼ਵਾਦ ਹੈ। ਉਹ ਕਦੇ ਵੀ ਸਮਾਜਕ ਤੌਰ 'ਤੇ ਚੇਤਨ ਨਹੀਂ ਸੀ। ਉਦੋਂ ਵੀ ਜਦੋਂ ਦਿਆਲ ਸਿੰਘ ਕੁਰਬਾਨੀ ਕਰਦਾ ਤੇ ਲੋਕਾਂ ਲਈ ਲੜਦਾ ਸੀ। ਪਰ ਉਸ ਸਮੇਂ ਵੀ ਉਹ ਆਪ ਗਰੀਬ ਕਿਸਾਨ ਘਰਾਂ ਵਿਚਲੀਆਂ ਇਸਤਰੀਆਂ ਵਾਂਗ ਕਿਸਮਤ 'ਤੇ ਸ਼ਾਕਰ ਤੇ ਵਫਾਦਾਰ ਕਿਸਮ ਦੀ ਦੱਬੂ ਇਸਤਰੀ ਸੀ। ਉਹ ਉਸ ਸਮੇਂ ਵੀ ਸਰੀਰਕ ਜਾਂ ਮਾਨਸਿਕ ਤੌਰ 'ਤੇ ਸੰਘਰਸ਼ਸ਼ੀਲ ਨਹੀਂ ਸੀ। ਪਰ ਉਹਨੂੰ ਧੁੰਦਲਾ ਜਿਹਾ ਚੰਗੇ ਕੰਮਾਂ ਦਾ ਅਹਿਸਾਸ ਸੀ। ਦਿਆਲ ਸਿੰਘ ਦੇ ਨਵਾਂ ਰੁਖ ਅਖਤਿਆਰ ਕਰਨ ਨਾਲ ਜਾਂ ਰਾਜਨੀਤੀ ਬਦਲਣ ਨਾਲ ਉਹਨੂੰ ਕੋਈ ਬਹੁਤਾ ਫਰਕ ਨਹੀਂ ਪੈਣਾ ਸੀ, ਜੇਕਰ ਦਿਆਲ ਸਿੰਘ ਕੇਵਲ ਆਰਥਿਕ ਪ੍ਰਾਪਤੀਆਂ ਕਰਦਾ ਪਰ ਅਖਲਾਕੀ ਤੌਰ 'ਤੇ ਉਹਨਾਂ ਨਿਵਾਣਾਂ ਤਕ ਨਾ ਪੁਜਦਾ ਜਿੰਨ੍ਹਾਂ ਤੱਕ ਹੁਣ ਉਹ ਪੁਜ ਗਿਆ ਸੀ। ਸਾਧਾਰਨ ਇਸਤਰੀ ਕੇਵਲ ਘਰ ਚਾਹੁੰਦੀ ਹੈ, ਇਕ ਵਸਦਾ ਰਸਦਾ, ਵਧਦਾ ਫੁਲਦਾ ਅਮਨ ਨਾਲ ਰਹਿੰਦਾ ਘਰ। ਦਿਆਲ ਸਿੰਘ ਦੇ ਕਾਂਗਰਸੀ ਹੋਣ ਤੋਂ ਪਹਿਲਾਂ ਇਹ ਘਰ ਆਰਥਿਕ ਔਕੜਾਂ ਦੇ ਹੁੰਦਿਆਂ ਵੀ ਇਹੋ ਜਿਹਾ ਸੀ। ਕੁੜੀ ਪੜ੍ਹ ਰਹੀ ਸੀ। ਉਹਦਾ ਭਵਿਖ ਉਜਲਾ ਜਾਪਦਾ ਸੀ। ਮੋਹਣਾ ਦਿਆਲ ਸਿੰਘ ਦਾ ਪੁੱਤ, ਕਾਮਾ ਸੀ, ਵਿਆਹਿਆ ਹੋਇਆ ਸੀ। ਸਾਧਾਰਨ ਔਰਤ ਐਨੇ ਨਾਲ ਹੀ ਸੰਤੁਸ਼ਟ ਸੀ। ਨਵੀਆਂ ਸਥਿਤੀਆਂ ਨੇ ਸਭ ਕੁਝ ਉਲਟ ਪੁਲਟ ਦਿਤਾ ਹੈ। ਘਰ ਖੇਰੂੰ ਖੇਰੂੰ ਹੋ ਗਿਆ

ਹੈ। ਇਸ ਵਿਚ ਵੀ ਮਾਂ ਦੀ ਆਖਰੀ ਰੀਝ ਕੇਵਲ ਧੀ ਦਾ ਮੁੱਖ ਦੇਖਣਾ ਹੀ ਹੈ, ਜਿਸ ਨੂੰ ਉਹ ਆਪਣਾ ਪਰਛਾਵਾਂ ਸਮਝਦੀ ਹੈ। ਇਸੇ ਲਈ ਕਹਿੰਦੀ ਹੈ :

> "ਹੋਰ ਸਾਰੇ ਦੁਖ ਜਰ ਸਕਦੀ ਆਂ। ਦੁੱਖਾਂ ਨੇ ਹੀ ਮੇਰਾ ਸਾਥ ਨਿਭਾਇਆ ਏ। ਇਕ ਤੇਰਾ ਮੂੰਹ ਹੈ, ਜਿਸ ਨੂੰ ਦੇਖ ਕੇ ਜਿੰਦ ਪੈਂਦੀ ਐ। ਤੇਰਾ ਹੀ ਮੂੰਹ ਹੈ, ਜਿਸ ਨੂੰ ਦੇਖ ਕੇ ਡੋਬ ਪੈਂਦੇ ਐ।"

ਕੋਈ ਮਾਂ ਧੀ ਦਾ ਦੁੱਖ ਕਿਵੇਂ ਦੇਖ ਸਕਦੀ ? ਇਸੇ ਲਈ ਦਿਆਲ ਸਿੰਘ ਦੀ ਪਤਨੀ ਹੋਰ ਵੀ ਔਖੀ ਹੈ। ਉਹਦੀ ਇਹ ਸਮੱਸਿਆ ਸਾਧਾਰਨ ਤੇ ਰਵਾਇਤੀ ਇਸਤਰੀ ਦੀ ਹੈ।

ਕਰਮਜੀਤ ਚੇਤਨ ਪਰਿਸਥਿਤੀਆਂ ਤੇ ਆਲੇ ਦੁਆਲੇ ਦੇ ਹੁੰਦਿਆਂ ਵੀ ਆਪਣੇ ਆਪ ਨੂੰ ਸਮਾਜਕ ਚੇਤਨਾ ਦੀ ਹਾਨਣ ਨਹੀਂ ਬਣਾਉਂਦੀ। ਸੁਲਖੱਣ ਉਹਦੀ ਜ਼ਿੰਦਗੀ ਵਿਚ ਆਉਣ ਵਾਲਾ ਪਹਿਲਾ ਮਰਦ ਹੈ। ਉਹਨੂੰ ਮਿਲਣ ਤੇ ਉਹਦੇ ਨੇੜੇ ਹੋਣ ਦੀ ਸੁਵਿਧਾ ਹੈ। ਉਹ ਪ੍ਰਭਾਵਸ਼ਾਲੀ ਹੈ, ਘਰ ਦਾ ਇਕ ਮੈਂਬਰ ਬਣ ਗਿਆ ਹੈ। ਕਰਮਜੀਤ ਉਹਦੇ ਵੱਲ ਖਿੱਚੀ ਜਾਂਦੀ ਹੈ। ਸੁਲੱਖਣ ਉਹਦੇ ਲਈ ਪ੍ਰੇਮੀ ਹੀ ਨਹੀਂ ਬਲਕਿ ਕੁਝ ਵੱਧ ਹੈ। ਦਿਆਲ ਸਿੰਘ ਦੀ ਸੋਚ ਜਿਹੜੀ ਕਿ ਸੁਲੱਖਣ ਨੂੰ ਕਰਮਜੀਤ ਦਾ ਹਾਣੀ ਸਮਝਦੀ ਰਹੀ ਹੈ; ਦੋਨਾਂ ਦੇ ਸੰਬੰਧਾਂ ਨੂੰ ਹੋਰ ਗੂਹੜੇ ਕਰਦੀ ਹੈ। ਪਰੰਤੂ ਇਸ ਰਿਸ਼ਤੇ ਵਿਚ ਓਨਾ ਚਿਰ ਤੀਖਣਤਾ ਨਹੀਂ ਆਉਂਦੀ ਜਿੰਨਾ ਚਿਰ ਇਹ ਸੁਭਾਵਕਤਾ ਖ਼ਤਮ ਨਹੀਂ ਹੁੰਦੀ। ਇਹ ਸੁਭਾਵਕਤਾ ਉਦੋਂ ਟੁਟਦੀ ਹੈ, ਜਦੋਂ ਦਿਆਲ ਸਿੰਘ ਪਾਰਟੀ ਨਾਲੋਂ ਟੁਟ ਜਾਂਦਾ ਹੈ ਅਤੇ ਉਹ ਸੁਲੱਖਣ ਨੂੰ ਵੇਚ ਕੇ ਆਪਣਾ ਹੋਰ ਮੁੱਲ ਵਧਾਉਣਾ ਚਾਹੁੰਦਾ ਹੈ। ਪਰੰਤੂ ਸੁਲੱਖਣ ਜਮਾਤੀ ਤੌਰ 'ਤੇ ਦਿਆਲ ਸਿੰਘ ਨਾਲੋਂ ਵੱਧ ਚੇਤਨ ਤੇ ਆਦਰਸ਼ ਨੂੰ ਪਰਨਾਇਆ ਹੋਇਆ ਹੋਣ ਕਾਰਨ ਦਿਆਲ ਸਿੰਘ ਦੇ ਪੱਖ ਵਿਚ ਨਹੀਂ ਖੜੋਂਦਾ, ਉਸਨੂੰ ਤਿਆਗ ਦਿੰਦਾ ਹੈ। ਇਸ ਦੇ ਨਾਲ ਹੀ ਉਹ ਦਿਆਲ ਸਿੰਘ ਦੇ ਘਰ ਨੂੰ ਵੀ ਸਦਾ ਲਈ ਤਿਆਗ ਦਿੰਦਾ ਹੈ। ਕਰਮਜੀਤ ਤੇ ਉਹਦੀ ਮਾਤਾ ਨਾਲੋਂ ਵੀ ਟੁੱਟ ਜਾਂਦਾ ਹੈ। ਕਰਮਜੀਤ ਇਹ ਕੁਝ ਅਨੁਭਵ ਕਰਕੇ ਵੀ ਪਹਿਲ ਨਹੀਂ ਕਰਦੀ। ਸੁਲੱਖਣ ਦੀ ਜਮਾਤੀ ਚੇਤਨਾ ਉਹਨੂੰ ਆਪਦੇ ਨਾਲ ਧਰੋਹ ਤੇ ਵਿਸ਼ਵਾਸਘਾਤ ਲਗਦੀ ਹੈ। ਦੋਨਾਂ ਵਿਚਕਾਰ ਪਈ ਵਿੱਥ ਤੇ ਹਕੀਕਤਾਂ ਨੂੰ ਸਮਝਣ ਦੀ ਅਸਮਰਥਾ ਹੋਰ ਵੀ ਭੁਲੇਖਿਆਂ ਦਾ ਕਾਰਨ ਬਣਦੀ ਹੈ। ਦੋਨੋਂ ਇਕ ਦੂਜੇ ਲਈ ਓਪਰੇ ਤੇ ਸਾਧਾਰਨ ਵਿਅਕਤੀ ਬਣ ਜਾਂਦੇ ਹਨ। ਕਿਸੇ ਸਮੇਂ ਸੰਬੰਧਾਂ ਵਿਚ ਪੈਦਾ ਹੋਈ ਵਿਸ਼ੇਸ਼ਤਾ ਖਤਮ ਹੋ ਜਾਂਦੀ ਹੈ ਜਾਂ ਧੁੰਦਲੀ ਪੈ ਜਾਂਦੀ ਹੈ।

ਜਿਥੋਂ ਤਕ ਸੁਲੱਖਣ ਦੀ ਜਾਨ ਬਚਾਉਣ ਦੀ ਸਮੱਸਿਆ ਤੇ ਕਰਮਜੀਤ ਵਲੋਂ ਇਹ ਯਤਨ ਕਰਨ ਦਾ ਸਵਾਲ ਹੈ, ਇਹ ਕੇਵਲ ਰਵਾਇਤੀ ਇਸਤਰੀਅਤ ਦੀ ਸਮੱਸਿਆ ਹੀ ਹੈ। ਇਸ ਨੂੰ ਆਦਰਸ਼ਵਾਦੀ ਪੁੱਠ ਦੇ ਕੇ ਉਪਭਾਵਕਤਾ ਦੀ ਸਿਖਰ ਤਕ ਪੁਚਾਇਆ ਗਿਆ ਹੈ। ਸਾਧਾਰਨ ਇਸਤਰੀ ਕਿਸੇ ਵੀ ਨਿਰਦੋਸ਼ ਨੂੰ ਕਤਲ ਹੁੰਦਾ ਨਹੀਂ ਸਹਾਰ ਸਕਦੀ। ਜੇਕਰ ਉਸ ਨਿਰਦੋਸ਼ੇ ਦੇ ਨਿਰਦੋਸ਼ ਹੋਣ ਦਾ ਪੱਕਾ ਸਬੂਤ ਹੋਵੇ ਤੇ ਉਹਦੇ ਨਿੱਜ ਬਾਰੇ ਕੋਈ ਜਾਣਕਾਰੀ ਹੋਵੇ ਤਾਂ ਉਸ ਲਈ ਕੁਰਬਾਨੀ ਕਰ ਦੇਣੀ ਅਸੁਭਾਵਕ ਨਹੀਂ ਹੈ। ਕਰਮਜੀਤ ਵੀ ਇਹੋ ਕਰਦੀ ਹੈ। ਇਸ ਵਿਚ ਸ਼ੱਕ ਨਹੀਂ ਕਿ ਇਹ ਕੁਝ ਕਰਨਾ ਸਾਧਾਰਨ ਕੁੜੀ ਦੇ

ਕਿਰਦਾਰ ਨਾਲੋਂ ਕੁਝ ਵੱਧ ਹੈ, ਪਰ ਨਾ ਛੋਹੇ ਜਾਣ ਵਾਲੀ ਸਿਖਰ ਨਹੀਂ ਹੈ। ਸੁਲੱਖਣ ਦੀ ਜਾਨ ਬਚਾਉਣ ਵੇਲੇ ਉਹ ਮੁਢ ਵਿਚ ਮਾਨਸਿਕ ਦਵੰਦ ਦਾ ਸ਼ਿਕਾਰ ਸੀ। ਪਰੰਤੂ ਅੰਤ ਵਿਚ ਨਿਰੋਲ ਆਦਰਸ਼ਵਾਦੀ, ਮਾਨਵਵਾਦੀ ਝੁਕਾਅ ਭਾਰੂ ਰਿਹਾ।

ਸੁਲੱਖਣ ਦੇ ਚੇਤਨ ਵਿਅਕਤੀ ਤੇ ਵਿਗਿਆਨਕ ਸੋਚ ਦਾ ਧਾਰਨੀ ਹੋਣ ਕਾਰਨ ਉਹਦਾ ਪਾਤਰ ਬਹੁਤਾ ਗੁੰਝਲਦਾਰ ਨਹੀਂ ਚਿਤਰਿਆ ਗਿਆ। ਨਾ ਹੀ ਉਸ ਦੀ ਕੋਈ ਖਾਸ ਸਮੱਸਿਆ ਹੈ। ਉਹਦੇ ਲਈ ਕੇਵਲ ਦੋ ਹੀ ਅਵਸਰ ਮਾਨਸਿਕ ਦਵੰਦ ਦੇ ਆਉਂਦੇ ਹਨ। ਇਕ ਦਿਆਲ ਸਿੰਘ ਦੇ ਘਰੋਂ ਜਾਣ ਸਮੇਂ ਦੂਜਾ ਨਹਿਰ ਦੀ ਪੱਟੜੀ 'ਤੇ ਕਰਮਜੀਤ ਨੂੰ ਮਿਲਣ ਉਪਰੰਤ। ਪਰੰਤੂ ਉਹਦਾ ਆਦਰਸ਼ ਇਸ ਦਵੰਦ ਨੂੰ ਸਮੱਸਿਆ ਨਹੀਂ ਬਣਨ ਦਿੰਦਾ। ਕਰਮਜੀਤ ਦੇ ਨਿਰੋਲ ਉਹਦੇ ਨਿੱਜ ਲਈ ਕੁਰਬਾਨੀ ਕਰਨ ਸਮੇਂ ਵੀ ਉਹਦੇ ਸਾਹਮਣੇ ਆਦਰਸ਼ ਹੀ ਭਾਰੂ ਹੈ। ਉਹ ਕੁੜੀ ਵਲੋਂ ਆਪਣੇ ਨਿੱਜ ਤੇ ਆਪਣੇ ਭਵਿੱਖ ਦੀ ਆਹੂਤੀ ਦੇਣ 'ਤੇ ਵੀ ਇਨਕਲਾਬ ਵਲ ਸੁਚੇਤ ਹੈ। ਆਪਣੀ ਜਾਨ ਦੇ ਬੱਚ ਜਾਣ ਦੀ ਖੁਸ਼ੀ ਨਾਲੋਂ ਪਾਰਟੀ ਦੁਸ਼ਮਣਾਂ ਨੂੰ ਲੱਭਣ ਲਈ ਵੱਧ ਤੀਬਰ ਹੈ। ਇਸ ਵਿਚ ਸ਼ੱਕ ਨਹੀਂ ਕਿ ਲੋਕਾਂ ਲਈ ਮਰ ਮਿਟਣ ਵਾਲਾ ਵਿਅਕਤੀ ਜਜ਼ਬਾਤੀ ਤੇ ਭਾਵਕ ਨਹੀਂ ਹੋਣਾ ਚਾਹੀਦਾ। ਪਰੰਤੂ ਇਨਕਲਾਬੀ ਜਜ਼ਬੇ ਰਹਿਤ ਮਸ਼ੀਨਾਂ ਵੀ ਨਹੀਂ ਹੁੰਦੇ। ਕੰਵਲ ਇਨਕ-ਲਾਬੀ ਪਾਤਰ ਚਿਤਰਨ ਵਿਚ ਸਦਾ ਹੀ ਉਲਾਰ ਰਹਿੰਦਾ ਹੈ। ਉਹਦੇ ਪਾਤਰ ਜਾਂ ਤਾਂ ਮੱਧ ਸ਼੍ਰੇਣਿਕ ਵਿਅਕਤੀ ਹੁੰਦੇ ਹਨ ਜਿਹੜੇ ਸ਼ੌਂਕੀਆ ਇਨਕਲਾਬੀ ਤੇ ਮੁਖ ਰੂਪ ਵਿਚ ਰੁਮਾਂਸਵਾਦੀ ਹੁੰਦੇ ਹਨ। ਜਾਂ ਸੁਲੱਖਣ ਵਾਂਗ ਨਿਰੋਲ ਲੋਹੇ ਦੀ ਲੱਠ ਜਿੰਨ੍ਹਾਂ ਨੂੰ ਕੋਈ ਪਰਿਸਥਿਤੀਆਂ ਮਾਨਸਿਕ ਤੌਰ 'ਤੇ ਡੁਲਾ ਨਹੀਂ ਸਕਦੀਆਂ। ਇਹੋ ਕੰਵਲ ਦੀ ਕਮਜ਼ੋਰੀ ਹੈ, ਕਲਾ ਦੀ ਘਾਟ ਹੈ।

ਕੰਵਲ ਨਾਵਲ 'ਭਵਾਨੀ' ਵਿਚ ਮੁੱਖ ਤੌਰ 'ਤੇ ਖੱਬੀ ਲਹਿਰ ਦੀ ਜਮਾਤੀ ਬਣਤਰ ਦੀ ਸਮੱਸਿਆ ਤੇ ਇਸ ਉਤੇ ਮਧ ਸ਼੍ਰੇਣਿਕ ਵਿਅਕਤੀਵਾਦੀ ਸੋਚ ਦੇ ਭਾਰੂ ਹੋਣ ਨੂੰ ਹੀ ਪੇਸ਼ ਕਰ ਸਕਿਆ ਹੈ। ਦੂਜੀਆਂ ਸਮੱਸਿਆਵਾਂ ਇਸ ਦੇ ਅਧੀਨ ਹਨ। □

[ਪਿੰਡ ਤੇ ਡਾਕਘਰ ਘੋਲੀਆ ਕਲਾਂ, ਤਸੀਲ ਮੋਗਾ, ਜ਼ਿਲਾ ਫ਼ਰੀਦਕੋਟ]

ਪਹਿਲਾ ਜਲਦੀ ਨਹੀਂ

ਦੂਜਾ ਹਾਲੀਂ ਨਹੀਂ

ਤੀਜਾ ਕਦੇ ਨਹੀਂ

ਬੱਚਿਆਂ ਦੇ ਜਨਮ ਬਾਰੇ
ਮਾਤਾ ਪਿਤਾ
ਲਈ
ਨੇਕ ਸਲਾਹ

ਤੁਹਾਡੇ ਨੇੜੇ ਦੇ ਪਰਵਾਰ ਨਿਯੋਜਨ ਕੇਂਦਰ,
ਪ੍ਰਾਇਮਰੀ ਸਿਹਤ ਕੇਂਦਰ, ਜਾਂ ਗਰਾਮ ਸਵਾਸਥ
ਸਹਾਇਕ ਤੋਂ ਤੁਹਾਨੂੰ ਇਸ ਬਾਰੇ ਜ਼ਰੂਰੀ ਸਲਾਹ
ਮਸ਼ਵਰਾ ਤੇ ਲੋੜੀਂਦਾ ਸਾਮਾਨ ਵੀ ਮਿਲ ਸਕਦਾ ਹੈ

ਅੱਜ ਹੀ ਉਨ੍ਹਾਂ ਕੋਲ ਜਾਉ

davp

ਜਸਵੰਤ ਸਿੰਘ ਦੀਦ

## ਗੁਆਚੇ ਘਰ ਦੀ ਤਲਾਸ਼

ਬਹੁਤ ਨਿੱਕੇ ਹੁੰਦੇ ਸਾਂ
ਸ਼ਾਇਦ ਉਦੋਂ ਅਸੀਂ
ਜਦੋਂ ਸਿਖ਼ਰ ਦੁਪਿਹਰਾ ਨੰਗੇ ਸਿਰਾਂ ਤੋਂ
ਦਿੱਲਾਂ ਦੇ ਪ੍ਰਛਾਵਿਆਂ 'ਤੇ ਪੈਰ ਧਰਦਿਆਂ
ਗੁਜ਼ਰ ਜਾਂਦਾ ਸੀ।
ਵੱਤਰ ਕੀਤੇ ਖੇਤਾਂ ਦੀ ਖ਼ਾਕੀ ਮਿੱਟੀ ਵਿਚ
ਲੀਕ ਮਾਰ ਕੇ ਸੀਤਾ ਹਰਨ ਦਾ
ਸੀਨ ਖੇਡਦੇ ਸਾਂ।
ਹੱਥਾਂ ਵਿਚ ਅੱਕ ਦੀਆਂ ਵਿੰਗੀਆਂ ਕੀਤੀਆਂ
ਸੋਟੀਆਂ ਦੇ ਤੀਰ-ਕਮਾਨ ਹੁੰਦੇ ਸਨ
ਤੇ ਉਦੋਂ ਬਹੁਤ ਸੌਖਾ ਹੁੰਦਾ ਸੀ
ਦਸਾਂ ਸਿਰਾਂ ਵਾਲੇ ਰਾਵਣ ਦੀ ਧੁੰਨੀ 'ਚ
ਕਾਅੜ ਕਰਦਾ ਤੀਰ ਮਾਰ ਦੇਣਾ।
ਗੁਆਂਢੀਆਂ ਦੀ ਛਿੰਦੀ ਬਗਲ 'ਚ ਹੁੰਦੀ ਸੀ
ਤੇ ਬਨਵਾਸ ਗਏ ਰਾਮ ਨਾਲ ਬੜੇ ਲਾਡ ਕਰਦੀ ਸੀ।
ਦਿਨ ਭਰ ਬਾਜ਼ਾਰਾਂ 'ਚੋਂ ਲਭਦੇ ਹੁੰਦੇ ਸਾਂ
ਚਾਹ ਦੀ ਪੇਟੀ ਵਿਚ ਚਮਕਦੀ
ਚਾਂਦੀ ਦਾ ਕਾਗਜ਼।
ਬਹੁਤ ਖ਼ੁਸ਼ ਹੁੰਦੀ ਸੀ ਉਹ ਨਿੱਕੀ ਜਿਹੀ ਕੁੜੀ
ਜਦ ਉਹਨਾਂ ਕਾਗਜ਼ਾਂ ਦੇ ਨਿੱਕੇ ਨਿੱਕੇ ਬੁੰਦੇ ਬਣਾ
ਉਸ ਦੇ ਕੰਨਾਂ 'ਚ ਲਟਕਾਈਦੇ ਸਨ।
ਸਾਰਾ ਦਿਨ ਮਿੱਟੀ 'ਚ ਲਿਤੜ-ਲਿਤੜ
ਜਦ ਘਰ ਪਰਤੀਦਾ ਸੀ
ਤਾਂ ਮਾਂ ਆਪ ਨਹਾਉਂਦੀ
ਤੇ ਸਾਡੇ ਨਿੱਕੇ ਨਿੱਕੇ ਨਕਸ਼ ਮਲਦੀ।
ਮਾਂ ਦੀਆਂ ਛਾਤੀਆਂ 'ਤੇ
ਅਸੀਂ ਗੁਦਤੂੰ-ਗੁਦਤੂੰ ਹੱਥ ਮਾਰਦੇ
ਖਿੜ ਖਿੜ ਹੱਸਦੇ ਸਾਂ।
ਤੇ ਫਿਰ ਪਤਾ ਨਹੀਂ ਅਚਾਨਕ—

ਇਕ ਦਿਨ ਕੀ ਵਾਪਰਿਆ —
ਕਿ ਨਹਾਉਂਦੀ ਮਾਂ ਸਾਨੂੰ ਦੇਖ ਕੇ ਤ੍ਰਭਕ ਗਈ,
ਗੁਆਂਢੀਆਂ ਦੀ ਛਿੰਦੀ ਬੁੱਕਲ 'ਚੋਂ ਤਿਲਕ ਗਈ ।
ਫਿਰ ਅਸੀਂ ਸਭ ਕਾਸੇ ਨੂੰ
ਇਕੱਲ 'ਚ ਦੂਹਰਾ ਕੇ ਸੋਚਿਆ
ਇੱਲ ਤੇ ਪ੍ਰਛਾਵਿਆਂ ਦੇ ਅਰਥ ਬਦਲ ਗਏ ।
ਫਿਰ ਅਸੀਂ ਕੀ ਨਹੀਂ ਕੀਤਾ
ਕਿ ਇੱਲ ਨੂੰ ਸਣੇ ਪ੍ਰਛਾਵਿਆਂ ਫੜ ਕੇ
ਉਸ ਦੇ ਖੰਭਾਂ ਦਾ ਇੱਕ ਚਿੱਤਰ ਬਣਾਈਏ ।
ਅਸੀਂ ਬਹੁਤ ਚਾਹਿਆ ਕਿ
ਦਸਾਂ ਸਿਰਾਂ ਵਾਲੇ ਰਾਵਣ ਦੇ ਤੀਰ
ਐਨ ਧੁੰਨੀ 'ਚ ਵੱਜੇ ।
ਪਰ ਸਾਨੂੰ ਤਾਂ ਜਿਹੜੇ ਵਭੀਸ਼ਣ ਵੀ ਮਿਲੇ
ਉਹ ਵੀ ਤੀਰ ਰਾਵਣ ਦੇ ਪੈਰਾਂ 'ਚ ਮਾਰਨ ਨੂੰ ਆਖਦੇ ਰਹੇ ।
ਫਿਰ ਅਸੀਂ ਕੀ ਨਹੀਂ ਕੀਤਾ
ਕਿ ਮਾਂ ਨੂੰ ਹੁਬਕੀਂ-ਹੁਬਕੀਂ ਰੋਂਦੀ ਨੂੰ ਦੱਸ ਸਕੀਏ
ਕਿ ਕਿਉਂ ਅਸੀਂ ਰਾਤ ਦੇ ਐਨ ਵਿਚਕਾਰ ਵੀ
ਗੁਆਚੇ ਸੂਰਜਾਂ ਦੀ ਗੱਲ ਕਰਦੇ ਹਾਂ ।
ਪਰ ਬਹੁਤ ਝੂਰੀਦਾ ਹੈ ਅਸੀਂ
ਜਦੋਂ ਮਾਂ ਭਾਂਡੇ ਮਾਂਜਦੀ ਆਖ ਰਹੀ ਹੁੰਦੀ ਹੈ
ਕਿ ਪੁਤਰਾ ! ਤੂੰ ਸਾਡੀ ਬੁਢਿਆਂ ਦੀ ਡੰਗੋਰੀ ਏਂ ।
ਸੁਣੀਦਾ ਹੈ ਤਾਂ ਲਗਦਾ ਹੈ
ਕਿ ਸਿਰ 'ਤੇ ਇੱਲਾਂ ਮੰਡਰਾਉਂਦੀਆਂ ਨੇ
ਪ੍ਰਛਾਵੇਂ ਪੈਰਾਂ ਦੀਆਂ ਤਲੀਆਂ ਚੋਂ
ਤਿਲਕ ਤਿਲਕ ਤਿਲਕ ਜਾਂਦੇ ਨੇ ।
ਪਾਸੀਂ ਰਾਵਣ ਚੀਖ਼ਦਾ ਹੈ ।
ਤੇ ਅਸੀਂ ਦੀਵੇ ਦੇ ਨਿੰਮ੍ਹੇ ਜਿਹੇ ਚਾਨਣ ਵਿਚ
ਕੰਧ 'ਤੇ ਲਿਸ਼ਕ ਰਹੇ
ਭਾਰਤ ਦੇ ਨਕਸ਼ੇ 'ਚ
ਨੀਝ ਲਾ ਕੇ ਤੱਕ ਰਹੇ ਹੁੰਦੇ ਹਾਂ
ਕਿ ਸਾਡਾ ਵੀ ਕਿਸੇ ਨਕਸ਼ੇ 'ਚ
ਕਿਤੇ ਕੋਈ ਘਰ ਗੁਆਚਾ ਹੈ ।

[ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਟੀ, ਪਟਿਆਲਾ]

ਲੋਕ ਨਾਥ

# ਨਾਟਕ ਮੇਲਾ : ਆਪਣੀਆਂ ਸਾਰੀਆਂ 'ਅਨਾਟਕੀ'ਮੁਦ੍ਰਾਵਾਂ ਸਮੇਤ

ਪੰਜਾਬੀ ਕਲਾ ਕੇਂਦਰ, ਚੰਡੀਗੜ੍ਹ ਵਲੋਂ ਆਯੋਜਿਤ 'ਸਰਬ ਭਾਰਤੀ ਪੰਜਾਬੀ ਨਾਟਕ ਮੇਲਾ' 16 ਤੋਂ 19 ਮਾਰਚ, 1979 ਦੇ ਦਿਨੀਂ ਚੰਡੀਗੜ੍ਹ ਵਿਖੇ ਹੋਇਆ। ਪੰਜਾਬ ਵਿਚ ਤੇ ਪੰਜਾਬ ਤੋਂ ਬਾਹਰੋਂ ਪੰਜਾਬੀ ਰੰਗ ਮੰਚ ਦਾ ਮੂੰਹ-ਮੁਹਾਂਦਰਾ ਬਨਾਉਣ ਤੇ ਸੰਵਾਰਨ ਵਿਚ ਜੁੱਟੇ ਹੋਏ ਰੰਗਮੰਚ ਦੇ ਕਾਮਿਆਂ ਨੇ ਸੱਤ ਨਾਟਕ ਚੰਡੀਗੜ੍ਹ ਦੇ ਨਾਟ-ਪ੍ਰੇਮੀਆਂ ਸਾਹਵੇਂ ਖੇਡੇ। ਇਸਦੇ ਨਾਲ ਹੀ ਕੇਂਦਰ ਵਲੋਂ ਰੰਗਮੰਚ ਸੰਬੰਧੀ ਇਕ ਸੈਮੀਨਾਰ ਵੀ ਕਰਵਾਇਆ ਗਿਆ, ਜਿਸ ਵਿਚ ਸ੍ਰੀ ਆਈ. ਕੇ. ਗੁਜਰਾਲ, ਸਮੇਤ ਹੋਰ ਬਹੁਤ ਸਾਰੇ ਮੁਖ-ਮਹਿਮਾਨਾਂ ਦੇ ਸ਼ਾਮਿਲ ਸਨ।

ਪਹਿਲਾ ਨਾਟਕ-ਸ਼ਿਵ ਕੁਮਾਰ ਦੀ ਪ੍ਰਸਿਧ ਰਚਨਾ 'ਲੂਣਾ' 'ਤੇ ਆਧਾਰਿਤ ਬੈਲੇ ਦੇ ਰੂਪ ਵਿਚ ਸੀ, ਜਿਸਦੀ ਸਕ੍ਰਿਪਟ ਡਾ. ਹਰਚਰਨ ਸਿੰਘ ਨੇ ਤਿਆਰ ਕੀਤੀ ਸੀ ਅਤੇ ਪੇਸ਼ਕਾਰੀ ਸੀ ਪੰਜਾਬੀ ਕਲਾ ਕੇਂਦਰ ਚੰਡੀਗੜ੍ਹ ਦੀ।

ਮੂਲ ਰੂਪ ਵਿਚ ਸ਼ਿਵ ਕੁਮਾਰ ਦੀ ਰਚਨਾ 'ਲੂਣਾ' ਨਾਟਕੀ-ਰਚਨਾ ਨਹੀਂ। ਪਰ ਲੂਣਾ ਦੇ ਜਗਤ ਤੇ ਜੁਗਤ ਵਿਚ ਨਾਟਕੀਅਤਾ ਦੀ ਭਰਮਾਰ ਹੈ। ਪਰ ਅਫਸੋਸ ਹੈ ਕਿ ਸ਼ਿਵ ਤੋਂ ਬਾਦ ਨਾ ਲੂਣਾ ਦੇ ਗੀਤਾਂ ਨੂੰ ਗਾਉਂਦੇ ਹੀ, ਨਾ ਉਸ 'ਤੇ ਆਧਾਰਿਤ ਨਾਟ ਜਾਂ ਬੈਲੇ ਪੇਸ਼ ਕਰਨ ਵਿਚ ਹੀ ਕੋਈ ਨਿਰਦੇਸ਼ਕ ਜਾਂ ਲੇਖਕ ਲੂਣਾ ਵਿਚ ਪੇਸ਼ 'ਸੱਚ' ਤੇ ਉਹਦੀ ਸਾਰਥਿਕਤਾ ਨੂੰ ਆਪਣੀ ਪਕੜ ਵਿਚ ਲਿਆ ਸਕਿਆ ਹੈ...ਬੇਸ਼ੱਕ ਇਸਨੂੰ ਪੇਸ਼ ਕਰਨ ਦੇ ਕਈ ਯਤਨ ਹੋ ਚੁੱਕੇ ਹਨ। ਇਸ ਰਚਨਾ ਦੀ ਬਾਰ ਬਾਰ ਪੇਸ਼ਕਾਰੀ ਨਾ ਤਾਂ ਸ਼ਿਵ ਕੁਮਾਰ ਨੂੰ ਕੋਈ ਮਹੱਤਤਾ ਪ੍ਰਦਾਨ ਕਰ ਸਕੀ ਹੈ ਨਾ ਹੀ ਉਸਦੀ ਰਚਨਾ ਨਾਲ ਇਨਸਾਫ ਕਰ ਸਕੀ ਹੈ। ਲੂਣਾ ਵਿਚ ਸ਼ਿਵ ਨੇ ਪ੍ਰਾਪਤ ਤੱਥ ਨੂੰ ਪੁਨਰ ਸਿਰਜਣ ਸਮੇਂ ਨਵੀਂ ਸੁਹਜ ਦ੍ਰਿਸ਼ਟੀ ਪ੍ਰਦਾਨ ਕਰਨ ਦਾ ਯਤਨ ਕੀਤਾ ਹੈ। ਮਾਨਵੀ ਕੀਮਤਾਂ ਦੇ ਬਦਲਦੇ ਪਰਿਪੇਖ ਵਿਚ ਸੱਚ ਨੂੰ ਪੁਨਰ ਜੀਵਿਤ ਕਰਨ ਸਮੇਂ ਸਾਡੀ ਲੋਕਯਾਨਿਕ-ਸੰਵੇਦਨਾ ਨੂੰ ਸਾਹਿਤ ਸੰਵੇਦਨਾ ਵਿਚ ਬੰਨ੍ਹਿਆ ਹੈ। ਪਰ ਸਾਡੀ ਨਾਟਕੀ ਦ੍ਰਿਸ਼ਟੀ ਉਸ ਸੁਹਜ-ਸਵੇਦਨਾ ਨੂੰ ਪਕੜਨ ਦੀ ਬਜਾਏ ਲੋਕਯਾਨਿਕ ਬਿਰਤੀ ਰਾਹੀਂ ਉਸ ਪੁਨਰ-ਨਿਰਮਿਤ ਨੂੰ ਪੇਸ਼ ਕਰਨ ਦੇ ਯਤਨ ਵਲ ਰੁਚਿਤ ਰਹਿੰਦੀ ਹੈ।

ਬੈਲੇ ਰਾਹੀਂ ਜੇਕਰ ਸਾਡੀ ਕਲਾ-ਸੂਝ ਸਾਡੇ ਸਾਹਿਤਕ ਜਾਂ ਨਾਟਕੀ ਸੱਚ ਨੂੰ ਪੂਰੀ ਤਰ੍ਹਾਂ ਉਜਾਗਰ ਕਰਕੇ ਸਾਰਥਿਕ ਦ੍ਰਿਸ਼ਟੀ ਰਾਹੀਂ ਰੂਪਮਾਨ ਨਹੀਂ ਕਰ ਸਕੀ ਤਾਂ ਇਹ

ਕਲਾਕਾਰਾਂ ਦੀ ਕਲਾ-ਵਿਧੀ ਵਿਚਲੇ ਦੋਸ਼ ਦੀ ਵੀ ਲਖਾਇਕ ਬਣਦੀ ਹੈ। ਅਜਿਹੀ ਪੇਸ਼ਕਾਰੀ ਨੂੰ ਅਸੀਂ ਲੋਕ-ਹਿਤਾਂ ਨਾਲੋਂ ਟੁੱਟ ਚੁਕੀ ਕਲਾ ਵਜੋਂ ਵੇਖ ਕੇ ਮਾਣ ਤਾਂ ਸਕਦੇ ਹਾਂ, ਪਰ ਇਸਦੀ ਸਾਰਥਿਕਤਾ ਨੂੰ ਜਾਣ ਸਕਣਾ ਸੰਭਵ ਨਹੀਂ।

ਦੂਸਰੀ ਪੇਸ਼ਕਾਰੀ 'ਅਸੀਂ ਮੜ੍ਹੀਆਂ ਦੇ ਨਹੀਂ ਗੀਤ' ਵੀ ਬੈਲੇ ਸੀ। ਇਸ ਨੂੰ ਪੰਜਾਬੀ ਕਲਾ ਕੇਂਦਰ ਬੰਬਈ ਨੇ ਪੇਸ਼ ਕੀਤਾ। ਇਹ ਕਥਾ ਵੀ ਸਾਡੇ ਫੋਕਲੋਰ ਦਾ ਅੰਗ ਹੈ। ਪਰ ਇਹ ਸਾਡੇ ਮੱਧ-ਯੁਗੀ ਸ਼ਬਦ-ਸਭਿਆਚਾਰ ਦਾ ਅੰਗ ਨਾ ਹੋ ਕੇ ਲੋਕ-ਸਾਹਿਤ ਵਿਚ ਪ੍ਰਾਪਤ ਵੱਖ ਵੱਖ ਕਥਾਵਾਂ ਦੇ ਆਧਾਰ 'ਤੇ ਉਸਾਰੀ ਗਈ ਹੈ। ਬਰੋਸ਼ਰ ਵਿਚ ਦਿਤੀ ਜਾਣਕਾਰੀ ਅਨੁਸਾਰ "ਆਜ਼ਾਦੀ ਪ੍ਰਾਪਤੀ ਤੋਂ ਪਹਿਲਾਂ ਜਗੀਰਦਾਰ ਸਿਸਟਮ ਵਿਚਲੀ ਲੋਕਾਂ ਅਤੇ ਜਾਗੀਰਦਾਰਾਂ ਦੀ ਆਪਸੀ ਟੱਕਰ ਤੇ ਜਾਗੀਰਦਾਰਾਂ ਦੇ ਜ਼ੁਲਮ ਦੀ ਇਹ ਮੂੰਹ-ਬੋਲਦੀ ਤਸਵੀਰ ਹੈ।" ਸਰਦਾਰ ਅੰਜਮ ਨੇ ਇਸਦੀ ਸਕ੍ਰਿਪਟ ਤਿਆਰ ਕੀਤੀ ਸੀ। ਇਸ ਬੈਲੇ ਦਾ ਵਿਸ਼ਾ ਮਹੱਤਵਪੂਰਨ ਤੇ ਸਾਰਥਿਕ ਹੈ। ਪਰ ਇਸ ਕਥਾ ਨੂੰ ਬੈਲੇ ਵਿਚ ਬਦਲਦੇ ਹੋਏ—ਲੋਕ-ਕਥਾ ਦੀ ਪੁਨਰ ਸਿਰਜਣਾ ਵੇਲੇ ਜੋ 'ਆਜ਼ਾਦੀ ਤੋਂ ਪਹਿਲਾਂ' ਦਾ ਸਮਾਂ ਦਰਸਾਇਆ ਗਿਆ ਹੈ—ਉਹ ਇਸ ਦੇ ਮੰਤਵ ਨੂੰ ਛੁਟਿਆਉਂਦਾ ਹੈ। ਕਿਉਂਕਿ ਸਾਡੇ ਸਮਕਾਲੀ ਸਮਾਜ ਵਿਚ ਕੁਝ ਕੁ ਵਖਰੇਵੇਂ ਨਾਲ ਇਹ ਸਭ ਕੁਝ ਹੂ-ਬਹੂ ਵਾਪਰ ਰਿਹਾ ਹੈ।

ਨਾਟਕਕਾਰ ਤੇ ਨਾਟ-ਨਿਰਦੇਸ਼ਕ ਹਰ ਹੀਲੇ ਕਿਸੇ ਨਾ ਕਿਸੇ ਮੰਤਵ ਨਾਲ ਬਝਿਆ ਹੁੰਦਾ ਹੈ। ਰੰਗਮੰਚ ਵਿਚ 'ਉਦੇਸ਼ ਪੂਰਤੀ' ਹਿਤ ਕੋਈ ਪੇਸ਼ਕਾਰੀ ਕੀਤੀ ਜਾਂਦੀ ਹੈ। ਉਹ ਉਦੇਸ਼ ਦਰਸ਼ਕਾਂ ਦਾ ਭਾਵ-ਵਿਰੇਚਨ ਜਾਂ ਮਨੋਰੰਜਨ ਕਰਨ ਤੋਂ ਲੈ ਕੇ ਉਨ੍ਹਾਂ ਨੂੰ ਆਪਣੀਆਂ ਸਮਾਜਕ ਪਰਿਸਥਿਤੀਆਂ ਤੇ ਜ਼ਿੰਮੇਵਾਰੀਆਂ ਪ੍ਰਤੀ ਸੁਚੇਤ ਕਰਨ ਤਕ ਹੁੰਦਾ ਹੈ। ਰੰਗ ਮੰਚ ਕਿਸੇ ਵੀ ਪੜਾਅ 'ਤੇ ਸ਼ੁਧ ਸੁਹਜ-ਸਿਰਜਣਾ ਜਾਂ ਸੰਵੇਦਨਾ ਦਾ ਸੂਚਕ ਨਹੀਂ ਬਣਿਆ ਜਾਂ ਬਣ ਸਕਿਆ, ਜਿਸ ਤਰ੍ਹਾਂ ਕਿ ਸਾਡੇ ਹੋਰ ਬਹੁਤ ਸਾਰੇ ਕਲਾਸੀਕਲ ਕਲਾ-ਰੂਪ ਬਣ ਗਏ ਹਨ। ਸੋ ਜਦ ਅਸੀਂ ਬੈਲੇ ਨੂੰ ਵੇਖਦੇ ਹਾਂ ਤਾਂ ਅਜਿਹੀ ਉਦੇਸ਼-ਪੂਰਤੀ ਦੀ ਆਸ਼ਾ ਰਖਦੇ ਹਾਂ। ਪਰ ਇਹ ਇਸ ਪੇਸ਼ਕਾਰੀ ਵਿਚੋਂ ਵੀ ਗਾਇਬ ਸੀ।

ਮੇਰਾ ਮੰਤਵ ਇਨ੍ਹਾਂ ਪੇਸ਼ਕਾਰੀਆਂ ਨੂੰ ਘਟਾ ਕੇ ਦਰਸਾਉਣਾ ਨਹੀਂ। ਕੇਵਲ ਰੰਗ ਮੰਚ ਨਾਲ ਸੰਬੰਧਿਤ ਕਲਾਕਾਰਾਂ ਨੂੰ ਸੁਚੇਤ ਕਰਨਾ ਹੈ। ਜਿਥੋਂ ਤਕ ਰੋਸ਼ਨੀ ਤੇ ਸੰਗੀਤ ਦੇ ਪ੍ਰਭਾਵ ਦਾ ਪ੍ਰਸ਼ਨ ਹੈ—ਇਸ ਦੇ ਪੇਸ਼ਕਾਰਾਂ ਬਹੁਤ ਮਿਹਨਤ ਕੀਤੀ ਸੀ। ਨ੍ਰਿਤ ਤੇ ਸੰਗੀਤ ਦੀ ਇਕਸੁਰਤਾ ਮਨ ਨੂੰ ਚੰਗੀ ਵੀ ਲਗਦੀ ਹੈ। ਪਰ ਗਾਥਾ ਵਿਚਲੇ ਮਾਧੋ ਤੇ ਮਿਤਵਾ ਦੇ ਜਾਗੀਰਦਾਰੀ ਵਿਰੁਧ ਵਿਦਰੋਹ ਦੀ ਸਮੁੱਚਤਾ ਨੂੰ ਪਰਗਟਾਉਣ ਦੀ ਥਾਵੇਂ ਸਮੁੱਚੀ ਪੇਸ਼ਕਾਰੀ ਮਨੋਰੰਜਨ ਕਰਦੀ ਹੀ ਪ੍ਰਤੀਤ ਹੁੰਦੀ ਹੈ। ਦਰਸ਼ਕ ਦੇ ਆਪੇ ਨੂੰ ਹਲੂਣਦੀ ਨਹੀਂ।

ਅਗਲੇ ਦਿਨ, 17 ਮਾਰਚ ਨੂੰ ਡਾਕਟਰ ਹਰਚਰਨ ਸਿੰਘ ਦੀ ਨਵੀਂ ਰਚਨਾ 'ਰਾਮਲੀਲਾ' ਨੂੰ ਹਰਪਾਲ ਟਿਵਾਣਾ ਨੇ ਪੇਸ਼ ਕੀਤਾ। 'ਰਾਮਲੀਲਾ' ਭਾਰਤੀ ਸੰਸਕ੍ਰਿਤੀ ਤੇ ਧਾਰਮਿਕ ਮਰਿਆਦਾ ਦਾ ਵਿਸ਼ੇਸ਼ ਅੰਗ ਹੈ। ਸਦੀਆਂ ਤੋਂ ਧਾਰਮਿਕ ਪਰੰਪਰਾ ਦਾ ਹਿੱਸਾ ਹੋਣ ਕਰਕੇ ਸਾਹਿਤ ਅਤੇ ਨਾਟਕ ਵਿਚ ਰਾਮਾਇਣ 'ਤੇ ਆਧਾਰਿਤ ਰਚਨਾਵਾਂ ਨੂੰ ਵੀ

ਧਾਰਮਿਕ ਸ਼ਰਧਾ ਨਾਲ ਹੀ ਪ੍ਰਵਾਨ ਕੀਤਾ ਜਾਂਦਾ ਰਿਹਾ ਹੈ। ਅੱਜ ਵੀ ਧਾਰਮਿਕ ਪੁਨਰ-ਜਾਗ੍ਰਤੀ ਵਜੋਂ ਨਹੀਂ ਸਗੋਂ ਧਾਰਮਿਕ ਅੰਧ ਵਿਸ਼ਵਾਸ ਵਜੋਂ ਇਸ 'ਰਾਮ ਲੀਲਾ' ਦੀ ਸ਼ਹਿਰ ਸ਼ਹਿਰ ਤੇ ਪਿੰਡ ਪਿੰਡ ਵਿਚ ਪੇਸ਼ਕਾਰੀ ਸ਼ਰਧਾ ਭਾਵਨਾ ਵਜੋਂ ਹੀ ਕਬੂਲ ਕੀਤੀ ਜਾਂਦੀ ਹੈ।

ਪਰ ਵੀਹਵੀਂ ਸਦੀ ਦੇ ਆਖਰੀ ਦਹਾਕਿਆਂ ਵਿਚ ਜਦੋਂ ਕੋਈ ਨਾਟਕਕਾਰ ਜਾਂ ਨਿਰਦੇਸ਼ਕ ਆਪਣੀ ਅਜਿਹੀ ਕਲਾਸੀਕਲ ਰਚਨਾ ਨੂੰ ਕਿਸੇ ਵੀ ਅੰਦਾਜ਼ ਵਿਚ ਮੁੜ-ਸਿਰਜਣ ਦਾ ਉਪਰਾਲਾ ਕਰਦਾ ਹੈ ਤਾਂ ਉਸ ਕੋਲ ਕੇਵਲ ਪ੍ਰਮਾਣਿਕ ਮਿਥ ਹੀ ਨਹੀਂ— ਸਗੋਂ ਵੀਹਵੀਂ ਸਦੀ ਦਾ ਸਮੁੱਚਾ ਗਿਆਨ ਵਿਗਿਆਨ ਵੀ ਹੈ। ਪੁਨਰ-ਸਿਰਜਤ ਮਿਥ ਕੇਵਲ ਕਹਾਣੀ ਨੂੰ ਹੂ-ਬਹੂ ਪੇਸ਼ ਕਰਨ ਨਾਲ ਆਪਣੀ ਸਮਕਾਲੀਨ ਸਾਰਥਿਕਤਾ ਗਵਾ ਬੈਠਦੀ ਹੈ। ਅਜਿਹਾ ਹੀ ਕੁਝ ਇਸ ਰਚਨਾ ਨਾਲ ਵਾਪਰਿਆ ਹੈ।

ਉਂਝ ਹਰਪਾਲ ਟਿਵਾਨਾ ਤੇ ਨੀਨਾ ਟਿਵਾਨਾ ਰੰਗਮੰਚ ਦੇ ਹੰਢੇ ਹੋਏ ਕਲਾਕਾਰ ਹਨ ਪਰ ਉਹਨਾਂ ਦੀ ਪੇਸ਼ਕਾਰੀ ਵਿਚ ਉਸ ਕਲਾਤਮਿਕ ਸੱਚ ਦੀ ਅਨੁਭੂਤੀ ਗੈਰਹਾਜ਼ਿਰ ਸੀ ਜਿਸ ਇਸ ਰਚਨਾ ਤੇ ਪੇਸ਼ਕਾਰੀ ਨੂੰ ਸਾਰਥਿਕ ਸੱਚ ਨਾਲ ਜੋੜ ਕੇ 'ਮਹਾਨਤਾ' ਦਾ ਰੁਤਬਾ ਦਿਵਾਉਣਾ ਸੀ।

ਸਤਾਰਾਂ ਮਾਰਚ ਦੀ ਰਾਤ ਹੀ ਇਕ ਹੋਰ ਨਾਟਕ 'ਬਿਗਾਨੇ ਬੋਹੜ ਦੀ ਛਾਂ' ਵੀ ਪੇਸ਼ ਸੀ। ਸ਼ਹਿਰੀ ਕਲਾਤਮਕ ਚੂੰ-ਚਲਾਕੀਆਂ ਤੋਂ ਦੂਰ ਬੈਠੇ ਪ੍ਰੋ: ਅਜਮੇਰ ਸਿੰਘ ਔਲਖ ਦੀ ਸਿਰਜਣਾ ਤੇ ਨਿਰਦੇਸ਼ਣਾ ਹੇਠ ਲੋਕ ਕਲਾ ਮੰਚ ਮਾਨਸਾ ਵਲੋਂ ਖੇਡਿਆ ਗਿਆ ਇਹ ਨਾਟਕ ਪੰਜਾਬੀ ਰੰਗ ਮੰਚ ਨੂੰ ਨਵੀਂ-ਦਿਸ਼ਾ ਪ੍ਰਦਾਨ ਕਰਨ ਵਾਲੀ ਪੇਸ਼ਕਸ਼ ਸੀ। ਨਾਟਕ ਸਾਡੇ ਸਮਕਾਲੀ ਸਮਾਜ ਦੀ ਨਿਤਾ-ਪ੍ਰਤੀ ਸਮੱਸਿਆ ਤੇ ਜ਼ਿੰਦਗੀ ਨੂੰ ਪੇਸ਼ ਕਰਦਾ ਸੀ। ਸਾਧਾਰਣ ਮੰਚ ਜੜਤ, ਸਾਦਾ ਰੋਸ਼ਨੀ ਨੇ ਸਾਧਾਰਨ ਢੰਗ ਨਾਲ ਖੇਡਿਆ ਗਿਆ ਇਹ ਨਾਟਕ ਆਪਣੀ ਸਮੁੱਚੀ ਪੇਸ਼ਕਸ਼ ਵਿਚ ਅਸਾਧਾਰਨ ਸੀ। ਸਹਿਜ-ਸੁਭਾ ਹੀ ਯੂਨੀਵਰਸਿਟੀ ਦੇ ਨਾਮਵਰ ਆਲੋਚਕਾਂ ਤੋਂ ਲੈ ਕੇ ਕਾਰਖਾਨੇਦਾਰਾਂ, ਅਤੇ 'ਕਲਾ ਕਲਾ ਲਈ' ਦਾ ਨਾਹਰਾ ਲਾਉਣ ਵਾਲੇ ਬੁੱਧੀਜੀਵੀਆਂ ਤੋਂ ਲੈ ਕੇ ਵਿਦਿਆਰਥੀਆਂ ਤਕ ਸਭ ਦਰਸ਼ਕ ਝੂਮ ਝੂਮ ਕੇ ਕਹਿ ਰਹੇ ਸਨ, ਵਾਹ ਭਈ ਵਾਹ! 'ਕਲਾ ਉਹ ਜੋ ਸਿਰ ਚੜ੍ਹ ਬੋਲੇ' ਨੂੰ ਸਾਖਿਆਤ ਹੁੰਦਾ ਵੇਖਿਆ ਤੇ ਮਾਣਿਆ ਗਿਆ।

ਇਸ ਨਾਟਕ ਦੀ ਪੇਸ਼ਕਾਰੀ ਨੇ ਇਕ ਗੱਲ ਹੋਰ ਸਾਹਵੇਂ ਲਿਆਂਦੀ। ਉਹ ਇਹ ਕਿ ਸ਼ਹਿਰਾਂ ਦੇ ਵੱਡੇ ਵੱਡੇ ਥੀਏਟਰ ਹਾਲਾਂ ਦੀ ਸੁਵਿਧਾ ਤੇ ਮੰਚ ਜੜ੍ਹਤ ਤੇ ਰੌਸ਼ਨੀ ਜਾਂ ਕਲਾਕਾਰਾਂ ਦੀ ਤਕਨੀਕੀ ਮਿਖਲਾਈ ਦਾ ਨਾ ਹੋਣਾ ਪੰਜਾਬੀ ਰੰਗਮੰਚ ਦੇ ਵਿਕਾਸ ਕਰਨ ਦੇ ਰਸਤੇ ਵਿਚ ਰੁਕਾਵਟ ਨਹੀਂ। ਸਗੋਂ ਇਹ ਸੁਵਿਧਾਵਾਂ ਨਾਟਕ ਦੀ ਆਤਮਾ ਨੂੰ ਪਛਾਣ ਸਕਣ ਦੇ ਸਮਰੱਥ ਨਹੀਂ। ਰੰਗਮੰਚ ਦੇ ਪ੍ਰਫੁੱਲਤ ਹੋਣ ਲਈ ਪ੍ਰਤੀਬੱਧਤਾ ਤੇ ਸਵਾਰਥਹੀਣ ਲਗਨ ਅਵਸ਼ਕ ਹੈ, ਜਿਸ ਸਦਕਾ ਇਹ ਨਿੱਕਾ ਜਿਹਾ ਨਾਟਕ ਮੇਲੇ ਦਾ ਸਫਲਤਮ ਨਾਟਕ ਸੀ।

ਅਠਾਰਾਂ ਮਾਰਚ ਨੂੰ ਪ੍ਰਬੰਧਕਾਂ ਵਲੋਂ ਨਾਟਕ ਉਪਰ ਇਕ ਸੈਮੀਨਾਰ ਵੀ ਆਯੋਜਿਤ

ਕੀਤਾ ਗਿਆ, ਜਿਸ ਵਿਚ 'ਪੰਜਾਬੀ ਰੰਗ ਮੰਚ ਦੀਆਂ ਸਮੱਸਿਆਵਾਂ' ਦਾ ਵਿਸ਼ਾ ਸੀ। ਸ੍ਰੀ ਆਈ. ਕੇ, ਗੁਜਰਾਲ, ਡਾ: ਅਮਰੀਕ ਸਿੰਘ, ਡਾ: ਅਤਰ ਸਿੰਘ ਤੇ .ਪ੍ਰੋ: ਸੇਖੋਂ, ਸਮੇਤ ਹੋਰਾਂ ਦੇ, ਪ੍ਰਧਾਨਗੀ ਮੰਡਲ ਵਿਚ ਸਨ। ਬਹੁਤ ਸਾਰੇ ਰੰਗ ਮੰਚ ਨਾਲ ਸੰਬੰਧਿਤ ਵਿਦਵਾਨ ਅਤੇ ਲੇਖਕ/ਨਿਰਦੇਸ਼ਕ ਵੀ ਹਾਜ਼ਰ ਹਨ। ਏਨਾ ਕੁਝ ਹੋਣ ਦੇ ਬਾਵਜੂਦ ਵਧੇਰੇ ਗੱਲਬਾਤ ਰੰਗ ਮੰਚ ਦੇ ਇਤਿਹਾਸ ਬਾਰੇ ਹੀ ਹੁੰਦੀ ਸੀ। ਸਾਰੀ ਬਹਿਸ ਵਿਚੋਂ ਦੋ ਗੱਲਾਂ ਮਹੱਤਵਪੂਰਨ ਸਾਹਮਣੇ ਆਈਆਂ। ਇਕ ਇਹ ਕਿ ਬਹੁ-ਭਾਸ਼ਾਈ ਮੁਲਕ ਹੋਣ ਕਰਕੇ ਸਾਡੇ ਇਥੇ ਪ੍ਰਦੇਸ਼ਕ ਸਭਿਆਚਾਰਕ ਪਾਲਸੀਆਂ ਬਨਣਗੀਆਂ। ਦੂਸਰੀ ਇਹ ਕਿ ਪ੍ਰਤੀਬੱਧਤਾ ਤੋਂ ਬਿਨਾਂ ਨਾਟਕ ਨਾਮ ਦੀ ਕੋਈ ਚੀਜ਼ ਨਹੀਂ ਹੋ ਸਕਦੀ।

ਬਾਦ ਵਿਚ ਬਹੁਤ ਸਾਰੇ ਪ੍ਰਧਾਨਗੀ ਭਾਸ਼ਣਾਂ ਦੇ ਬਾਵਜੂਦ ਗੱਲ ਉਥੇ ਹੀ ਰਹੀ ਜਿਥੇ ਅਜਿਹੇ ਸੈਮੀਨਾਰਾਂ ਵਿਚ ਰਿਹਾ ਕਰਦੀ ਹੈ।

ਅਠਾਰਾਂ ਸ਼ਾਮ ਨੂੰ ਦੋ ਨਾਟਕ ਪੇਸ਼ ਕੀਤੇ ਗਏ। ਪਹਿਲਾ ਨਾਟਕ 'ਨਿਜ਼ਾਮ ਸੱਕਾ' ਸੀ। ਇਸਦੇ ਲੇਖਕ ਹਨ ਸ. ਹਰਸਰਨ ਸਿੰਘ ਤੇ ਪੇਸ਼ਕਾਰੀ ਸੀ ਲਿਟਲ ਆਰਟਸ ਚੰਡੀਗੜ੍ਹ ਦੀ। ਨਿਰਦੇਸ਼ਕ ਜੇ. ਐਸ. ਲਿਖਾਰੀ।

ਇਸ ਕਹਾਣੀ ਵਿਚ ਨਾਟਕਕਾਰ ਨੇ ਇਕ ਪੁਰਾਣੀ ਇਤਿਹਾਸਕ ਘਟਨਾ ਨੂੰ ਨਵੇਂ ਪ੍ਰਤੀਕਾਤਮਕ ਢੰਗ ਨਾਲ ਨਾਟਕ ਵਿਚ ਪੇਸ਼ ਕੀਤਾ ਹੈ। ਸਾਡੀ ਵਰਤਮਾਨ ਰਾਜਨੀਤੀ ਉਤੇ ਵਿਅੰਗ ਕਰਨ ਦਾ ਸੁਯਤਨ ਹੈ। ਕਾਫੀ ਹੱਦ ਤਕ ਲੇਖਕ ਇਸ ਵਿਚ ਸਫਲ ਹੈ। ਪਰ ਬਹੁਤ ਸਾਰਾ ਕੁਝ ਇਕੋ ਨਾਟਕ ਵਿਚ ਪਾ ਕੇ...ਕੀਤੀ ਕਰਾਈ ਨੂੰ ਪੇਤਲਾ ਕਰ ਲਿਆ ਹੈ। ਨਾਟ ਨਿਰਦੇਸ਼ਕ ਨੇ ਉਸਨੂੰ ਮਾਤ ਪਾਉਣ ਦੀ ਹਰ ਹੀਲੇ ਕੋਸ਼ਿਸ਼ ਕੀਤੀ ਹੈ। ਜਿਸ ਸਦਕਾ ਨਾਟਕ ਇਕ ਹਲਕਾ, ਨਕਲਾਂ ਦੀ ਪੱਧਰ ਦਾ ਦਿਲ ਪ੍ਰਚਾਵਾ ਬਣਕੇ ਰਹਿ ਗਿਆ। ਬੇਸ਼ੱਕ ਕਾਸਟਿਊਮਸ ਤੇ ਲਾਈਟਾਂ ਵਗੈਰ ਦਾ ਭਰਪੂਰ ਸਹਿਯੋਗ ਲਿਆ ਗਿਆ।

ਅਗਲਾ ਨਾਟਕ ਅੰਮ੍ਰਿਤਸਰ ਸਕੂਲ ਆਫ ਡਰਾਮਾ ਵਲੋਂ ਖੇਡਿਆ ਗਿਆ। ਓਮ ਪ੍ਰਕਾਸ਼ ਗਾਸੋ ਦੇ ਨਾਵਲ 'ਤੇ ਅਧਾਰਿਤ ਇਹ ਨਾਟਕ ਗੁਰਸ਼ਰਨ ਸਿੰਘ ਦੀ ਪੇਸ਼ਕਸ਼ ਸੀ। ਇਸ ਨਾਟਕ ਵਿਚ ਵੀ ਜਗੀਰਦਾਰਾਂ ਤੇ ਕਾਮਿਆਂ (ਭੂਮੀਹੀਣ) ਦੀ ਟੱਕਰ ਰੂਪਮਾਨ ਹੁੰਦੀ ਹੈ। ਸਾਧਾਰਨ ਸੈੱਟ ਤੇ ਸਾਦਾ ਢੰਗ ਨਾਲ ਪੇਸ਼ ਇਹ ਨਾਟਕ ਵਰਗ ਚੇਤਨਾ ਤੇ ਵਰਗ ਸੰਘਰਸ਼ ਪ੍ਰਤੀ ਦਰਸ਼ਕ ਨੂੰ ਸੁਚੇਤ ਕਰਨ ਦਾ ਉਪਰਾਲਾ ਕਰਦਾ ਹੈ। ਆਪਣੀਆਂ ਬਹੁਤ ਸਾਰੀਆਂ ਪੇਸ਼ਕਾਰੀਆਂ ਵਾਂਗ ਇਸ ਵਿਚ ਵੀ ਅੰਮ੍ਰਿਤਸਰ ਸਕੂਲ ਆਫ ਡਰਾਮਾ ਦੇ ਕਲਾਕਾਰ ਆਪਣੀ ਪੇਸ਼ਕਾਰੀ ਪ੍ਰਤੀ ਨਿਰਉਚੇਚ ਯਤਨ ਦੇ ਧਾਰਨੀ ਹਨ। ਇਹ ਗੁਣ ਵੀ ਹੈ ਤੇ ਔਗੁਣ ਵੀ।

ਬੇਸ਼ੱਕ ਆਪਣਾ ਉਦੇਸ਼ ਤੇ ਸੰਦੇਸ਼ ਦਰਸਾਉਣ ਵਿਚ ਇਹ ਪੇਸ਼ਕਾਰੀ ਸਫਲ ਸੀ ਪਰ "ਬਿਗਾਨੇ ਬੋਹੜ ਦੀ ਛਾਂ" ਦਾ ਪ੍ਰਭਾਵ ਦਰਸ਼ਕਾਂ ਉਤੇ ਇਸ ਪੇਸ਼ਕਾਰੀ ਤੋਂ ਬਾਦ ਵੀ ਪ੍ਰਤੱਖ ਸੀ।

ਇਸ ਨਾਟਕ ਮੇਲੇ ਦਾ ਆਖਰੀ ਤੇ ਵਿਸ਼ੇਸ਼ ਨਾਟਕ ਸੀ-ਸੋਹਣੀ ਮਹੀਂਵਾਲ। ਵਿਸ਼ੇਸ਼ ਇਸ ਲਈ ਕਿਉਂਕਿ ਇਸ ਨਾਟਕ ਨੂੰ ਟੈਗੋਰ ਥੀਏਟਰ ਦੀ ਥਾਵੇਂ ਇੰਡੀਅਨ ਥੀਏਟਰ ਵਿਭਾਗ

ਦੇ ਖੁਲ੍ਹੇ ਮੰਚ 'ਤੇ ਖੇਡਿਆ ਗਿਆ ਸੀ। ਤੇ ਫਿਰ ਇਸ ਦਾ ਨਿਰਦੇਸ਼ਨ ਵਿਭਾਗ ਦੀ ਇਕ ਅਧਿਆਪਕਾ ਰਾਣੀ ਬਲਬੀਰ ਨੇ ਕੀਤਾ ਸੀ ਤੇ ਕਲਾਕਾਰ ਵੀ ਵਧੇਰੇ ਕਰਕੇ ਯੂਨੀਵਰਸਿਟੀ ਦੇ ਥੀਏਟਰ ਵਿਭਾਗ ਦੇ ਸਨ।

ਸਮੁੱਚੇ ਤੌਰ 'ਤੇ ਸੋਹਣੀ ਮਹੀਂਵਾਲ–ਕਵਾਲੀ, ਲੋਕ ਗੀਤਾਂ ਤੇ ਨਾਚਾਂ ਦਾ ਮਿਲ ਗੋਭਾ ਸੀ। ਨਾਟਕ ਦੀ ਪਟ-ਕਥਾ ਸਾਡੇ ਜਾਣੇ ਪਛਾਣੇ ਕਿੱਸੇ ਤੋਂ ਲਈ ਗਈ ਸੀ। ਸਕ੍ਰਿਪਟ ਉਤੇ ਨਾਮ ਬਲਵੰਤ ਗਾਰਗੀ ਦਾ ਸੀ ਪਰ ਸਕ੍ਰਿਪਟ ਵਿਚੋਂ ਬਲਵੰਤ ਗਾਰਗੀ ਗਾਇਬ ਸੀ ਜਾਂ ਇਸ ਪੇਸ਼ਕਾਰੀ ਦੀ ਪੇਤਲੀ ਵਿਉਂਤ ਨੇ ਉਸਨੂੰ ਗਾਇਬ ਕਰ ਦਿਤਾ ਸੀ। ਸਟੇਜ ਸੈਟਿਗ ਤੋਂ ਲੈਕੇ ਰੋਸ਼ਨੀ ਤੇ ਸੰਗੀਤ—ਸਭ ਕੁਝ ਬੜੀ ਸੱਜ ਧੱਜ ਨਾਲ ਵਰਤੋਂ ਵਿਚ ਲਿਆਂਦਾ ਗਿਆ ਸੀ। ਰੰਗ ਮੰਚ ਤੇ ਗਰੀਨ ਰੂਮ ਦੋਹਾਂ ਦੇ ਕਲਾਕਾਰ ਮਿਲਾ ਕੇ ਗਿਣਤੀ 65 ਤੋਂ ਵੀ ਵਧ ਜਾਂਦੀ ਹੈ। ਪੈਸਾ ਕਿੰਨਾ ਖਰਚ ਹੋਇਆ ਤੇ ਟੇਲੈਂਟ ਦਾ ਕਿਵੇਂ ਦੁਰ ਉਪਯੋਗ ਕੀਤਾ ਗਿਆ, ਇਸ ਬਾਰੇ ਵੀ ਸਥਿਤੀ ਚਿੰਤਾ ਜਨਕ ਹੈ। ਮੈਂ ਮੁਨਕਰ ਨਹੀਂ— ਕਿ ਸੈੱਟ ਵਧੀਆ ਸੀ, ਵੇਸ ਭੂਸਾ ਦਿਲਕਸ਼ ਸੀ, ਗੀਤ ਵੀ ਮਨ ਨੂੰ ਖਿਚਦੇ ਸਨ—ਪਰ ਕੀ ਇਸ ਪੇਸ਼ਕਾਰੀ ਨਾਲ ਰਾਣੀ ਬਲਬੀਰ ਤੇ ਯੂਨੀਵਰਸਿਟੀ ਦਾ ਇਹ ਵਿਭਾਗ ਦਰਸ਼ਕਾਂ ਨੂੰ ਅਜਿਹਾ ਨਾਟਕ ਦਿਖਾ ਕੇ ਉਹੀ ਰੋਲ ਅਦਾ ਕਰਨਾ ਚਾਹੁੰਦੇ ਹਨ ਜੋ ਸਾਡੀਆਂ ਫਿਲਮਾਂ ਕਰ ਰਹੀਆਂ ਹਨ।

ਕੁਲ ਮਿਲਾ ਕੇ...ਇਹ 'ਸਰਬ ਭਾਰਤੀ ਨਾਟਕ ਮੇਲਾ' ਪੰਜਾਬੀ ਰੰਗਮੰਚ ਅੱਗੇ ਨਵੇਂ ਪ੍ਰਸ਼ਨ ਵੀ ਖੜੇ ਕਰਦਾ ਹੈ ਤੇ ਇਹਦੀਆਂ ਸੰਭਾਵਨਾਵਾਂ ਨੂੰ ਸਾਡੇ ਸਾਹਵੇਂ ਉਜਾਗਰ ਕਰਦਾ ਹੈ। ਇਸ ਗੱਲ ਦੀ ਇਸ ਨਾਟਕ ਮੇਲੇ ਦੇ ਪ੍ਰਬੰਧਕਾਂ ਨੂੰ ਵਧਾਈ ਦੇਣੀ ਅਵੱਸ਼ਕ ਹੈ।

ਪਰ ਲੋਕ ਤਾਂ ਇਹ ਵੀ ਕਹਿੰਦੇ ਸੁਣੇ ਗਏ ਹਨ ਕਿ ਪ੍ਰਬੰਧਕਾਂ—(ਚਾਹੇ ਉਹ ਵਜ਼ੀਰ ਸਨ ਚਾਹੇ ਅਮੀਰ ਤੇ ਚਾਹੇ ਸਾਡੇ ਬੁੱਧੀਜੀਵੀ)—ਦਾ ਸਰਬ-ਭਾਰਤੀ ਨਾਟਕ ਮੇਲਾ ਕਰਾਉਣ ਦਾ ਮੰਤਵ, ਰੰਗ ਮੰਚ ਜਾਂ ਪੰਜਾਬੀ ਸਭਿਆਚਾਰ ਨੂੰ ਨਵੀਆਂ ਦਿਸ਼ਾਵਾਂ ਤੇ ਨਵੇਂ ਪ੍ਰਸੰਗਾਂ ਵਿਚ ਮੁਲੰਕਣ ਕਰਕੇ ਪੰਜਾਬ ਦੇ ਸਭਿਆਚਾਰਕ ਚਿੰਤਨ ਨੂੰ ਵਿਕਸਿਤ ਕਰਨਾ ਨਹੀਂ— ਸਗੋਂ ਪਰਦੇ ਦੇ ਪਿਛੇ ਕੋਈ ਹੋਰ ਹੈ। ਅੱਲਾ ਖੈਰ ਕਰੇ! □

[ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ]

**ਅਰਬਦ ਨਰਬਦ ਧੁੰਧੂਕਾਰਾ** [ਅਜਮੇਰ ਸਿੰਘ ਔਲਖ]

'ਅਰਬਦ ਨਰਬਦ ਧੁੰਧੂਕਾਰਾ' (ਬਲਰਾਜ ਸਾਹਨੀ ਯਾਦਗਾਰ ਘਰੇਲੂ ਪੁਸਤਕਸ਼ਾਲਾ, ਅੰਮ੍ਰਿਤਸਰ, ਪੰਨੇ 131, ਮੁੱਲ ਦਸ ਰੁਪਏ) ਅਜਮੇਰ ਸਿੰਘ ਔਲਖ ਦੇ ਪੰਜ ਨਿੱਕੇ ਵੱਡੇ ਨਾਟਕਾਂ ਦਾ ਸੰਗ੍ਰਹਿ ਹੈ। ਇਹਨਾਂ ਨਾਟਕਾਂ ਦੇ ਅਧਿਐਨ ਪਿੱਛੋਂ ਉਹੋ ਜਿਹੀ ਤਾਜ਼ਗੀ ਦਾ ਅਹਿਸਾਸ ਹੁੰਦਾ ਹੈ ਜਿਹੋ ਜਿਹੀ ਤਾਜ਼ਗੀ ਗੁਰਦਿਆਲ ਸਿੰਘ ਦੀ ਨਾਵਲ-ਯਾਤਰਾ ਜਾਂ ਸ਼ਿਵ ਕੁਮਾਰ ਦੀ ਕਾਵਿ-ਯਾਤਰਾ ਦੇ ਆਰੰਭ ਵਿਚ ਮਹਿਸੂਸ ਹੋਈ ਸੀ। ਉਸ ਦੇ ਨਾਟਕਾਂ ਵਿਚਲਾ ਇਹ ਸੱਜਰਾਪਨ ਲੇਖਕ ਵਲੋਂ ਕਿਸੇ ਸੋਚੀ ਸਮਝੀ ਵਿਉਂਤ ਜਾਂ ਨਾਟਕ ਸਾਹਿਤ ਵਿਚ ਕੋਈ 'ਪ੍ਰਯੋਗਵਾਦ' ਲਿਆਉਣ ਦਾ ਪਰਿਣਾਮ ਨਹੀਂ। ਸਗੋਂ ਇਹ ਸੱਜਰਾਪਨ ਉਸ ਸਹਿਜ ਸੁਭਾਵਕਤਾ ਸਦਕੇ ਹੈ ਜੋ ਆਪਣੇ ਸੱਚ ਦੀ ਸਾਦਗੀ ਵਿਚ ਹੀ ਕਿਸੇ ਵੱਡੀ ਤੋਂ ਵੱਡੀ ਕਲਾ ਦਾ ਮੁਕਾਬਲਾ ਕਰ ਸਕਦੀ ਹੈ। ਵਾਸਤਵਿਕ ਕਲਾਕਾਰੀ ਕੇਵਲ ਪ੍ਰਾਪਤ ਸੱਚ ਨੂੰ ਠੀਕ ਚੋਣ ਰਾਹੀਂ ਢੁਕਵੀਂ ਵਿਉਂਤ ਨਾਲ ਅਭਿਵਿਅਕਤ ਕਰਨ ਵਿਚ ਹੈ। ਅਤੇ ਅੱਜ ਦੇ ਸਮੇਂ ਵਿਚ ਤਾਂ ਉਹੀ ਕਲਾ ਸ੍ਰੇਸ਼ਟ ਹੈ ਜੋ ਪਾਠਕ ਜਾਂ ਦਰਸ਼ਕ ਨਾਲ ਕੋਈ ਚੁਕ ਚਲਾਕੀ ਨਾ ਕਰਦੀ ਹੋਈ ਉਸ ਨੂੰ ਸੱਚ ਦੀਆਂ ਗਹਿਰਾਈਆਂ ਤਕ ਲਿਜਾਵੇ। ਜਾਣੋ ਹੇਰ-ਫੇਰ, ਵਲ-ਵਿਗ ਦੇ ਕਲਾ ਦੇ ਬੁਰਜੁਆ ਸੰਕਲਪ ਦੇ ਐਨ ਵਿਰੁੱਧ ਕਲਾ ਰਹਿਤ ਕਲਾ ਹੀ ਅਸਲ ਕਲਾ ਹੈ। ਇਹ ਕਲਾ ਰਹਿਤ ਕਲਾ ਹੀ ਅਜਮੇਰ ਸਿੰਘ ਔਲਖ ਦੇ ਨਾਟਕਾਂ ਦਾ ਮੀਰੀ ਗੁਣ ਹੈ।

ਪੰਜਾਬੀ ਨਾਟਕ ਨੇ ਪ੍ਰਾਪਤ ਜੀਵਨ ਦੇ ਸੱਚ ਨੂੰ ਦਰਸਾਉਣ ਦਾ ਯਤਨ ਤਾਂ ਕੀਤਾ ਹੈ ਪਰ ਇਹ ਪ੍ਰਸਤੁਤੀਕਰਨ ਪੇਤਲਾ ਤੇ ਓਪਰਾ ਜਿਹਾ ਸੀ ਅਤੇ ਸੱਚ ਦੀਆਂ ਗਹਿਰਾਈਆਂ ਦੀ ਹਾਥ ਘੱਟ ਹੀ ਪਾਉਂਦਾ ਸੀ। ਔਲਖ ਇਹ ਘਾਟ ਪੂਰਦਾ ਜਾਪਦਾ ਹੈ ਤੇ ਇਸ ਤਰ੍ਹਾਂ ਪੰਜਾਬੀ ਨਾਟਕ ਲਈ ਇਕ ਅਜਿਹਾ ਆਵਿਸ਼ਕਾਰ ਹੈ ਜਿਸਦੀ ਬਹੁਤ ਦੇਰ ਤੋਂ ਲੋੜ ਮਹਿਸੂਸ ਹੋ ਰਹੀ ਸੀ।

'ਬਗਾਨੇ ਰੁੱਖ ਦੀ ਛਾਂ' ਅਤੇ 'ਤੂੜੀ ਵਾਲਾ ਕੋਠਾ' ਇਸ ਸੰਗ੍ਰਹਿ ਦੇ ਸਭ ਤੋਂ ਸਫਲ ਨਾਟਕ ਹਨ। ਇਹਨਾਂ ਦੀ ਸਫਲਤਾ ਦਾ ਭੇਤ ਵੀ ਇਸ ਤੱਥ ਵਿਚ ਹੈ ਕਿ ਲੇਖਕ ਪੇਂਡੂ ਗਰੀਬ ਕਿਰਸਾਣੀ ਦੇ ਜੀਵਨ ਦੀ ਵਾਸਤਵਿਕਤਾ ਨੂੰ ਸਮੁੱਚੇ ਪਿੰਡ ਦੇ ਪ੍ਰਸੰਗ ਵਿਚ ਰੱਖਕੇ, ਪ੍ਰਗਟ ਤੌਰ 'ਤੇ ਬਿਨਾਂ ਕਿਸੇ ਲਗ-ਲਪੇਟ ਦੇ ਪੇਸ਼ ਕਰ ਦਿੰਦਾ ਹੈ। ਸ਼੍ਰੇਣੀ ਸਮਾਜ ਦੇ ਚਰਿੱਤਰ ਅਨੁਰੂਪ ਪਿੰਡ ਵਿਚ ਵੱਡੇ ਭੋਂ ਪਤੀ ਲੰਬੜ ਵੀ ਹਨ, ਧਨੀ ਸਮਗਲਰ ਵੀ ਅਤੇ ਸੂਦ ਖੋਰ ਬਾਣੀਏ ਵੀ, ਪਰ ਪਿੰਡ ਦਾ ਅਸਲ ਵਸਨੀਕ ਹੈ ਗਰੀਬ ਕਿਸਾਨ ਤੇ ਭੋਂਹੀਣ ਕੰਮੀ, ਜੋ ਜੁਗਾਂ ਤੋਂ ਕਿਵੇਂ ਨਾ ਕਿਵੇਂ ਆਪਣੀ ਜੂਨ-ਕਟੀ ਕਰਦਾ ਆ ਰਿਹਾ ਹੈ। ਅਜਿਹੀ ਜੂਨ-ਕਟੀ ਕਰਦੇ ਗਰੀਬ ਕਿਸਾਨ ਦੀ ਤ੍ਰਾਸਦੀ ਹੀ ਇਹਨਾਂ ਦੋਨਾਂ ਨਾਟਕਾਂ ਵਿਚ ਪੇਸ਼ ਹੋਈ

ਹੈ। 'ਬਗਾਨੇ ਰੁੱਖ ਦੀ ਛਾਂ' ਵਿਚ ਇਹ ਤ੍ਰਾਸਦੀ ਜੇ ਗਰੀਬ ਕਿਸਾਨੀ ਦੇ ਆਰਥਿਕ ਪਾਸਾਰਾਂ ਨੂੰ ਛੋਂਹਦੀ ਹੈ ਤਾਂ 'ਤੂੜੀ ਵਾਲਾ ਕੋਠਾ' ਵਿਚ ਇਸਨੇ ਅਤ੍ਰਿਪਤ ਭਾਵਕ ਅਕਾਂਖਿਆਵਾਂ ਵਿਚ ਆਪਣਾ ਪ੍ਰਗਟਾ ਕੀਤਾ ਹੈ।

ਜੁਆਨ ਹੋਈ ਧੀ ਦੇ ਵਿਆਹ ਦਾ ਫਿਕਰ, ਪਿੰਡ ਦੇ ਬਾਣੀਏਂ ਦਾ ਕਦੇ ਵੀ ਨਾ ਮੁੱਕਣ ਵਾਲਾ ਕਰਜ਼ਾ, ਪਾੜ੍ਹੇ ਮੁੰਡੇ ਦੇ ਖਰਚੇ ਪੂਰੇ ਕਰਨ ਦੀ ਸਮੱਸਿਆ ਆਦਿ, ਪ੍ਰਗਟ ਰੂਪ ਵਿਚ ਨਿੱਕੀਆਂ ਨਿੱਕੀਆਂ ਮੁਸ਼ਕਲਾਂ ਉਹਨਾਂ ਵਾਸਤਵਿਕ ਪਰਿਸਥਿਤੀਆਂ ਦੀ ਚੂਲ ਹਨ ਜਿੰਨ੍ਹਾਂ ਵਿਚ ਗਰੀਬ ਕਿਸਾਨ ਜਕੜਿਆ ਹੋਇਆ ਹੈ। ਸ਼ਰੀਕੇਦਾਰੀ, ਦੰਗੇ ਫਸਾਦ, ਨਸ਼ਿਆਂ ਦੀਆਂ ਬਹਿਵਤਾਂ ਆਦਿ ਸਮਾਜਕ ਸਮੱਸਿਆਵਾਂ ਵੀ ਇਹਨਾਂ ਆਰਥਿਕ ਮੁਸ਼ਕਲਾਂ ਦੀ ਹੀ ਪੈਦਾਵਾਰ ਹਨ। 'ਬਗਾਨੇ ਰੁੱਖ ਦੀ ਛਾਂ' ਵਿਚ ਔਲਖ ਇਹ ਸਾਰਾ ਕੁਝ ਇਕ ਕੋਲਾਜ ਵਾਂਗ ਬਹੁਤ ਪ੍ਰਭਾਵਕਾਰੀ ਰੂਪ ਵਿਚ ਪੇਸ਼ ਕਰਨ ਵਿਚ ਸਫਲ ਰਹਿੰਦਾ ਹੈ। 'ਤੂੜੀ ਵਾਲਾ ਕੋਠਾ' ਏਸੇ ਹੀ ਨਾਟਕ ਦਾ ਵਿਸਤਾਰ ਜਾਂ ਪੂਰਕ ਪ੍ਰਤੀਤ ਹੁੰਦਾ ਹੈ। ਇਸ ਨਾਟਕ ਵਿਚ ਪਰਿਸਥਿਤੀਆਂ ਆਪਣੇ ਤ੍ਰਾਸਦਿਕ ਸਿਖਰ ਨੂੰ ਪੁੱਜਦੀਆਂ ਹਨ ਜਿਥੇ ਨਾ ਕੇਵਲ ਇਕ ਗਰੀਬ ਕਿਸਾਨ ਪਰਿਵਾਰ ਦੇ ਚਾਰ ਗਭਰੂ ਭਰਾਵਾਂ ਵਿਚੋਂ ਇਕ ਨੂੰ ਵੀ ਤੀਵੀਂ ਨਹੀਂ ਜੁੜਦੀ, ਸਗੋਂ ਬਣਨ ਵਾਲੀ ਵਹੁਟੀ ਦੇ ਹਥਿਆਏ ਜਾਣ ਦੀ ਹਕੀਕਤ ਇਕ ਭਰਾ ਹੱਥੋਂ ਸ਼ਰੀਕ ਚਾਚੇ ਦੇ ਕਤਲ ਤੇ ਉਸ ਦੇ ਆਪਣੇ ਫਾਹੇ ਲੱਗਣ ਦੇ ਦੁਖਾਂਤ ਨੂੰ ਜਨਮ ਦਿੰਦੀ ਹੈ। ਇਸ ਦੁਖਾਂਤ ਨੂੰ ਵਧੇਰੇ ਪ੍ਰਭਾਵਕਾਰੀ ਬਣਾਉਣ ਵਿਚ ਕਲਾਕਾਰੀ ਦੇ ਨਾਲ ਨਾਲ ਲੇਖਕ ਦੀ ਇਹਨਾਂ ਤ੍ਰਾਸਦਿਕ ਪਾਤਰਾਂ ਪ੍ਰਤੀ ਸਹਾਨੁਭੂਤੀ ਵਾਲੀ ਸੁਰ ਦਾ ਵੀ ਯੋਗ ਹੈ ਜੋ ਨਾਟਕ ਵਿਚ ਨਿਰੰਤਰ ਪਰ ਪਰੋਖ ਵਿਚ ਵਿਚਰਦੀ ਹੈ। ਇਹਨਾਂ ਨਾਟਕਾਂ ਵਿਚਲੇ ਸਾਰੇ ਦੇ ਸਾਰੇ ਪਾਤਰ ਤੇ ਸਾਰੀਆਂ ਸਥਿਤੀਆਂ ਏਨੀਆਂ ਜਾਣੀਆਂ ਪਛਾਣੀਆਂ ਤੇ ਸੱਚ ਦੇ ਨੇੜੇ ਹਨ ਕਿ ਨਾਟਕ ਨਾਟਕ ਨਾ ਰਹਿ ਕੇ ਖੁਦ ਜੀਵਨ ਪ੍ਰਤੀਤ ਹੁੰਦਾ ਹੈ।

ਸੰਗ੍ਰਹਿ ਦੇ ਤੀਜੇ ਪ੍ਰਮੁਖ ਨਾਟਕ 'ਅਰਬਦ ਨਰਬਦ ਧੁੰਧੂਕਾਰਾ' ਵਿਚ ਲੇਖਕ ਨੇ ਫਰਿਹਾਦ, ਮਜਨੂੰ, ਰਾਂਝੇ, ਮਿਰਜ਼ੇ, ਪੁੰਨੂੰ ਤੇ ਇੰਦਰ ਨੂੰ ਦੋ ਵਿਭਿੰਨ ਇਤਿਹਾਸਕ ਸਮਿਆਂ ਵਿਚ ਆਪੋ ਆਪਣੀ ਮਹਿਬੂਬ ਦੀ ਪ੍ਰਾਪਤੀ ਲਈ ਜੂਝਦੇ ਵਿਖਾਇਆ ਹੈ। ਪ੍ਰੀਤ ਕਥਾਵਾਂ ਦੇ ਸਾਡੇ ਇਹ ਨਾਇਕ ਆਧੁਨਿਕ ਕਾਲ ਵਿਚ ਭੁਲੇਖੇ ਦਾ ਪੜਦਾ ਪਾੜ ਕੇ, ਰਾਹ ਦੀਆਂ ਰੁਕਾਵਟਾਂ ਪਛਾਣ ਕੇ ਉਹਨਾਂ ਉਤੇ ਕਾਬੂ ਪਾਉਂਦੇ ਹਨ। ਇਹ ਸਥਿਤੀ ਪਰਿਵਰਤਣ ਸਹਿਜ ਸੁਭਾਵਕ ਨਾ ਹੋ ਕੇ ਲੇਖਕ ਦੀ ਭਾਵਨਾ ਦਾ ਪਰਤੌ ਹੈ। ਇਸ ਤਰ੍ਹਾਂ ਔਲਖ ਇਤਿਹਾਸਕ/ ਸਮਾਜਕ ਪ੍ਰਸੰਗ ਵਿਚ ਪ੍ਰੀਤ ਕਥਾਵਾਂ ਤੇ ਉਹਨਾਂ ਦੇ ਨਾਇਕਾਂ ਨੂੰ ਨਵੇਂ ਅਰਥ ਦੇਣ ਵਿਚ ਤਾਂ ਸਫਲ ਹੈ ਪਰ ਐਨ ਏਸੇ ਕਾਰਨ ਅਥਵਾ ਭਾਵਨਾ-ਮੂਲਕਤਾ ਦੇ ਹਾਵੀ ਹੋਣ ਕਾਰਨ ਇਹ ਨਾਟਕ ਯਥਾਰਥ ਉਤੇ ਟੇਕ ਰੱਖਣ ਵਾਲੇ ਦੂਜੇ ਦੋ ਨਾਟਕਾਂ ਦੇ ਪੱਧਰ ਦਾ ਨਹੀਂ। ਦੋ ਲਘੂ ਨਾਟਕਾਂ 'ਬਾਲਨਾਥ ਦੇ ਟਿੱਲੇ ਉਤੇ' ਅਤੇ 'ਮਿਰਜ਼ੇ ਦੀ ਮੌਤ' ਵਿਚ ਭਾਵਨਾ ਮੂਲਕਤਾ ਦਾ ਜਿਸ ਹੱਦ ਤਕ ਅਭਾਵ ਹੈ ਉਸ ਹੱਦ ਤਕ ਉਹ ਸਫਲ ਹਨ।

ਯਥਾਰਥ ਨੂੰ ਜਿਉਂ ਦਾ ਤਿਉਂ ਚਿਤਰਨ ਦਾ ਇਹ ਅਰਥ ਨਹੀਂ ਕਿ ਔਲਖ ਨਾਟਕ ਕਲਾ ਦੀਆਂ ਲੋੜਾਂ ਵਲੋਂ ਅਣਗਹਿਲੀ ਵਰਤਦਾ ਹੈ। ਉਸ ਨੂੰ ਸਭਨਾਂ ਨਾਟਕੀ ਜੁਗਤਾਂ

ਦੀ ਜਾਣਕਾਰੀ ਹੈ। ਇਕ ਨਿਪੁੰਨ ਕਲਾਕਾਰ ਵਾਂਗ ਇਹਨਾਂ ਦੀ ਉਹ ਅਜਿਹੀ ਸਹਿਜ ਸੁਭਾਵਕ ਵਰਤੋਂ ਕਰਦਾ ਹੈ ਕਿ ਕਿਸੇ ਉਚੇਚ ਦੀ ਪ੍ਰਤੀਤੀ ਦਾ ਸਵਾਲ ਹੀ ਨਹੀਂ ਉਠਦਾ। ਨਾਟਕੀ ਗੋਂਦ ਅਥਵਾ ਘਟਨਾਵਾਂ ਦੀ ਚੋਣ ਤੇ ਜੜਤ ਦਾ ਵੀ ਉਹ ਉਸਤਾਦ ਹੈ। ਇਸ ਕਰਕੇ ਪਤਾ ਹੀ ਨਹੀਂ ਲਗਦਾ ਕਿ ਕਿਵੇਂ ਉਹ ਅਛੋਪਲੇ ਹੀ ਨਾਟਕ ਦੇ ਸਾਧਾਰਨ ਘਟਨਾ-ਕ੍ਰਮ ਵਿਚ ਅੱਗੇ ਪਿੱਛੇ ਬੀਤੀਆਂ ਘਟਨਾਵਾਂ ਜਾਂ ਪਾਤਰਾਂ ਦੀ ਮਾਨਸਿਕ ਯਾਤਰਾ ਨੂੰ ਪੇਸ਼ ਕਰਨ ਦੇ ਨਾਲ ਨਾਲ 'ਮੋਏ' ਪਾਤਰਾਂ ਨੂੰ ਵੀ ਮੰਚ ਉਤੇ ਲੈ ਆਇਆ ਹੈ। ਸਭ ਤੋਂ ਵੱਡਾ ਗੁਣ ਹੈ ਉਸ ਦੇ ਪਾਤਰਾਂ ਦੀ ਵਾਰਤਾਲਾਪ। ਠੇਠ ਮਲਵਈ ਮੁਹਾਵਰੇ ਵਿਚ ਗੱਲਬਾਤ ਕਰਦੇ ਉਸ ਦੇ ਪਾਤਰ ਜੀਵੰਤ ਤੇ ਵਾਸਤਵਿਕ ਹੀ ਨਹੀਂ ਜਾਪਦੇ ਸਗੋਂ ਪੰਜਾਬੀ ਦੀ ਇਸ ਅਮੀਰ ਉਪਭਾਸ਼ਾ ਦੀਆਂ ਸੰਭਾਵਨਾਵਾਂ ਨੂੰ ਵੀ ਉਜਾਗਰ ਕਰਦੇ ਹਨ।

ਪੰਜਾਬੀ ਨਾਟਕ ਤੇ ਸਾਹਿੱਤ ਲਈ ਇਕ ਸ਼ੁਭ ਸ਼ਗਨ ਸਮਝਦਿਆਂ ਹੋਇਆਂ 'ਅਰਬਦ ਨਰਬਦ ਧੁੰਧੂਕਾਰਾ' ਰਾਹੀਂ ਅਜਮੇਰ ਸਿੰਘ ਔਲਖ ਦੀ ਆਮਦ ਦਾ ਮੈਂ ਭਰਪੂਰ ਸੁਆਗਤ ਕਰਦਾ ਹਾਂ।

[ਰਘਬੀਰ ਸਿੰਘ]

## ਓਦਰੀ ਧੁੱਪ [ਰਵਿੰਦਰ ਭੱਠਲ]

"ਓਦਰੀ ਧੁੱਪ" ਰਵਿੰਦਰ ਭੱਠਲ ਦਾ ਦੂਜਾ ਕਾਵਿ-ਸੰਗ੍ਰਿਹ ਹੈ। ਸਮੁਚੀ ਪੁਸਤਕ ਦੇ ਅਧਿਐਨ ਪਿਛੋਂ ਇਹ ਨਿਸਚੇ ਹੀ ਕਿਹਾ ਜਾ ਸਕਦਾ ਹੈ ਕਿ ਰਵਿੰਦਰ ਭੱਠਲ ਵਿਸ਼ੇਸ਼ ਝੁਕਾਵਾਂ ਤੋਂ ਹਟ ਕੇ ਲਿਖਣ ਵਾਲੇ ਕਵੀਆਂ ਵਿਚੋਂ ਹੈ। ਇਸ ਦਾ ਭਾਵ ਇਹ ਨਹੀਂ ਕਿ ਉਹ ਕਿਸੇ ਵੀ ਝੁਕਾਅ ਦਾ ਪ੍ਰਭਾਵ ਨਹੀਂ ਕਬੂਲਦਾ। ਅਸਲ ਵਿਚ, ਪ੍ਰਗਤੀਵਾਦ ਤੋਂ ਲੈ ਵਿਅਕਤੀਵਾਦ ਤਕ ਦੇ ਸਾਰੇ ਝੁਕਾਅ ਉਸ ਦੀਆਂ ਕਵਿਤਾਵਾਂ ਵਿਚ ਨਾਲ ਨਾਲ ਪਏ ਮਿਲਦੇ ਹਨ। ਪਰ ਕਿਸੇ ਵਿਸ਼ੇਸ਼ ਝੁਕਾਅ ਦੇ ਪ੍ਰਭਾਵ ਤੋਂ ਵਧੇਰੇ ਜ਼ਰੂਰੀ ਕਵਿਤਾ ਦਾ ਆਪਣਾ ਇਕ ਅਰਥ-ਭਰਪੂਰ ਤੇ ਕਲਾਤਮਕ ਇਕਾਈ ਵਜੋਂ ਪ੍ਰਗਟ ਹੋਣਾ ਹੈ। 'ਓਦਰੀ ਧੁੱਪ' ਵਿਚਲੀਆਂ 38 ਕਵਿਤਾਵਾਂ ਵਿਚੋਂ ਸਾਰੀਆਂ ਇਸ ਕਸਵੱਟੀ 'ਤੇ ਪੂਰੀਆਂ ਨਹੀਂ ਉਤਰਦੀਆਂ। ਕਾਰਨ ਇਹ ਨਹੀਂ ਕਿ ਭੱਠਲ ਕੋਲ ਬਿੰਬਾਂ ਜਾਂ ਵਿਸ਼ਿਆਂ ਦੀ ਘਾਟ ਹੈ। ਘਾਟ ਇਹਨਾਂ ਬਿੰਬਾਂ ਤੇ ਵਿਸ਼ਿਆਂ ਦੀ ਸਾਰਥਿਕ ਵਰਤੋਂ ਜਾਂ ਨਿਭਾ ਦੀ ਜਾਪਦੀ ਹੈ। ਇਸ ਸਾਰਥਿਕਤਾ ਤੋਂ ਬਿਨਾਂ ਕਵਿਤਾ ਚੁਸਤ ਜਾਂ ਖ਼ੂਬਸੂਰਤ ਫ਼ਿਕਰੇਬਾਜ਼ੀ ਬਣ ਕੇ ਰਹਿ ਜਾਂਦੀ ਹੈ। ਇਸ ਨਾਲ ਸੰਚਾਰ ਦੀ ਸਮੱਸਿਆ ਪੈਦਾ ਹੁੰਦੀ ਹੈ ਅਤੇ ਪਾਠਕ ਨੂੰ ਬਹੁਤੀ ਵਾਰੀ ਇਹ ਸਪਸ਼ਟ ਨਹੀਂ ਹੁੰਦਾ ਕਿ ਕਵੀ ਕੀ ਕਹਿਣਾ ਚਾਹੁੰਦਾ ਹੈ। ਪਰ ਜਿਥੇ ਵੀ ਉਸ ਨੇ ਬਿੰਬਾਂ ਨੂੰ ਸਾਰਥਿਕ ਰੂਪ ਵਿਚ ਵਰਤਿਆ ਹੈ, ਨਿਵੇਕਲੇ ਕਾਵਿ-ਸੁਹਜ ਦਾ ਸੰਚਾਰ ਹੋਇਆ ਹੈ। ਇਸ ਪਖੋਂ ਉਸ ਦੀ ਕਵਿਤਾ "ਇਹੋ ਵਿਸ਼ਵਾਸ ਲੈ ਕੇ" ਸਭ ਤੋਂ ਵਧ ਸਫਲ ਕਹੀ ਜਾ ਸਕਦੀ ਹੈ ਜਿਹੜੀ ਮੇਰੀ ਜਾਚੇ ਇਸ ਸੰਗ੍ਰਿਹ ਦੀ ਸਰਵੋਤਮ ਕਵਿਤਾ ਹੈ। ਇਸ ਵਿਚਲੀਆਂ ਕੁਝ ਸਤਰਾਂ ਹਨ :

ਕੀ ਹੋਇਆ, ਜੇ ਮੈਂ ਤੇਰੇ ਨਸੀਬ ਨਹੀਂ ਬਦਲ ਸਕਦਾ

ਆਪਣੇ ਪਾਟੇ ਝੱਗੇ ਨਾਲ
ਤੇਰੇ ਛਲਕਦੇ ਅੱਥਰੂ ਤਾਂ ਪੂੰਝ ਸਕਦਾ ਹਾਂ ।

ਮੇਰੇ ਤਨ ਦੀਆਂ ਲੀਰਾਂ, ਤਨ ਦੀਆਂ ਹੀ ਨੇ
ਮਨ ਤਾਂ ਸਾਬਤ ਸਬੂਤਾ ਹੈ ।
ਕੁਝ ਰਿਸ਼ਤੇ ਅਜਿਹੇ ਵੀ ਹੁੰਦੇ ਹਨ
ਜੋ ਹਰਫ਼ਾਂ ਦੇ ਮੁਹਤਾਜ ਨਹੀਂ ਹੁੰਦੇ
ਸਿਰਫ ਸੁੱਚੇ ਸਾਹਾਂ ਦੀ ਧੜਕਣ
ਜਿਨ੍ਹਾਂ ਦੀ ਹਾਜ਼ਰੀ ਬਣਦੀ ਹੈ ।

'ਜਦੋਂ ਤਕ', 'ਰੁੱਤਾਂ ਜਦੋਂ ਤਾਂਬੇ ਰੰਗੀਆਂ ਹੋ ਜਾਣ', 'ਜੇ...', 'ਬੇਚਿਰਾਗ ਪਿੰਡ', 'ਜਦੋਂ ਰਿਸ਼ਤਾ ਬਦਲਦਾ ਹੈ', 'ਪਰਤਣ ਤੋਂ ਬਾਅਦ' ਅਤੇ 'ਮਨਾਂ ਮੇਰਿਆ' ਆਦਿ ਅਜਿਹੀਆਂ ਕਵਿਤਾਵਾਂ ਹਨ ਜਿਨ੍ਹਾਂ ਵਿਚ ਬਿੰਬਾਤਮਕ ਏਕਤਾ ਦੀ ਘਾਟ ਹੈ । ਇਨ੍ਹਾਂ ਵਿਚ ਉਹ ਕਈ ਥਾਂਈਂ ਉਚੀ ਸੁਰ ਦਾ ਪ੍ਰਯੋਗ ਕਰਦਾ ਹੋਇਆ ਵੀ ਆਪਣੀ ਗੱਲ ਸਪਸ਼ਟ ਕਰਨ ਦੇ ਸਮਰਥ ਨਹੀਂ ਹੁੰਦਾ । ਇਨ੍ਹਾਂ ਵਿਚੋਂ ਉਭਰਦਾ ਕਾਵਿ-ਚਿਤਰ ਅਮੂਰਤ ਜਾਂ ਖੰਡਿਤ ਹੁੰਦਾ ਹੈ ।

ਪਰ ਇਹਨਾਂ ਤੇ ਕੁਝ ਹੋਰ ਕਵਿਤਾਵਾਂ ਵਿਚ ਕਈ ਥਾਂ ਬਹੁਤ ਖ਼ੂਬਸੂਰਤ ਤੇ ਤੀਬਰ ਸਤਰਾਂ ਹਨ ਜੋ ਪੜ੍ਹਨ ਵਾਲੇ ਨੂੰ ਅਚਾਨਕ ਛੂਣ ਜਾਂਦੀਆ ਹਨ :

ਨਾ ਮੇਰੇ ਸਿਰ ਤੇ ਕਲਗੀ ਸੀ
ਤੇ ਨਾ ਹੀ ਮੇਰੀ ਹਥੇਲੀ ਤੇ ਜਗ ਰਿਹਾ ਦੀਵਾ
ਬਸ ਮੱਥੇ ਤੇ ਲਮਕ ਰਹੀ ਸੀ ਸੋਚ ਦੀ ਤਖ਼ਤੀ
ਹਿੱਕ ਅੰਦਰ ਧੜਕ ਰਿਹਾ ਕਾਹਲ ਦਾ ਅਹਿਸਾਸ
ਤੇ ਤੱਬ੍ਹਾਂ ਦੇ ਹੇਠ ਕੁਝ ਸੇਕ ਜਿਹਾ ਸੀ ।
(ਅਗਲਾ ਮੋੜ)

ਮਸੂਮ ਚਿਹਰੇ ਕਤਾਰਾਂ ਦੀ ਕਤਾਰ
ਬੈਠੇ ਨੇ ਨੀਮ ਬਲਦੇ ਚਿਰਾਗਾਂ ਦੀ ਤਰ੍ਹਾਂ
ਇਨ੍ਹਾਂ ਦੀਆਂ ਅੱਖਾਂ ਵਿਚ ਤਾਰੇ ਕੀਚਰਾਂ ਕੀਚਰਾਂ ਹੋ ਗਏ ।
(ਕੱਚ ਦੀਆਂ ਕਿਰਚਾਂ)

ਉਸ ਨੇ ਧੁੱਪ ਦੇ ਗੀਤ ਗਾਏ
ਉਸ ਨੇ ਹਵਾਵਾਂ ਦੇ ਗੀਤ ਗਾਏ
ਪਰ ਆਪਣੀ ਤੇਹ ਦਾ ਇਕ ਵੀ ਗੀਤ ਨਾ ਗਾਇਆ ।
(ਮਾਰੂਥਲ)

ਇਹ ਤਾਂ ਹੁਣ ਪਤਾ ਲਗਿਐ
ਕਿ ਵਕਤ ਦੀ ਲੰਬਾਈ ਹੀ ਨਹੀਂ ਹੁੰਦੀ

ਡੂੰਘਾਈ ਵੀ ਹੁੰਦੀ ਹੈ
ਇਹ ਬੰਦਿਆਂ ਦੇ ਕੋਲ ਦੀ ਹੀ ਨਹੀਂ
ਵਿਚੋਂ ਦੀ ਵੀ ਲੰਘਦਾ ਹੈ
ਬੰਦੇ ਹੀ ਵਕਤ 'ਚ ਨਹੀਂ ਵਿਚਰਦੇ
ਵਕਤ ਵੀ ਬੰਦਿਆਂ 'ਚ ਵਿਚਰਦਾ ਹੈ।
ਤੇ ਅਸੀਂ ਭੁੱਖਿਆਂ ਭਗਤੀ ਕਰਨ ਵਾਲੇ ਦਰਵੇਸ਼
ਬਸ ਇਕ ਦੂਜੇ ਨੂੰ ਡੇਗਣ 'ਚ ਲਗੇ ਹੋਏ ਹਾਂ।
ਭਲੇ ਮਾਣਸੋ ! ਇਥੇ ਕੋਈ 'ਕੁਤਬ' ਨਹੀਂ
ਫਿਰ ਇਕ ਦੂਜੇ ਤੋਂ ਉਪਰ ਚੜ੍ਹਨ ਦੀ ਦੌੜ ਕਿਹੀ ?
ਅਸੀਂ ਜੋ ਅੱਗਾਂ ਬਾਲਣ ਦੀ ਸੋਚਦੇ
ਆਪਣੇ ਮਨ ਦੇ ਘਰਾਂ ਦੀ ਸਲ੍ਹਾਬ 'ਚ ਖੁਭ ਗਏ ਹਾਂ।
(ਸ਼ਾਇਦ)

ਇਹਨਾਂ ਸਤਰਾਂ ਵਿਚਲੀ ਆਧੁਨਿਕ ਸੰਵੇਦਨਾ ਦੇ ਮੁਕਾਬਲੇ ਤੇ ਇਹ ਸਤਹੀ ਤੇ ਦਕੀਆਨੂਸੀ ਕਥਨ ਬਹੁਤ ਅਜੀਬ ਜਾਪਦਾ ਹੈ :

ਔਰਤਾਂ ਨਾਜ਼ੁਕ ਪਰੀਆਂ ਹੀ ਨਹੀਂ
ਸੋਹਣੀਆਂ ਸੂਲਾਂ ਵੀ ਹਨ
ਜੋ ਵਿੰਨ੍ਹ ਕੇ ਸੁੰਨ ਕਰ ਦਿੰਦੀਆਂ ਨੇ
ਸ਼ਾਇਰ ਦਾ ਸੀਨਾ
(ਇਕ ਪਰਵਾਸੀ ਹੋਰ)

ਹਰ ਕਵੀ ਨੂੰ ਉਤਮ ਤੇ ਨਿਵੇਕਲਾ ਕਵੀ ਬਣਨ ਲਈ ਆਪਣੇ 'ਪੋਇਟਿਕਸ' ਦੀ ਸਿਰਜਣਾ ਕਰਨੀ ਪੈਂਦੀ ਹੈ। ਜੇ ਰਵਿੰਦਰ ਭੱਠਲ ਇਸ ਲੋੜ ਤੋਂ ਚੇਤੰਨ ਹੋ ਸਕੇ ਤਾਂ ਉਸ ਦੀਆਂ ਕਾਵਿ-ਸੰਭਾਵਨਾਵਾਂ ਵਧੇਰੇ ਉਜਾਗਰ ਹੋ ਸਕਦੀਆਂ ਹਨ।

[ਹਰਭਜਨ ਹਲਵਾਰਵੀ]

## ਬਦਲਦੀ ਰੁੱਤ [ਕਰਨੈਲ ਸਿੰਘ ਨਿੱਝਰ]

ਬਦਲਦੀ ਰੁੱਤ, ਕਰਨੈਲ ਸਿੰਘ ਨਿੱਝਰ ਦਾ ਚੌਥਾ ਤੇ ਹੁਣੇ ਛਪਿਆ ਨਾਵਲ ਹੈ। ਕਰਨੈਲ ਸਿੰਘ ਨਿੱਝਰ ਆਪਣੇ ਨਾਵਲਾਂ ਵਿਚ ਆਪਣੇ ਆਲੇ ਦੁਆਲੇ ਤੇ ਖਾਸ ਕਰਕੇ ਦੁਆਬੇ ਦੇ ਪਿੰਡਾਂ ਵਿਚ ਵਸਦੇ ਲੋਕਾਂ ਦੇ ਜੀਵਨ ਨੂੰ ਚਿਤਰਦਾ ਹੈ। ਉਹਦੇ ਨਾਵਲਾਂ ਵਿਚੋਂ ਪੇਂਡੂ ਜੀਵਨ ਦੇ ਤਲਖ ਯਥਾਰਥ ਦੀ ਝਲਕ ਮਿਲਦੀ ਹੈ। ਨਿੱਝਰ ਦੇ ਨਾਵਲਾਂ ਦੇ ਪਾਤਰ ਪਰਿਸਥਿਤੀਆਂ ਦੇ ਗੁਲਾਮ ਨਹੀਂ ਹਨ। ਉਹ ਉਹਨਾਂ ਨੂੰ ਬਦਲਣ ਲਈ ਅਚੇਤ ਤੇ ਸੁਚੇਤ ਸੰਘਰਸ਼ ਕਰਦੇ ਹਨ।

'ਬਦਲਦੀ ਰੁੱਤ' ਵਿਚ ਇਕ ਗਰੀਬ ਕਿਸਾਨ ਪਰਿਵਾਰ ਤੇ ਉਸ ਘਰ ਵਿਚ ਜੰਮੀ ਧੀ ਨਸੀਬ ਦੇ ਸਮਾਜਕ ਪਰਿਸਥਿਤੀਆਂ ਰਾਹੀਂ ਦਰੜੇ ਜਾਣ ਤੇ ਅੰਤ ਵਿਚ ਉਹਨਾਂ ਵਿਰੁਧ

ਭਟਣ ਦੀ ਕਹਾਣੀ ਹੈ। ਇਸ ਨਾਵਲ ਵਿਚ ਪਿੰਡ ਦੀ ਪੱਧਰ ਦੇ ਸਮਾਜਕ ਦਵੰਦ ਨੂੰ ਪੇਸ਼ ਕੀਤਾ ਗਿਆ ਹੈ ਜਿਸ ਵਿਚ ਇਕ ਪਾਸੇ ਚੇਅਰਮੈਨ ਵਰਗੇ ਲੋਟੂ ਜਮਾਤਾਂ ਦੇ ਪ੍ਰਤਿਨਿਧ ਹਨ ਜਿਹੜੇ ਲੁੱਟੇ ਜਾਂਦੇ ਲੋਕਾਂ ਨੂੰ ਆਪਣੀਆਂ ਪੁਜ਼ੀਸ਼ਨਾਂ ਨੂੰ ਵਰਤਕੇ ਆਰਥਿਕ ਤੇ ਸਮਾਜਕ ਤੌਰ 'ਤੇ ਲੁਟਦੇ ਹਨ। ਦੂਜੇ ਪਾਸੇ ਨਸੀਬ ਦਾ ਟੱਬਰ ਹੈ। ਇਹਨਾਂ ਵਿਚਾਲੇ ਇੰਦਰ ਸਿੰਘ ਫੌਜੀ ਵਰਗੇ ਬੰਦੇ ਹਨ, ਜਿਹੜੇ ਜਮਾਤੀ ਤੌਰ 'ਤੇ ਚੇਤਨ ਨਾ ਹੋਣ ਕਾਰਨ ਅਚੇਤ ਹੀ ਲੋਟੂ ਜਮਾਤਾਂ ਦੇ ਪੱਖ ਵਿਚ ਖੜਦੇ ਹਨ ਤੇ ਆਪਣੀ ਜਮਾਤ ਨਾਲ ਧਰੋਹ ਕਰਦੇ ਹਨ। ਸੁਲੱਖਣ ਤੇ ਅਰੁਣਾ ਵਰਗੇ ਪਾਤਰ ਹਨ ਜਿਹੜੇ ਕੁਝ ਹੱਦ ਤਕ ਚੇਤਨ ਹਨ ਅਤੇ ਸ਼ੰਘਰਸ਼ਸ਼ੀਲ ਹਨ।

ਕਰਨੈਲ ਸਿੰਘ ਨਿੱਝਰ ਆਪ ਕਿੱਤੇ ਵਜੋਂ ਇਕ ਅਧਿਆਪਕ ਤੇ ਸੰਘਰਸ਼ਸ਼ੀਲ ਕਾਮਾ ਹੈ। ਉਹਨੂੰ ਅਧਿਆਪਕ ਵਰਗ ਤੇ ਉਸਦੀਆਂ ਚੰਗਿਆਈਆਂ ਬੁਰਾਈਆਂ ਦਾ ਤੀਖਣ ਅਨੁਭਵ ਹੈ। ਇਸੇ ਲਈ ਉਹ ਨਾਵਲ ਵਿਚ ਉਹਨਾਂ ਦਾ ਵਰਨਣ ਕਰਦਾ ਹੈ। ਕਲਾਕਾਰ ਦੇ ਇਕ ਚੇਤਨ ਵਿਅਕਤੀ ਹੋਣ ਕਾਰਨ ਉਹ ਸਮਕਾਲੀ ਘਟਨਾਵਾਂ ਤੋਂ ਵੀ ਪ੍ਰਭਾਵਿਤ ਹੁੰਦਾ ਹੈ। ਹੁਣੇ ਜਿਹੇ ਚਲੇ ਬੇਰੁਜ਼ਗਾਰ ਅਧਿਆਪਕਾਂ ਦੇ ਸੰਘਰਸ਼ ਦਾ, ਜਿਸ ਵਿਚ ਨਿੱਝਰ ਆਪ ਕੈਦ ਹੋਇਆ ਸੀ, ਵੀ ਜ਼ਿਕਰ ਕੀਤਾ ਹੈ।

ਕਰਨੈਲ ਨਿੱਝਰ ਨੇ ਪਿੰਡ ਵਿਚ ਪੁਰਾਣੀ ਜਾਗੀਰਦਾਰੀ ਸੋਚ ਦੀ ਜਕੜ ਤੇ ਉਸ ਵਿਰੁਧ ਸਰਮਾਏਦਾਰੀ ਪ੍ਰਭਾਵ ਅਧੀਨ ਆ ਰਹੀਆਂ ਨਵੀਆਂ ਤਬਦੀਲੀਆਂ ਦਾ ਜ਼ਿਕਰ ਕੀਤਾ ਹੈ। ਜਿੰਨ੍ਹਾਂ ਕਾਰਨ ਇਸਤਰੀ ਘਰ ਦੀਆਂ ਕੰਧਾਂ ਤੋਂ ਬਾਹਰ ਆ ਕੇ ਸਮਾਜਕ ਪਿੜ ਵਿਚ ਪਰਵੇਸ਼ ਕਰਨ ਲਈ ਸੰਘਰਸ਼ ਕਰ ਰਹੀ ਹੈ। ਪਰੰਤੂ ਪੁਰਾਣੀ ਜਗੀਰਦਾਰੀ ਸੋਚ, ਜਿਹੜੀ ਇਸਤਰੀ ਨੂੰ ਕੇਵਲ ਵਾਸ਼ਨਾ ਪੂਰਤੀ ਦਾ ਸਾਧਨ ਸਮਝਦੀ ਹੈ, ਥਾਂ ਥਾਂ 'ਤੇ ਉਹਦੀ ਲੁਟ ਕਰਦੀ ਤੇ ਉਹਦਾ ਰਾਹ ਰੋਕਣ ਦਾ ਯਤਨ ਕਰਦੀ ਹੈ। ਪਰੰਤੂ ਕਰਨੈਲ ਸਿੰਘ ਨਿੱਝਰ ਇਹ ਕੁਝ ਕਰਨ ਲਗਿਆਂ ਉਲਾਰ ਹੋ ਗਿਆ ਹੈ। ਉਹਦੇ ਬਹੁਤੇ ਇਸਤਰੀ ਪਾਤਰ ਇਸ ਲੁੱਟ ਦਾ ਸ਼ਿਕਾਰ ਹੁੰਦੇ ਹਨ। ਇਥੋਂ ਤਕ ਕਿ ਨਾਵਲ ਦੀ ਨਾਇਕਾ ਮੁਢ ਤੋਂ ਇਕ ਤਕੜੀ ਪਾਤਰ ਨਾ ਹੋ ਕੇ ''ਬੀਬੀ ਬੱਦਲੀ...'' ਸਾਬਤ ਹੁੰਦੀ ਹੈ। ਇਹ ਕੁਝ ਕਰਨ ਲਗਿਆਂ ਨਿੱਝਰ ਆਪਣੇ ਸਮਕਾਲੀ ਨਕਸਲੀ ਲੇਖਕਾਂ ਤੋਂ ਪ੍ਰਭਾਵਿਤ ਹੋਇਆ ਜਾਪਦਾ ਹੈ, ਜਿਹੜੇ ਪਿਛਲੇ ਸਮੇਂ ਵਿਚ ਸਮਾਜਕ ਦਵੰਦ ਦਾ ਮੂਲ ਕਾਰਨ ਇਸਤਰੀ ਦੀ ਸਮਾਜਕ ਲੁੱਟ ਨੂੰ ਪੇਸ਼ ਕਰਦੇ ਰਹੇ ਹਨ। ਇਸ ਵਿਚ ਸ਼ਕ ਨਹੀਂ ਕਿ ਸਮਾਜਕ ਖੇਤਰ ਵਿਚ ਆਉਣ ਵਾਲੀ ਇਸਤਰੀ ਨੂੰ ਜਗੀਰਦਾਰ ਸੋਚ ਨਾਲ ਟੱਕਰਨਾ ਪੈਂਦਾ ਹੈ। ਪਰ ਇਹ ਨਹੀਂ ਕਿ ਹਰ ਇਕ ਇਸਤਰੀ ਨੂੰ ਨਸੀਬ ਹੀ ਬਣਨਾ ਪੈਂਦਾ ਹੈ।

ਕਰਨੈਲ ਸਿੰਘ ਨਿੱਝਰ ਦੀ ਵਿਸ਼ੇਸ਼ਤਾ ਹੈ ਕਿ ਉਹਨੇ ਦੁਆਬੇ ਦੇ ਪੇਂਡੂ ਜੀਵਨ ਨੂੰ ਪੇਸ਼ ਕੀਤਾ ਹੈ। ਇਸ ਤਰ੍ਹਾਂ ਸਮੁਚੇ ਪੰਜਾਬ ਦੇ ਵੱਖੋ ਵਖਰੇ ਭਾਗਾਂ ਦੀ ਤਸਵੀਰ ਚੋਖੀ ਮਾਤਰਾ ਵਿਚ ਉਭਰ ਕੇ ਪੇਸ਼ ਹੋ ਰਹੀ ਹੈ। ਨਿੱਝਰ ਨੇ ਬੋਲੀ ਵੀ ਸਾਧਾਰਨ ਵਰਤੀ ਹੈ, ਜਿਸ ਨਾਲ ਸਥਾਨਕਤਾ ਹੋਰ ਕੀ ਪ੍ਰਤਖ ਹੋਈ ਹੈ।

ਤਕਨੀਕ ਪਖੋਂ ਨਿੱਝਰ ਦੇ ਨਾਵਲਾਂ ਵਿਚ ਇਕਸਾਰਤਾ ਜਿਹੀ ਜਾਪਦੀ ਹੈ, ਜਿਹੜੀ

ਕਲਾ ਲਈ ਹਾਨੀਕਾਰਕ ਹੈ । ਨਿੱਝਰ ਨੇ ਆਪਣੇ ਪਿਛਲੇ ਨਾਵਲ "ਸਰਘੀ ਦਾ ਤਾਰਾ" ਵਿਚ ਉਠ ਰਹੀਆਂ ਸ਼ਕਤੀਆਂ ਦੀ ਜਿੱਤ ਦੀ ਆਸ ਵਲੋਂ ਸਰਘੀ ਦੇ ਤਾਰੇ ਨੂੰ ਪ੍ਰਤੀਕ ਵਰਤਿਆ ਸੀ । ਇਸ ਨਾਵਲ ਵਿਚ ਵੀ ਉਹੋ ਹੀ ਪ੍ਰਤੀਕ ਵਰਤਿਆ ਹੈ, ਜਿਹੜਾ ਠੀਕ ਨਹੀਂ ਹੈ ।

ਨਿੱਝਰ ਜਿਸ ਤੇਜ਼ੀ ਨਾਲ ਆਪਣੇ ਨਾਵਲਾਂ ਦੀ ਗਿਣਤੀ ਵਿਚ ਵਾਧਾ ਕਰ ਰਿਹਾ ਹੈ, ਉਸ ਤੇਜ਼ੀ ਨਾਲ ਉਹਦੀ ਕਲਾ ਵਿਕਾਸ ਨਹੀਂ ਕਰ ਰਹੀ । ਉਹਦੇ ਨਾਵਲਾਂ ਦੀ ਤਕਨੀਕ ਪੁਰਾਣੀ ਤੇ ਸ਼ੈਲੀ ਉਲਝੀ ਹੋਈ ਹੁੰਦੀ ਹੈ । ਇਸ ਲਈ ਉਹਨੂੰ ਗਿਣਤੀ ਵਧਾਉਣ ਦੀ ਥਾਂ ਗੁਣ ਵਧਾਉਣ ਦਾ ਯਤਨ ਕਰਨਾ ਚਾਹੀਦਾ ਹੈ । ਨਾਵਲਕਾਰ ਵਜੋਂ ਉਹਦਾ ਨਾਂ ਹੋ ਗਿਆ ਹੈ । ਇਹ ਨਾਂ ਹੋਰ ਉਚਾ ਤੇ ਉਹਦੀ ਕਲਾ ਸੰਘਰਸ਼ ਦਾ ਹਥਿਆਰ ਤਾਂ ਹੀ ਬਣ ਸਕੇਗੀ ਜੇਕਰ ਉਹ ਕਰੜੀ ਸਾਧਨਾ ਕਰੇਗਾ ।

ਨਾਵਲ, ਜੋ ਦੀਪਕ ਪਬਲਿਸ਼ਰਜ਼ ਜਲੰਧਰ ਨੇ ਛਾਪਿਆ ਤੇ ਪ੍ਰਕਾਸ਼ਿਤ ਕੀਤਾ ਹੈ, ਛਪਾਈ ਤੇ ਦਿੱਖ ਵਲੋਂ ਵਧੀਆ ਹੈ ।

[ਸੁਰਜੀਤ ਗਿੱਲ]

## ਇਨਸਾਈਡ ਆਊਟਸਾਈਡ [ਨਿੰਦਰ ਗਿੱਲ]

ਕਹਾਣੀਕਾਰ ਨਿੰਦਰ ਗਿੱਲ ਨੇ ਹੁਣੇ ਜਿਹੇ ਆਪਣਾ ਦੂਜਾ ਕਹਾਣੀ ਸੰਗ੍ਰਹਿ "ਇਨਸਾਈਡ ਆਉਟਸਾਈਡ" ਪੇਸ਼ ਕੀਤਾ ਹੈ । ਇਸ ਤੋਂ ਪਹਿਲਾਂ ਉਸ ਨੇ ਇਕ ਸੰਗ੍ਰਹਿ "ਜ਼ਿੰਦਗੀ ਦੇ ਇਸ਼ਤਿਹਾਰ" ਨਿਰੋਲ ਆਪਣਾ ਤੇ 'ਪੈਂਡੇ' ਸੰਪਾਦਿਤ ਪੇਸ਼ ਕੀਤਾ ਸੀ । ਨਿੰਦਰ ਨੇ ਆਪਣੇ ਪਹਿਲੇ ਹੀ ਸੰਗ੍ਰਹਿ ਨਾਲ ਕਹਾਣੀਕਾਰ ਵਜੋਂ ਆਪਣਾ ਥਾਂ ਬਣਾ ਲਿਆ ਸੀ । ਹੁਣ ਵਾਲੇ ਕਹਾਣੀ ਸੰਗ੍ਰਹਿ ਵਿਚ ਉਸ ਦੀ ਨੀਝ ਡੂੰਘੀ ਹੋਈ ਹੈ ਤੇ ਕਲਾ ਨਿਖਰੀ ਹੈ । ਹੁਣ ਵਾਲੀਆਂ ਕਹਾਣੀਆਂ ਵਿਚ ਪਹਿਲਾਂ ਵਾਲੀ ਉਪਭਾਵਕਤਾ ਤੇ ਧੁੰਦਲਾਪਣ ਨਹੀਂ ਹੈ । ਇਸ ਵੇਰ ਵਿਸ਼ਿਆਂ ਦੀ ਵੰਨ ਸੁਵੰਨਤਾ ਹੈ ਤੇ ਉਹਦੀਆਂ ਕਹਾਣੀਆਂ ਦੇ ਪਾਤਰ ਜੀਵਨ ਦੇ ਵਖੋ ਵੱਖਰੇ ਖੇਤਰਾਂ ਵਿਚੋਂ ਲਏ ਗਏ ਹਨ, ਜਿਨ੍ਹਾਂ ਵਿਚ ਵਿਦਿਆਰਥੀ, ਕਲਰਕ, ਕਿਸਾਨ, ਲਲਾਰੀ ਆਦਿ ਸ਼ਾਮਲ ਹਨ ।

ਨਿੰਦਰ ਬੇਸ਼ਕ ਪਿੰਡ ਦਾ ਜੰਮਪਲ ਹੈ । ਪਰੰਤੂ ਉਸਨੂੰ ਸ਼ਹਿਰੀ ਮੱਧ ਸ਼੍ਰੇਣਿਕ ਜੀਵਨ ਦੀ ਪੁੱਠ ਨਰੋਈ ਚੜ੍ਹੀ ਹੋਈ ਹੈ । ਉਹਦੀ ਸੋਚਣੀ ਤੇ ਬੋਲਚਾਲ ਮੱਧ ਸ਼੍ਰੇਣਿਕ ਹੈ, ਜਿਸ ਦਾ ਪ੍ਰਗਟਾਵਾ ਉਹ ਅੰਗਰੇਜ਼ੀ ਦੇ ਸ਼ਬਦ ਵਰਤਕੇ ਕਰਦਾ ਹੈ । ਪੜ੍ਹੀ ਲਿਖੀ ਮਧ ਸ਼੍ਰੇਣੀ ਦੀ ਮਾਨਸਿਕਤਾ ਦਾ ਵੀ ਉਹਨੂੰ ਗਿਆਨ ਹੈ । ਉਹਦੇ ਬਹੁਤੇ ਪਾਤਰ ਇਸੇ ਸ਼੍ਰੇਣੀ ਦੇ ਹਨ । ਸਮੱਸਿਆਵਾਂ ਤੇ ਮਾਨਸਿਕ ਗੁੰਝਲਾਂ ਵੀ ਆਪਣੇ ਜਮਾਤੀ ਤੱਤ ਅਨੁਸਾਰ ਹਨ । ਇਸ ਸੰਗ੍ਰਹਿ ਵਿਚ ਉਹਦੀਆਂ ਕਹਾਣੀਆਂ "ਕੋਲਡ ਵਾਰ ਹਾਟ ਵਾਰ", "ਖਿੰਡ ਗਿਆ ਕੱਚ ਸੱਚ" "ਹਥੇਲੀ 'ਤੇ ਚੁਕਿਆ ਮਾਰੂਥੱਲ" ਅਜਿਹੀਆਂ ਕਹਾਣੀਆ ਹਨ ।

ਇਸ ਸੰਗ੍ਰਹਿ ਵਿਚ ਉਹਦੀ ਕਹਾਣੀ "ਹੁਣ ਕੀ ਕਰੀਏ" ਇਕ ਉਤਮ ਕਹਾਣੀ ਹੈ ਜਿਹੜੀ ਸਰਮਾਏਦਾਰੀ ਦੇ ਮਸ਼ੀਨੀ ਵਿਕਾਸ ਕਾਰਨ ਦਸਤਕਾਰ ਦੀ ਤਬਾਹੀ ਦਾ ਵਰਨਣ

ਕਰਦੀ ਹੈ । ਇਹ ਬਿਆਨ ਬਹੁਤ ਕਲਾਮਈ ਹੈ ।

"ਖੇਰੂੰ ਖੇਰੂੰ" ਕਹਾਣੀ ਵਿਚ ਇਕ ਕਿਸਾਨ ਦੀ ਮੰਡੀ ਵਿਚ ਹੁੰਦੀ ਲੁੱਟ ਤੇ ਖੱਜਲ ਖੁਆਰੀ ਦਾ ਯਥਾਰਥਕ ਚਿਤਰਨ ਹੈ ਪਰ ਇਸ ਕਹਾਣੀ ਦਾ ਨਾਇਕ ਸਾਧਾਰਨ ਕਿਸਾਨ ਸੋਚ ਦਾ ਧਾਰਨੀ ਹੈ, ਜਿਹੜਾ ਜਮਾਤੀ ਦਵੰਦ ਤੋਂ ਜਾਣੂ ਨਹੀਂ। ਉਹ ਸਮਝਦਾ ਹੈ ਕਿ ਉਹਦੀ ਲੁੱਟ ਦਾ ਕਾਰਨ ਕੇਵਲ ਗੈਰ-ਕਿਸਾਨ ਸ਼੍ਰੇਣੀਆਂ ਹਨ । ਇਸੇ ਲਈ ਉਹ ਕਹਿੰਦਾ ਹੈ, "ਜੱਟਾਂ ਦੇ ਪੁੱਤ ਲਾਓ ਖਰੀਦਣ ਨੂੰ" (ਸਫਾ 59) ਇਕ ਹੋਰ ਥਾਂ ਕਹਿੰਦਾ ਹੈ, "ਨਸਾਫ ਤਾਂ ਗਰੇਜ਼ਾਂ ਵੇਲੇ ਹੋਏ" (ਸਫਾ 65) । ਅਜਿਹੇ ਪਾਤਰ ਪੰਜਾਬੀ ਕਹਾਣੀ ਵਿਚ ਬਹੁਤ ਮਿਲਦੇ ਹਨ । ਪਰ ਹੁਣ ਲੋੜ ਹੈ ਅਜਿਹੇ ਜੱਟ ਦੀ ਜਿਹੜਾ ਕੇਵਲ ਲੁੱਟ 'ਤੇ ਝੂਰੇ ਹੀ ਨਾ ਬਲਕਿ ਉਸਦੇ ਖਾਤਮੇ ਲਈ ਸੰਘਰਸ਼ ਵੀ ਕਰੇ ।

ਦੋ ਕਹਾਣੀਆਂ ਹੋਰ "ਕੌਣ ਕਿਉਂ ਕਿਵੇਂ" ਤੇ "ਬਾਈਪਾਸ" ਬਹੁਤ ਅਹਿਮ ਹਨ । ਇਹਨਾਂ ਵਿਚ ਮਧ ਸ਼੍ਰੇਣੀ ਦੇ ਉਪਭਾਵਕ ਗਭਰੂਆਂ ਦੀ ਭਾਵਕਤਾ ਖਤਮ ਹੋਣ ਪਿਛੋਂ ਆਈ ਫਰਸਟਰੇਸ਼ਨ ਦਾ ਯਥਾਰਥਕ ਚਿਤਰਨ ਹੈ । ਜਿਹੜੇ ਕਿਸੇ ਸਮੇਂ ਇਨਕਲਾਬ ਨੂੰ ਆਇਆ ਹੀ ਸਮਝਦੇ ਸਨ, ਹੁਣ ਜਮਾਤੀ ਸੰਘਰਸ਼ ਤੇ ਲੋਕਾਂ ਦੇ ਉਜਲੇ ਭਵਿਖ ਵਿਚ ਵੀ ਵਿਸ਼ਵਾਸ ਗੁਆ ਬੈਠੇ ਹਨ । ਇਹ ਮਧ ਸ਼੍ਰੇਣੀ ਦਾ ਜਮਾਤੀ ਦੁਖਾਂਤ ਹੈ ।

ਤਕਨੀਕ ਪਖੋਂ ਨਿੰਦਰ ਦੀਆਂ ਕਹਾਣੀਆਂ ਵਿਚ ਇਕ ਘਾਟ ਹੈ । ਉਹ ਕਹਾਣੀ ਲਿਖਣ ਲਈ ਮਸਾਲਾ ਤੇ ਕੈਨਵਸ ਕਹਾਣੀ ਵਾਲੀ ਨਹੀਂ ਵਰਤਦਾ ਬਲਕਿ ਨਾਵਲ ਜਾਂ ਨਾਵਲਿਟ ਵਾਲੀ ਵਰਤਦਾ ਹੈ । ਇਸ ਤਰ੍ਹਾਂ ਨਾ ਕਹਾਣੀ ਰਹਿੰਦੀ ਹੈ ਨਾ ਨਾਵਲ ਬਣਦਾ ਹੈ । ਨਿੱਕੀ ਕਹਾਣੀ ਵਿਚ ਇਕ ਘਟਨਾ ਜਾਂ ਪਾਤਰ ਦੇ ਕਿਸੇ ਪੱਖ ਨੂੰ ਹੀ ਚਿਤਰਿਆ ਜਾ ਸਕਦਾ ਹੈ । ਇਕ ਨਾਵਲ ਦਾ ਮਵਾਦ ਤੂੜਿਆ ਨਹੀਂ ਜਾਣਾ ਚਾਹੀਦਾ ।

ਨਿੰਦਰ ਬੋਲੀ ਮੱਧ ਸ਼੍ਰੇਣਿਕ ਤੇ ਕਾਵਿਮਈ ਵਰਤਦਾ ਹੈ । ਉਹਦੀਆਂ ਕਈ ਲਾਈਨਾਂ ਕਹਾਣੀ ਦੀਆਂ ਲਾਈਨਾਂ ਨਾ ਹੋ ਕੇ ਕਵਿਤਾ ਦੀਆਂ ਲਾਈਨਾਂ ਹਨ ਜਿਵੇਂ "ਅਜੇ ਸ਼ਰਾਬੀ ਦਿਨਾਂ ਦੀ ਅਮਦ ਨਹੀਂ ਸੀ ਹੋਈ ਕਿ ਸ਼ੀਸ਼ੇ ਵਿਚ ਮੂੰਹ ਤਕਿਆਂ ਸ਼ੀਸ਼ੇ ਵਿਚ ਤਰੇੜ ਆ ਗਈ" (ਸਫਾ 10) "ਰੋਹ ਦੀ ਗੁੜ੍ਹਤੀ ਨੇ ਵਿਦਰੋਹ ਦੀ ਫਿਤਰਤ ਢਾਲੀ ਹੋਈ ਸੀ" (ਸਫਾ 11) । ਇਹ ਗੁਣ ਵੀ ਹੈ ਤੇ ਔਗੁਣ ਵੀ । ਗੁਣ ਮਧ ਸ਼੍ਰੇਣੀ ਲਈ ਤੇ ਔਗੁਣ ਕਿਰਤੀ ਸ਼੍ਰੇਣੀ ਲਈ । ਇਸ ਲਈ ਨਿੰਦਰ ਨੂੰ ਆਪਣੀ ਬੋਲੀ ਸਾਦਾ ਤੇ ਸਪਸ਼ਟ ਬਣਾਉਣੀ ਚਾਹੀਦੀ ਹੈ ।

ਮੈਂ ਨਿੰਦਰ ਦੀ ਇਸ ਕਿਤਾਬ ਦੇ ਰੀਲੀਜ਼ ਸਮਾਰੋਹ ਵੇਲੇ ਇਕ ਆਲੋਚਕ ਦੇ ਇਹਨਾਂ ਸ਼ਬਦਾਂ ਨਾਲ ਕਿ ਨਿੰਦਰ ਨੇ "ਪਿੜ ਵਿਚ ਪੱਕੇ ਪੈਰੀਂ ਪਰਵੇਸ਼ ਕੀਤਾ ਹੈ" ਪੂਰੀ ਤਰ੍ਹਾਂ ਸਹਿਮਤ ਹਾਂ ਅਤੇ ਸਮਝਦਾ ਹਾਂ ਕਿ ਉਹਨੇ ਪਰਵੇਸ਼ ਹੀ ਨਹੀਂ ਕੀਤਾ ਬਲਕਿ ਪੈਰ ਪੱਕੇ ਗੱਡ ਲਏ ਹਨ ।

ਕਿਤਾਬ ਦੀਪਕ ਪਬਲਿਸ਼ਰਜ਼ ਜਲੰਧਰ ਵਾਲਿਆਂ ਨੇ ਛਾਪੀ ਹੈ । ਸੋਹਣੀ ਛਾਪੀ ਹੈ ।

[ਸੁਰਜੀਤ ਗਿੱਲ]

## ਰੰਗਾਂ ਦੀ ਤਪਸ਼ [ਅਜੀਤ ਸਿੰਘ ਚੰਦਨ]

'ਰੰਗਾਂ ਦੀ ਤਪਸ਼' ਅਜੀਤ ਸਿੰਘ ਚੰਦਨ (ਪ੍ਰਕਾਸ਼ਕ ਰਵੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ, ਮੁੱਲ ਸੱਤ ਰੁਪਏ, ਪੰਨੇ 96) ਦਾ ਚੌਥਾ ਕਾਵਿ-ਸੰਗ੍ਰਹਿ ਹੈ।

ਚੰਦਨ ਨਵੀਂ ਪੀੜ੍ਹੀ ਦਾ ਕਵੀ ਹੈ। ਮੈਂ ਉਸ ਦੀਆਂ ਸਮੇਂ ਸਮੇਂ ਰਿਸਾਲਿਆਂ ਵਿਚ ਛਪਦੀਆਂ ਵਿਕੋਲਿਤਰੀਆਂ ਕਵਿਤਾਵਾਂ ਹੀ ਪੜ੍ਹ ਸਕਿਆ ਹਾਂ—ਉਸ ਦੇ ਕਿਸੇ ਸੰਗ੍ਰਹਿ ਨੂੰ ਸਮੁੱਚੇ ਰੂਪ ਵਿਚ ਪੜ੍ਹਨ ਦਾ ਇਹ ਮੇਰਾ ਪਹਿਲਾ ਅਵਸਰ ਹੈ। ਪਰ ਇਸ ਸੰਗ੍ਰਹਿ ਨੂੰ ਪੜ੍ਹਨ ਤੋਂ ਪਿਛੋਂ ਮੈਨੂੰ ਉਸ ਦੇ ਪਹਿਲੇ ਸੰਗ੍ਰਹਿ ਨਾ ਪੜ੍ਹਨ ਦਾ ਕੋਈ ਬਹੁਤਾ ਅਫਸੋਸ ਨਹੀਂ ਹੋਇਆ।

ਚੰਦਨ ਆਪਣੀਆਂ ਕਵਿਤਾਵਾਂ ਵਿਚ ਬਾਰ ਬਾਰ ਰੰਗਾਂ ਦਾ ਜ਼ਿਕਰ ਕਰਦਾ ਹੈ। ਜਾਪਦਾ ਸੀ ਜਿਵੇਂ ਉਹ ਵੀ ਦੇਵ ਤੇ ਸੁਖਬੀਰ ਵਾਂਗ ਸ਼ਬਦਾਂ ਤੋਂ ਰੰਗਾਂ ਦਾ ਕੰਮ ਲਵੇਗਾ, ਪਰ ਅਜਿਹਾ ਕੁਝ ਵੀ ਉਹ ਨਹੀਂ ਕਰਦਾ। ਉਹ ਸ਼ਬਦ-ਰੂਪੀ ਰੰਗਾਂ ਨਾਲ ਕੋਈ ਚਿਰ-ਸਥਾਈ ਮੌਲਿਕ ਤੇ ਪ੍ਰਭਾਵਸ਼ਾਲੀ ਚਿਤਰ ਨਹੀਂ ਸਿਰਜਦਾ। ਰੰਗਾਂ ਦਾ ਸਿਰਜਿਆ ਇਹ ਰਾਮ-ਰੌਲਾ ਬਹੁਤੀ ਵਾਰ ਬੇਲੋੜਾ, ਜਜ਼ਬਾਤੀ, ਓਪਰਾ ਤੇ ਹਾਸੋਹੀਣਾ ਪ੍ਰਤੀਤ ਹੁੰਦਾ ਹੈ।

ਪ੍ਰਸ਼ਨ ਪੈਦਾ ਹੁੰਦਾ ਹੈ ਕਿ ਆਖਰ ਉਹ ਰੰਗਾਂ ਰਾਹੀਂ ਕਲਾ ਦਾ ਕਿਹੜਾ ਮਹਾਨ ਕਾਰਜ ਸਿਰੇ ਚਾੜ੍ਹਨਾ ਚਾਹੁੰਦਾ ਹੈ? ਉਸ ਦੇ ਕੀਤੇ ਅਜੇਹੇ ਯਤਨ ਉਚੇਚ ਦੇ ਬਾਵਜੂਦ, 'ਕਲਾ ਕਲਾ ਲਈ'ਦਾ ਕਾਰਜ ਹੀ ਪੂਰਾ ਕਰਦੇ ਹਨ। ਅਸਲ ਵਿਚ ਉਸ ਕੋਲ ਕਹਿਣ ਲਈ ਕੋਈ ਸਾਰਥਕ ਸਪਸ਼ਟ ਵਿਚਾਰ-ਪ੍ਰਬੰਧ ਹੈ ਹੀ ਨਹੀਂ।

ਚੰਦਨ ਨੂੰ ਰੰਗਾਂ ਨਾਲ ਮੋਹ ਸਿਰਫ ਬੱਚਿਆਂ ਵਾਲਾ ਹੈ—ਉਸ ਕੋਲ ਇਨ੍ਹਾਂ ਕੋਲੋਂ ਕੋਈ ਉਚੇਰਾ ਕੰਮ ਲੈਣ ਦਾ ਲਖ਼ਸ਼ ਹੀ ਨਹੀਂ। ਕਿਸੇ ਚੰਗੀ ਰਚਨਾ ਦੀ ਭਾਲ ਕਈ ਮੈਂ ਪੁਸਤਕ ਦੇ ਆਰੰਭ ਤੋਂ ਅੰਤ ਤੱਕ ਕੋਸ਼ਿਸ਼ ਕੀਤੀ ਹੈ। ਪਰ ਨਿਸਫਲ।

ਦੁਖਾਂਤ ਇਹ ਵੀ ਹੈ ਕਿ ਚੰਦਨ ਵਜ਼ਨ-ਬੱਧ ਕਵਿਤਾਵਾਂ ਵਿਚ ਵੀ ਤੋਲ ਤੇ ਤੁਕਾਂਤ ਪੱਖੋਂ ਪੈਰ ਪੈਰ 'ਤੇ ਉਖੜਦਾ ਹੈ ਤੇ ਪਾਠਕ ਨੂੰ ਇਹ ਨਹੀਂ ਜਾਪਦਾ ਕਿ ਲੇਖਕ ਇਸ ਤੋਂ ਪਹਿਲਾਂ ਤਿੰਨ ਕਾਵਿ-ਸੰਗ੍ਰਹਿ ਛਪਵਾ ਚੁੱਕਾ ਹੈ। ਰਿਦਮ ਪੱਖੋਂ ਉਸ ਦੀ ਹਾਲਤ ਸਿਖਾਂਦਰੂਆਂ ਵਾਲੀ ਹੈ।

ਨਵੀਂ ਪੀੜ੍ਹੀ ਦੇ ਚੰਗੇ ਕਵੀਆਂ ਵਿਚ ਸ਼ਾਮਲ ਹੋਣ ਲਈ ਅਜੇ ਉਸ ਨੇ ਕਈ ਪੜਾ ਤਹਿ ਕਰਨੇ ਹਨ। ਪੁਸਤਕਾਂ ਲਿਖਣ ਤੇ ਛਪਵਾਉਣ ਦੀ ਉਸ ਦੀ ਰਫਤਾਰ ਇਹ ਆਸ ਤਾਂ ਬੰਨ੍ਹਾਉਂਦੀ ਹੈ ਕਿ ਜੇ ਉਹ ਉਪ ਭਾਵਕ ਪਹੁੰਚ, ਰੰਗਾਂ ਦੀ ਬੇਅਰਥ ਲੀਲਾ ਨੂੰ ਤਿਆਗ ਕੇ, ਰਿਦਮ ਪੱਖੋਂ ਵਧੇਰੇ ਅਭਿਆਸ, ਅਧਿਐਨ ਤੇ ਸਵੈ-ਆਲੋਚਨਾ ਦੇ ਕਠਿਨ ਮਾਰਗ 'ਤੇ ਤੁਰਨ ਦਾ ਸਾਹਸ ਕਰ ਲਵੇ ਤੇ ਆਪਣੀ ਕਲਮ ਨੂੰ ਲੋਕ-ਸੰਘਰਸ਼ਾਂ ਨੂੰ ਅਰਪਨ ਕਰ ਦੇਵੇ ਤਾਂ ਚੰਗੀ ਕਵਿਤਾ ਦੇ ਰਾਹ ਤੁਰ ਪੈਣਾ ਉਸ ਲਈ ਕੋਈ ਕਠਿਨ ਕਾਰਜ ਨਹੀਂ ਹੈ। ਮੈਂ ਆਸ ਕਰਦਾ ਹਾਂ ਕਿ ਉਹ ਪੁਸਤਕਾਂ ਦੀ ਗਿਣਤੀ ਵਧਾਉਣ ਦੀ ਲਾਲਸਾ ਦਾ ਸ਼ਿਕਾਰ ਹੋਣੋਂ ਬਚ ਜਾਵੇਗਾ ਤੇ ਗੁਣਾਤਮਿਕ ਪੱਖ ਵਲ ਵਧੇਰੇ ਧਿਆਨ ਦੇ ਕੇ ਲੋਕ-ਸੰਘਰਸ਼ਾਂ ਨਾਲ ਆਪਣੇ ਰਿਸ਼ਤੇ ਨੂੰ ਜੋੜ ਲਵੇਗਾ।

ਉਸ ਵਿਚ ਰਚਨਾਤਮਕ ਸਮਰੱਥਾ ਦੀ ਘਾਟ ਨਹੀਂ ਹੈ। ਵਰਤਮਾਨ ਸਮਾਜਕ-ਆਰਥਿਕ ਸੰਕਟ ਦੇ ਸੰਦਰਭ ਵਿਚ ਕਲਾਕਾਰ ਦੇ ਉਚੇਰੇ ਫਰਜ਼ਾਂ ਬਾਰੇ ਸਾਵਧਾਨ ਨਾ ਹੋਣ ਕਾਰਨ, ਉਸ ਦੀ ਇਹ ਰਚਨਾਤਮਕ ਯੋਗਤਾ ਅਜਾਈਂ ਜਾ ਰਹੀ ਹੈ। ਵੇਖੀਏ ਕਿਸ ਰਫਤਾਰ ਨਾਲ ਉਹ ਜਨ-ਸਾਧਾਰਨ ਨਾਲੋਂ ਟੁੱਟੇ ਆਪਣੇ ਰਿਸ਼ਤੇ ਨੂੰ ਜੋੜਦਾ ਹੈ। ਇਹ ਮਾਰਗ ਭਾਵੇਂ ਕਠਿਨ ਹੈ, ਪਰ ਨਰੋਈ ਤੇ ਸ਼ਕਤੀਸ਼ਾਲੀ ਕਵਿਤਾ ਇਸ ਮਾਰਗ 'ਤੇ ਤੁਰਨ ਤੋਂ ਬਿਨਾਂ ਅਸੰਭਵ ਹੈ।

[ਹਰਭਜਨ ਸਿੰਘ ਹੁੰਦਲ]

## ਲੋਹੇ ਦੇ ਮਰਦ [ਕਰਨੈਲ ਬਾਗੀ]

'ਲੋਹੇ ਦੇ ਮਰਦ' ਮਜ਼ਦੂਰ ਕਵੀ ਕਰਨੈਲ ਬਾਗੀ ਦੀਆਂ ਕਵਿਤਾਵਾਂ ਦਾ ਪਹਿਲਾ ਸੰਗ੍ਰਹਿ ਹੈ। ਕਰਨੈਲ ਬਾਗੀ ਜਿੰਨ੍ਹਾਂ ਹੱਥਾਂ ਨਾਲ ਤੇਸਾ ਚਲਾਉਂਦਾ ਤੇ ਕਰੜੀ ਤੋਂ ਕਰੜੀ ਲੱਕੜ ਤੱਛ ਸਿੱਟਦਾ ਹੈ, ਉਹਨਾਂ ਹੀ ਹੱਥਾਂ ਨਾਲ ਜਦੋਂ ਕਲਮ ਵਾਹੁੰਦਾ ਹੈ ਤਾਂ ਲੋਕਾਂ ਦੇ ਦੁਸ਼ਮਣਾਂ ਦੇ ਮੋਛੇ ਪਾ ਦਿੰਦਾ ਹੈ। ਉਹਦੀ ਹਰ ਇਕ ਕਵਿਤਾ ਸੰਘਰਸ਼ ਕਰ ਰਹੇ ਲੋਕਾਂ ਲਈ ਹਲਾਸ਼ੇਰੀ ਤੇ ਕਾਲੀਆਂ ਸ਼ਕਤੀਆਂ ਲਈ ਲਲਕਾਰ ਹੈ :

ਅਸੀਂ ਮੋਮ ਨਹੀਂ
ਜੋ ਅੱਗਾਂ ਸਾਹਮਣੇ
ਪਿਘਲ ਜਾਵਾਂਗੇ।
...
ਅਸੀਂ ਪਲਾਸਟਿਕ ਨਹੀਂ
ਜਿਸ ਦੇ ਖਲੌਣੇ
ਤੁਹਾਡੀਆਂ ਕਾਰਾਂ 'ਚ
ਲਟਕਦੇ ਨੇ।
ਅਸੀਂ ਲੋਹੇ ਦੇ ਮਰਦ ਹਾਂ
ਜੋ ਹੱਕਾਂ ਲਈ
ਜੂਝਣਾ ਜਾਣਦੇ ਹਾਂ। (ਲੋਹੇ ਦੇ ਮਰਦ)

ਕਰਨੈਲ ਆਪਣੀ ਜਮਾਤ ਦੇ ਕਰਤੱਵ ਬਾਰੇ ਚੇਤੰਨ ਹੈ। ਆਪਣੀ ਜਮਾਤ ਉਤੇ ਉਹਨੂੰ ਮਾਣ ਹੈ। ਮਧ ਸ਼੍ਰੇਣੀ ਦੀ ਸੋਚ ਗਹਿਣ ਕਰ ਰਹੇ ਬੁਧੀਜੀਵੀਆਂ ਵਾਂਗ ਉਹ ਆਪਣੇ ਪਿਛੋਕੜ ਨੂੰ ਲਕੋਂਦਾ ਨਹੀਂ। ਉਹ ਕਹਿੰਦਾ ਹੈ :

ਅਸੀਂ ਬੀਤੇ ਦੀ ਕੁਖੋਂ ਵਰਤਮਾਨ ਜਨਮੇ ਹਾਂ।
ਸਿਰਾਂ ਨੂੰ ਬੀਜ ਕੇ, ਭਵਿਖ ਸਿਰਜਣ ਲਈ।

ਉਹਨੂੰ ਆਪਣੀ ਕਿਰਤ ਦੇ ਲੁੱਟੇ ਜਾਣ ਦੀ ਚੇਤਨ ਸਮਝ ਹੈ :

ਮੇਰੀ ਕਿਰਤ ਤੇ ਵੇਸਵਾ
ਇਕੋ ਮਾਂ ਜਾਈਆਂ ਨੇ।

ਇਕ ਵਿਕਦੀ ਕੋਠੇ 'ਤੇ -
ਇਕ ਵਿਚ ਬਾਜ਼ਾਰਾਂ ਦੇ ।

ਉਹ ਕਿਰਤ ਦੇ ਲੁਟੇਰਿਆਂ ਤੇ ਕਾਲੀਆਂ ਸ਼ਕਤੀਆਂ ਦੇ ਪੱਖੀਆਂ ਨੂੰ ਡੂਘੀ ਨਫਰਤ ਕਰਦਾ ਹੈ। ਜਮਾਤੀ ਦੁਸ਼ਮਣਾਂ ਨਾਲ ਹੇਜ ਕਰਨ ਵਾਲਿਆਂ ਨੂੰ ਉਹ ਆਪਣੀ 'ਵਸੀਹਤ' ਵਿਚ ਵੀ ਕਹਿੰਦਾ ਹੈ :

ਬਣੇ ਹਨੇਰੇ ਦੇ ਆਸ਼ਿਕ ਨੇ ਜੋ
'ਬਾਗੀ' ਦੀ ਚਿਖਾ ਜਲਾਏ ਨਾ ਕੋਈ ।

ਕਰਨੈਲ ਬਾਗੀ ਜਾਣਦਾ ਹੈ ਕਿ ਲੋਟੂ ਜਮਾਤਾਂ ਨੇ ਆਪਣੇ ਹਿਤਾਂ ਦੀ ਰਾਖੀ ਲਈ ਧਰਮ ਦੀ ਅਫੀਮ ਤੇ ਰੱਬ ਦੇ ਨਾਂ ਨੂੰ ਵਰਤਿਆ ਹੈ। ਇਸੇ ਲਈ ਉਹ ਕਹਿੰਦਾ ਹੈ :

ਮੈਂ ਪੂਜਾ ਕਰਾਂ ਕਿਰਤ ਦੀ, ਤੂੰ ਪੁਜਾਰੀ ਰੱਬ ਦਾ ।
ਤੂੰ ਪੂਜਾ ਕਰੇਂ ਮਜ਼ਹਬ ਦੀ, ਮੈਂ ਪੁਜਾਰੀ ਸਭ ਦਾ ।
ਵਾਰ ਮੇਰਾ ਰੋਕਣ ਲਈ, ਮਜ਼ਹਬ ਤੇਰੀ ਢਾਲ ਹੈ ।
ਤੋੜ ਦੇਵੇ ਢਾਲ ਜੋ, ਤਲਵਾਰ ਫਿਰਾਂ ਲੱਭਦਾ (ਪੂਜਾ)

ਬਾਗੀ ਨੇ ਲੰਮੀ ਕਵਿਤਾ ਵੀ ਲਿਖੀ ਹੈ। ਪਰ ਉਹ ਰੁਬਾਈ ਵਰਗੀ ਛੋਟੀ ਕਵਿਤਾ ਦਾ ਉਸਤਾਦ ਹੈ। ਉਹਦੀਆਂ ਛੋਟੀਆਂ ਕਵਿਤਾਵਾਂ ਬਹੁਤ ਸਫਲ ਹਨ। ਇਸ ਸੰਗ੍ਰਹਿ ਵਿਚ 'ਸਮਾਂ', 'ਕਫਨ ਦੇ ਸੌਦੇ', 'ਭੁਲੇਖਾ', 'ਅੰਡ' ਆਦਿ ਛੋਟੀਆਂ ਕਵਿਤਾਵਾਂ ਬਹੁਤ ਵਧੀਆ ਹਨ।

ਕਰਨੈਲ ਬਾਗੀ ਜਿਥੇ ਜਮਾਤੀ ਤੌਰ 'ਤੇ ਚੇਤਨ ਕਿਰਤ ਦੀ ਰਾਖੀ ਲਈ ਸੰਘਰਸ਼-ਸ਼ੀਲ ਹੈ, ਉਥੇ ਉਹਨੂੰ ਲੋਕ ਸ਼ਕਤੀਆਂ ਦੀ ਜਿੱਤ ਤੇ ਕਾਲੀਆਂ ਸ਼ਕਤੀਆਂ ਦੀ ਹਾਰ ਤੇ ਜਬਰ ਦੇ ਅੰਤ ਦਾ ਵੀ ਅਟੱਲ ਵਿਸ਼ਵਾਸ਼ ਹੈ। ਉਹ ਦੱਸਦਾ ਹੈ :

ਡਰੋ ਨਾ ਸਾਥੀਓ ਇਨ੍ਹਾਂ ਸੰਗੀਨਾਂ ਤੇ ਹੱਥ ਕੜੀਆਂ ਤੋਂ
ਇਹਨਾਂ ਜਾਬਰ ਦੀ ਹੋਂਦ
ਬਲ ਰਹੇ ਦੀਵੇ ਦੀ ਲਾਟ ਵਾਂਗ ਹੈ ਕੰਬ ਰਹੀ।

ਬਾਗੀ ਨੇ ਬੇਸ਼ਕ ਅਪਣੀ ਕਵਿਤਾ ਲਈ ਬਾਕਾਇਦਾ ਪਿੰਗਲ ਅਨੁਸਾਰ ਕਿਸੇ ਮੀਟਰ ਦੀ ਵਰਤੋਂ ਨਹੀਂ ਕੀਤੀ। ਪਰੰਤੂ ਫਿਰ ਵੀ ਉਹਦੀ ਕਵਿਤਾ ਵਿਚ ਸਰੋਦ ਤੇ ਲੈਅ ਹੈ ਜਿਹੜੀ ਤੁਰਤ ਹੀ ਜ਼ਬਾਨ 'ਤੇ ਚੜ੍ਹ ਸਕਦੀ ਹੈ । ਇਹੋ ਕਵਿਤਾ ਦੀ ਅਹਿਮ ਸਿਫਤ ਹੈ ।

ਬਾਗੀ ਨੇ ਆਪਣੀ ਕਵਿਤਾ ਵਿਚ ਬਿੰਬ ਆਮ ਜੀਵਨ ਵਿਚੋਂ ਵਰਤੇ ਹਨ। ਉਹਨੇ ਮਿਥਿਹਾਸ ਤੇ ਇਤਿਹਾਸ ਦੇ ਬਿੰਬਾਂ ਨੂੰ ਨਵੇਂ ਅਰਥ ਦਿਤੇ ਹਨ। ਕਵਿਤਾ ਦੀ ਬੋਲੀ ਸਾਦਾ ਤੇ ਸਰਲ ਅਤੇ ਆਮ ਸਮਝ ਆਉਣ ਵਾਲੀ ਹੈ। ਬਾਗੀ ਦੀ ਕਵਿਤਾ ਇਕ ਲੋਕ ਘੁਲਾਟੀਏ ਤੇ ਕਲਮਕਾਰ ਦਾ ਸਮੇਲ ਹੈ। ਮੈਂ ਬਾਗੀ ਨੂੰ ਇਸ ਦੇ ਪਹਿਲੇ ਸੰਗ੍ਰਹਿ ਤੇ ਵਧਾਈ ਦਿੰਦਾ ਹਾਂ ਤੇ ਆਮ ਪਾਠਕਾਂ ਨੂੰ ਇਹ ਪੁਸਤਕ ਪੜ੍ਹਨ ਦੀ ਸਫਾਰਸ਼ ਕਰਦਾ ਹਾਂ।

[ਸੁਰਜੀਤ ਬਰਾੜ]

## ਤੁਰਦੇ ਜਾਵਣ ਪੈਰ, ਧਾਰ ਤੇ ਤੁਰਦੇ ਪੈਰ [ਮੁਸ਼ਤਾਕ ਸਿੰਘ]

ਮੁਸ਼ਤਾਕ ਸਿੰਘ ਨੇ ਆਪਣੇ ਦੋ ਕਾਵਿ-ਸੰਗ੍ਰਹਿਆਂ "ਤੁਰਦੇ ਜਾਵਣ ਪੈਰ" (1977) ਅਤੇ "ਧਾਰ ਤੇ ਤੁਰਦੇ ਪੈਰ" (1978) ਨਾਲ ਪੰਜਾਬੀ ਕਾਵਿ-ਸੰਸਾਰ ਵਿਚ ਪ੍ਰਵੇਸ਼ ਕੀਤਾ ਹੈ। ਕਈ ਵਰ੍ਹਿਆਂ ਤੋਂ ਇੰਗਲੈਂਡ ਵਿਚ ਰਹਿਣ ਵਾਲਾ ਇਹ ਕਵੀ ਪੰਜਾਬ ਦੀ ਧਰਤੀ ਨਾਲ ਪੂਰੀ ਤਰ੍ਹਾਂ ਜੁੜਿਆ ਹੋਇਆ ਹੈ। ਵਿਦੇਸ਼ ਗਏ ਹੋਏ ਕਵੀਆਂ ਵਾਂਗ ਉਸ ਨੇ ਪੱਛਮੀ ਸਭਿਆਚਾਰ ਦਾ ਲਬਾਦਾ ਨਹੀਂ ਪਾਇਆ, ਨਾ ਹੀ ਓਪਰੇ ਵਾਤਾਵਰਨ ਦੀ ਪੇਸ਼ਕਾਰੀ ਕੀਤੀ ਹੈ। ਸਗੋਂ ਉਹ ਪੰਜਾਬੀ ਸਭਿਆਚਾਰਕ ਪਰੰਪਰਾ ਤੇ ਇੱਥੋਂ ਦੇ ਜਨ-ਜੀਵਨ ਦੀਆਂ ਸਮੱਸਿਆਵਾਂ ਤੋਂ ਆਪਣੀ ਕਾਵਿ-ਦ੍ਰਿਸ਼ਟੀ ਨੂੰ ਕਦੇ ਵੀ ਪਰੇ ਨਹੀਂ ਕਰਦਾ :

> ਹਰੇ ਇਨਕਲਾਬ ਦੇ ਕਹਕਹੇ
> ਖਾਲੀ ਤੌਲੇ, ਖਾਲੀ ਡੱਬੇ,
> ਜਾਂ ਚੁਰੜ ਮੁਰੜੇ ਰਾਸ਼ਨ ਕਾਰਡਾਂ ਦਾ ਥੱਕ।
>
> ਆਪਣੇ ਦੇਸ਼ 'ਚ, ਆਪਣੇ ਰਾਜ 'ਚ
> ਨੰਗੀਆਂ ਧੀਆਂ ਭੁੱਖੀਆਂ ਮਾਵਾਂ।
>
> ਕੀ ਬਣਨਾ ਬਨਾਉਣਾ ਭਲਾ ਜ਼ਿੰਦਗੀ ਦਾ।
> ਗਲਾ ਜੇ ਕਟੀਂਦਾ ਰਿਹਾ ਹਰ ਖੁਸ਼ੀ ਦਾ।

ਮੁਸ਼ਤਾਕ ਸਿੰਘ ਮੋਹਨ ਸਿੰਘ ਦੀ ਪ੍ਰਗਤਿਵਾਦੀ ਰੁਮਾਂਸਵਾਦੀ ਕਾਵਿ-ਪਰੰਪਰਾ ਦਾ ਕਵੀ ਹੈ। ਉਸ ਦੀ ਕਵਿਤਾ ਵਿਚ ਰੁਮਾਂਸ ਹੈ, ਰੋਹ ਹੈ, ਵਿਅੰਗ ਹੈ, ਚੁਣੌਤੀ ਹੈ ਅਤੇ ਜੀਵਨ ਦੀਆਂ ਅਸਫਲਤਾਵਾਂ ਤੇ ਖੜੋਤ ਕਾਰਨ ਉਪਜੀ ਨਿਰਾਸ਼ਾ ਵੀ ਹੈ। ਉਹ ਵਿਆਪਕ ਸਮਾਜਕ-ਰਾਜਸੀ ਸਮੱਸਿਆਵਾਂ ਨੂੰ ਵੀ ਆਪਣੀ ਕਵਿਤਾ ਦਾ ਵਿਸ਼ਾ ਬਣਾਉਂਦਾ ਹੈ ਅਤੇ ਨਿਜੀ ਵਿਚਾਰਾਂ ਤੇ ਭਾਵਨਾਵਾਂ ਦੀ ਪੇਸ਼ਕਾਰੀ ਵੀ ਕਰਦਾ ਹੈ :

> 'ਪ੍ਰਮਾਣੂ-ਬੰਬ ਧਮਾਕਾ-ਅਸਥਾਨ' ਕੋਲ ਖੜ੍ਹਾ
> 'ਸ਼ਾਂਤੀ ਦਾ ਮੀਨਾਰ !'
> ਅਜਾਇਬ-ਘਰ ਵਿਚ ਸਾਂਭੀਆਂ :
> ਪਿਘਲੀਆਂ ਇੱਟਾਂ,
> ਅੱਧ-ਝੁਲਸੇ ਲੀੜੇ,
> ਰੁਕੀਆਂ ਘੜੀਆਂ,
> ਪਾਟੇ ਕੁਰਤੇ,
> ਚੁਰੜ ਮੁਰੜ ਹੋਏ ਬਟਨ,
> ਮਿੱਝ ਰੰਗੀਆਂ ਬੁਨੈਣਾਂ,
> ਸੜੇ ਅੱਧ-ਸੜੇ ਬੂਟ...
> ਉਸ ਦੀਆਂ ਅੱਖਾਂ ਵਿਚ ਕਈ ਦੀਵੇ
> ਇਕੋ ਵਾਰ ਹੀ ਜਗ ਕੇ ਬੁਝ ਗਏ।

ਦਿਲ ਦੀ ਇਕ ਮੁੱਠ ਰੇਤਾ ਵਿਚ
ਇਸ਼ਕ ਦਾ ਸਾਗਰ ਲੁਕ ਗਿਆ ਹੈ ।

ਮੁਸ਼ਤਾਕ ਸਿੰਘ ਦੀ ਬਹੁਤੀ ਕਵਿਤਾ ਸਮਕਾਲੀ ਜੀਵਨ ਦੀਆਂ ਸਮੱਸਿਆਵਾਂ ਦੁਆਲੇ ਘੁੰਮਦੀ ਹੈ ਪਰ ਉਨ੍ਹਾਂ ਸਮੱਸਿਆਵਾਂ ਨੂੰ ਪ੍ਰਗਟਾਉਣ ਸਮੇਂ ਉਹ ਬਹੁਤੀ ਵਾਰ ਉਨ੍ਹਾ ਦਾ ਕਾਵਿ-ਰੂਪਾਂਤਰਣ ਨਹੀਂ ਕਰਦਾ ਅਤੇ ਸਪਾਟ-ਬਿਆਨੀ ਤੋਂ ਕੰਮ ਲੈਂਦਾ ਹੈ । ਸਿੱਟੇ ਵਜੋਂ ਉਸਦੀ ਕਵਿਤਾ ਵਿਚ ਆਧੁਨਿਕ ਸੰਵੇਦਨਾ ਦੀ ਘਾਟ ਨਜ਼ਰ ਆਉਂਦੀ ਹੈ ਪਰ ਕਿਤੇ ਕਿਤੇ ਇਸ ਦੀਆਂ ਛੋਹਾਂ ਜ਼ਰੂਰ ਨਜ਼ਰੀਂ ਪੈਂਦੀਆਂ ਹਨ :

ਅਸ਼ੁਮੇਧ ਯੱਗ ਵਿਚ ਰਿਝਦੇ ਘੋੜੇ ਦੀ ਮਹਿਕ
ਆਪਣਾ ਯੁਗਾਂ ਦਾ ਸਫ਼ਰ ਮੁਕਾ ਆਈ ਹੈ ।

ਅੱਜ ਅੱਖਰਾਂ ਦੇ ਅਰਥ ਗੁਆਚ ਗਏ ਹਨ ।

ਕਮਰੇ ਦੀ ਖਾਮੋਸ਼ੀ ਵਿਚ
ਇਕ ਦੁਨੀਆਂ ਮੇਰੇ ਨਾਲ ਤੁਰੇ ।

ਮੁਸ਼ਤਾਕ ਸਿੰਘ ਸੁਹਿਰਦ ਕਵੀ ਹੈ । ਉਸ ਦੀ ਕਾਵਿ-ਚੇਤਨਾ ਲੋਕ-ਚੇਤਨਾ ਦੇ ਨੇੜੇ ਵਿਚਰਦੀ ਹੈ । ਉਸ ਦੇ ਬਿੰਬ ਠੋਸ ਹਨ ਤੇ ਦ੍ਰਿਸ਼ਟੀ ਸਿਹਤਮੰਦ । ਉਸ ਦੇ ਦੋਵੇਂ ਕਾਵਿ-ਸੰਗ੍ਰਹਿ ਪ੍ਰਗਤੀਵਾਦੀ ਕਾਵਿ-ਧਾਰਾ ਨੂੰ ਸਜੀਵ ਰੱਖਣ ਦੇ ਸੁਚੇਤ ਯਤਨ ਹਨ ।

[ਹਰਭਜਨ ਹਲਵਾਰਵੀ]

## ਗੋਲ ਫਰੇਮ [ਸੁਲੱਖਣ ਮੀਤ]

ਨੌਜਵਾਨ ਲੇਖਕ ਸੁਲੱਖਣ ਮੀਤ ਦਾ 'ਇੱਜ਼ਤਾਂ ਵਾਲੇ' ਪਲੇਠੇ ਕਹਾਣੀ ਸੰਗ੍ਰਹਿ ਉਪਰੰਤ 'ਗੋਲ ਫਰੇਮ' [ਰਵੀ ਸਾਹਿੱਤ ਪ੍ਰਕਾਸ਼ਨ, ਹਾਲ ਬਾਜ਼ਾਰ, ਅੰਮ੍ਰਿਤਸਰ, ਪੰਨੇ 107, ਮੁੱਲ : 8 ਰੁਪਏ] ਦੂਸਰਾ ਕਹਾਣੀ ਸੰਗ੍ਰਹਿ ਹੈ । ਇਸ ਸੰਗ੍ਰਹਿ ਵਿਚ ਕੁਲ ਅਠਾਰਾਂ ਕਹਾਣੀਆਂ ਹਨ ।

ਇਸ ਕਹਾਣੀ ਸੰਗ੍ਰਹਿ ਵਿਚ ਸੰਕਲਿਤ ਕਹਾਣੀਆਂ ਰਾਹੀਂ ਸੁਲੱਖਣ ਮੀਤ ਨੇ ਆਪਣੇ ਜੀਵਨ ਦੇ ਤਜਰਬਿਆਂ ਨੂੰ ਕਲਾਤਮਕ ਤਰੀਕੇ ਨਾਲ ਪਾਠਕਾਂ ਗੋਚਰ ਪ੍ਰਸਤੁਤ ਕਰਨ ਦਾ ਨਿਮਾਣਾ ਜਿਹਾ ਉਪਰਾਲਾ ਕੀਤਾ ਏ । ਲੇਖਕ ਦੀਆਂ ਕਹਾਣੀਆਂ ਬਦਲਿਆ ਮਨੁੱਖ, ਤਰੱਕੀ ਕਰਦੇ ਲੋਕ, ਮਾਪਿਆਂ ਦਾ ਵਿਚੋਲਾ, ਇਕ ਸਫ਼ਰ ਹੋਰ, ਸੋਹਣੀ, ਸਮਾਂ ਉਸਤਾਦ ਹੁੰਦਾ ਏ, ਕੁੱਤੇ ਦੀ ਪੂਛ, ਗੋਲ ਫਰੇਮ ਅਤੇ ਨਿੱਕਾ ਨਿੱਕਾ, ਵੱਡਾ ਵੱਡਾ ਤਾਂ ਲੇਖਕ ਦੇ ਕਿੱਤੇ ਨਾਲ ਪੂਰੀ ਤਰ੍ਹਾਂ ਜੁੜੀਆਂ ਹੋਈਆਂ ਹਨ । ਆਪਣੇ ਵਿਸ਼ੇ ਦਾ ਪ੍ਰਭਾਵ ਪਾਠਕਾਂ 'ਤੇ ਚੰਗਾ ਅਤੇ ਨਿਵੇਕਲਾ ਪਾਉਣ ਖਾਤਿਰ ਉਸ ਨੇ ਇਤਿਹਾਸਕ ਤੱਤਾਂ ਦੀ ਵੀ ਸਹਾਇਤਾ ਲਈ ਏ ਜਿਵੇਂ ਆਪੇ ਦਾ ਅਹਿਸਾਸ, ਆਪਣੇ ਆਪਣੇ ਰਾਹਾਂ ਦੀ ਪਛਾਣ ਅਤੇ ਨਿੱਕਾ ਨਿੱਕਾ, ਵੱਡਾ ਵੱਡਾ ਕਹਾਣੀਆਂ ਵਿਚ ।

ਸੁਲੱਖਣ ਮੀਤ ਨੇ ਕਈ ਕਹਾਣੀਆਂ ਵਿਚ ਉਤਲੀ ਅਤੇ ਹੇਠਲੀ ਸ਼੍ਰੇਣੀ ਦੀ ਟੱਕਰ ਵੀ

ਕਰਵਾਈ ਏ ਅਤੇ ਓੜਕ ਜਿੱਤ ਮਿਹਨਤੀਆਂ, ਮੁਸ਼ੱਕਤ ਕਰਨ ਵਾਲਿਆਂ, ਦਸਾਂ ਨੌਹਾਂ ਦੀ ਕਿਰਤ ਕਰਕੇ ਰੋਟੀ ਖਾਣ ਵਾਲਿਆਂ ਦੀ ਹੀ ਕਰਵਾਈ ਏ ਜਿਵੇਂ 'ਇਹ ਨਹੀਂ ਸਾਨੂੰ ਪੁਗਣਾ' ਅਤੇ 'ਆਪਣੇ ਆਪਣੇ ਰਾਹਾਂ ਦੀ ਹੀ ਪਛਾਣ' ਕਹਾਣੀਆਂ ਵਿਚ। ਸਰਕਾਰੀ ਸਕੂਲਾਂ ਵਿਚ ਕੰਮ ਕਰ ਰਹੇ ਅਧਿਆਪਕਾਂ, ਪੜ੍ਹ ਰਹੇ ਵਿਦਿਆਰਥੀਆਂ ਅਤੇ ਮਾਡਲ ਸਕੂਲ ਦੇ ਵਿਹਲੇ ਅਧਿਆਪਕਾਂ ਅਤੇ ਸ਼ਗਿਰਦਾਂ ਦੀ ਤਸਵੀਰ 'ਅਗਾਂਹ ਵਲ ਵਾਪਸੀ' ਨਾਮਕ ਕਹਾਣੀ ਵਿਚ ਪਾਠਕਾਂ ਸਨਮੁੱਖ ਸਹੀ ਸਹੀ ਪੇਸ਼ ਕਰ ਦਿੱਤੀ ਏ।

ਪਿੰਡਾਂ ਵਿਚ ਰਹਿ ਰਹੇ ਅਣਪੜ੍ਹ ਅਤੇ ਪੁਰਾਣੇ ਸੰਸਕਾਰਾਂ ਵਿਚ ਗ੍ਰੱਸੇ ਨੌਜਵਾਨਾਂ ਨੂੰ ਜੇ ਕਦੇ ਸ਼ਹਿਰ ਜਾਣ ਦਾ ਅਵਸਰ ਮਿਲ ਜਾਏ ਤਾਂ ਉਹ ਫੂਲੇ ਨਹੀਂ ਸਮਾਉਂਦੇ ਅਤੇ ਸਮਾਜ ਵਿਚਲੀਆਂ ਵਰਜਿਤ ਹਰਕਤਾਂ ਬੱਸ ਵਿਚ ਬੈਠ ਕੇ ਕਰਨ ਦੀ ਲੋਚਦੇ ਹਨ। ਇਨ੍ਹਾਂ ਤਸੱਵਰਾਂ ਨੂੰ 'ਮਰ ਕੇ ਜੀਵਿਆ ਗਰੇਲੂ' ਕਹਾਣੀ ਵਿਚ ਭਲੀ ਭਾਂਤ ਅਭਿਵਿਅਕਤ ਕੀਤਾ ਏ। ਅਮੀਰ ਲੋਕ ਵਿਦਿਆ ਵਿਹੂਣੇ ਰਹਿ ਕੇ ਵੀ ਵਾਧੂ ਧੰਨ ਕਮਾਉਂਦੇ ਹਨ ਅਤੇ ਗਰੀਬਾਂ ਨੂੰ ਪੜ੍ਹ ਲਿਖ ਕੇ ਵੀ ਯੋਗਤਾ-ਮੂਜਬ ਨੌਕਰੀਆਂ ਨਹੀਂ ਮਿਲਦੀਆਂ। ਇਨ੍ਹਾਂ ਗੱਲਾਂ ਦਾ ਪ੍ਰਗਟਾਓ 'ਤਰੱਕੀ ਕਰਦੇ ਲੋਕ' ਕਹਾਣੀ ਵਿਚ ਕੀਤਾ ਗਿਆ ਏ।

'ਅੱਖੜ ਸੁਭਾਅ ਦੀ ਮੌਤ' ਕਹਾਣੀ ਵਿਚ ਲੇਖਕ ਦੱਸਦਾ ਏ ਕਿ ਵਿਦਿਆਰਥੀ ਜੀਵਨ ਵਿਚ ਤਾਂ ਵਿਦਿਆਰਥੀ ਭਾਵੇਂ ਕਾਫ਼ੀ ਜਿੱਦੀ ਅਤੇ ਹੱਠੀ ਹੁੰਦੇ ਹਨ ਪਰ ਨੌਕਰੀ ਮਿਲਣ 'ਤੇ ਆਪਣੇ ਮੁਖੀਆਂ ਦੀਆਂ ਤਰ੍ਹਾਂ ਤਰ੍ਹਾਂ ਦੀਆਂ ਸੁਣਨੋਂ ਵੀ ਨਹੀਂ ਹਿਚਕਚਾਉਂਦੇ। ਇਥੋਂ ਤਕ ਕਿ ਕਿਸੇ ਦੇ ਸਾਹਮਣੇ ਵੀ ਆਪਣੀ ਬੇਪਤੀ ਕਰਵਾ ਕੇ ਕੰਮ ਰਵਾਂ-ਰਵੀਂ ਕਰੀ ਜਾਂਦੇ ਹਨ। 'ਕੁੱਤੇ ਦੀ ਪੂਛ' ਕਹਾਣੀ ਉਨ੍ਹਾਂ ਅਮੀਰ ਲੋਕਾਂ ਦੇ ਲੜਕਿਆਂ ਦੀ ਪ੍ਰਤੀ-ਨਿਧਤਾ ਕਰਦੀ ਏ ਜੋ ਕਾਲਿਜ ਵਿਚ ਆਉਂਦੇ ਤਾਂ ਪੜ੍ਹਾਈ ਕਰਨ ਹਨ ਪਰ ਲੱਗੇ ਰਹਿੰਦੇ ਹਨ ਸਾਰਾ ਦਿਨ ਆਸ਼ਕੀਆਂ ਕਰਨ। ਪ੍ਰੋਫੈਸਰ ਵੀ ਇਨ੍ਹਾਂ ਨੂੰ ਵਰਜਣ ਦਾ ਹੀਆ ਨਹੀਂ ਕਰਦੇ। ਜੇ ਇਨ੍ਹਾਂ ਲੜਕਿਆਂ ਕੋਲੋਂ ਕਿਸੇ ਪ੍ਰਕਾਰ ਦੀ ਗੜਬੜ ਹੋ ਜਾਵੇ ਤਾਂ ਉਸ ਨੂੰ ਤੁਰੰਤ ਮੁਆਫ਼ ਕਰ ਦਿੱਤਾ ਜਾਂਦਾ ਏ। ਇਹ ਲੜਕੇ ਆਪਣੇ ਅਧਿਆਪਕਾਂ ਨੂੰ ਕਾਲਿਜ ਚੋਂ ਬਾਹਰ ਤਾਂ ਕੀ ਕਾਲਿਜ ਦੇ ਅਹਾਤੇ ਵਿਚ ਵੀ ਇੱਜ਼ਤ ਦੇਣੀ ਤੌਹੀਨ ਅਨੁਭਵ ਕਰਦੇ ਹਨ।

ਉਹ ਨੌਜਵਾਨ ਲੜਕੀਆਂ ਜਿਨ੍ਹਾਂ ਆਪਣੇ ਪੇਕੇ ਘਰੀਂ ਜ਼ਿਆਦਾ ਕੰਮ ਨਹੀਂ ਕੀਤਾ ਹੁੰਦਾ ਸੁਭਾਅ ਵਿਪਰੀਤ ਸਹੁਰੇ ਮਿਲਣ ਕਰਕੇ, ਸਹੁਰੇ ਘਰੀਂ ਜ਼ਿਆਦਾ ਕੰਮ ਕਰਕੇ ਆਪਣੀ ਉਮਰ ਨਾਲੋਂ ਪਹਿਲਾਂ ਹੀ ਵਡੇਰੀਆਂ ਦਿਸਣ ਲੱਗ ਪੈਂਦੀਆਂ ਹਨ। ਇਹ ਗੱਲ ਲੇਖਕ ਦੀ ਕਹਾਣੀ 'ਗੁੱਡੀਆਂ ਦੇ ਖੇਡਣ ਵਾਲੀ' ਦਸਦੀ ਏ। 'ਆਦਮੀ' ਕਹਾਣੀ ਵਿਚ ਉਨ੍ਹਾਂ ਪ੍ਰੇਮੀਆਂ ਵਲ ਸੰਕੇਤ ਏ ਜੋ ਜੋਬਨ ਰੁੱਤੇ ਤਾਂ ਪ੍ਰੇਮ-ਕਹਾਣੀਆਂ ਮਾਣਦੇ ਹਨ ਪਰ ਸ਼ਾਦੀਆਂ ਕਿਸੇ ਹੋਰ ਥਾਵਾਂ 'ਤੇ ਕਰਵਾ ਕੇ ਵੀ ਜਵਾਨੀ ਦੇ ਬੀਤ ਚੁੱਕੇ ਰੰਗੀਨ ਦਿਨਾਂ ਨੂੰ ਅਖੋਂ ਪਰੋਖੇ ਨਹੀਂ ਕਰ ਸਕਦੇ। 'ਸੋਹਣੀ', 'ਬੇਰੁਜ਼ਗਾਰੀ' ਅਤੇ 'ਹਸਪਤਾਲ ਵਰਗਾ ਘਰ' ਪਰਿਵਾਰ ਭਲਾਈ ਦੀਆਂ ਚੰਗੀਆਂ ਮਿਸਾਲਾਂ ਪੇਸ਼ ਕਰਨ ਵਾਲੀਆਂ ਕਹਾਣੀਆਂ ਹਨ।

ਲੇਖਕ ਨੇ ਕਹਾਣੀ ਸੰਗ੍ਰਹਿ ਦਾ ਨਾਂ ਹੀ ਆਪਣੀ ਕਹਾਣੀ 'ਗੋਲ ਫਰੇਮ' ਦੇ ਆਧਾਰ

'ਤੇ ਰਖਿਆ ਏ। ਮਾਲਵੇ ਦੇ ਪਿੰਡਾਂ ਅਤੇ ਸ਼ਹਿਰਾਂ ਦਾ ਨਕਸ਼ਾ ਖਿੱਚਣ ਵਿਚ ਲੇਖਕ ਪੂਰੀ ਤਰ੍ਹਾਂ ਸਫ਼ਲ ਹੋਇਆ ਏ। ਪੁਸਤਕ ਛਪਣ ਨਾਲ ਕਹਾਣੀ ਸਾਹਿੱਤ ਵਿਚ ਵਾਧਾ ਤਾਂ ਹੋਇਆ ਏ ਪਰ ਮੈਂ ਇਹ ਗੱਲ ਕਹਿਣ ਤੋਂ ਸੰਕੋਚ ਨਹੀਂ ਕਰਾਂਗਾ ਕਿ ਸੁਲੱਖਣ ਮੀਤ ਦੀਆਂ ਇਸ ਸੰਗ੍ਰਹਿ ਵਿਚਲੀਆਂ ਵਧੇਰੇ ਕਹਾਣੀਆਂ ਦਾ ਮਿਆਰ ਕਾਲਿਜ ਦੇ ਰਸਾਲੇ ਵਿਚ ਛਪ ਰਹੀ ਪ੍ਰੀ-ਯੂਨੀਵਰਸਟੀ ਦੇ ਵਿਦਿਆਰਥੀ ਦੀ ਕਹਾਣੀ ਵਰਗਾ ਏ। ਖਿਆਲਾਂ ਵਿਚ ਇਤਨੀ ਪ੍ਰਪਕਤਾ ਨਹੀਂ ਅਤੇ ਇਕ ਹੁਨਰੀ ਕਹਾਣੀ ਦੇ ਗੁਣਾਂ ਤੋਂ ਵੀ ਲੇਖਕ ਅਣਜਾਣ ਦਿਖਾਈ ਦੇਂਦਾ ਏ। ਫਿਰ ਵੀ ਸੁਲੱਖਣ ਮੀਤ ਤੋਂ ਹੋਰ ਕਹਾਣੀ ਸੰਗ੍ਰਹਿ ਦੀ ਆਸ ਬੜੀ ਦਿਖਾਈ ਦੇਂਦੀ ਏ ਜਿਸ ਵਿਚ ਉਕਤ ਉਕਾਈਆਂ ਦਾ ਅਭਾਵ ਹੋਏ।

[ਮਨਜੀਤ ਸਿੰਘ]

## ਪ੍ਰਾਪਤ ਪੁਸਤਕਾਂ

1. ਸੌਂਕਣ [ਪੂਰਾ ਨਾਟਕ] ਬਲਵੰਤ ਗਾਰਗੀ
2. ਸੂਤਰਧਾਰ [ਨਾਵਲ] ਨਰਿੰਦਰਪਾਲ ਸਿੰਘ
3. ਕੱਚ ਦੇ ਟੁਕੜੇ [ਹਾਸ ਵਿਅੰਗ] ਨਿਰੰਜਨ ਸ਼ਰਮਾ ਸੇਖਾ
4. ਪੰਛੀਆਂ ਦੇ ਆਲ੍ਹਣੇ [ਕਹਾਣੀ ਸੰਗ੍ਰਹਿ] ਭੂਰਾ ਸਿੰਘ ਕਲੇਰ
5. ਇਸ ਮੋੜ 'ਤੇ [ਕਾਵਿ ਸੰਗ੍ਰਹਿ] ਸੁਰਿੰਦਰ ਕਾਹਲੋਂ

□

[ਕੁਝ ਕਾਰਨਾਂ ਕਰਕੇ ਅਸੀਂ ਪਿਛਲੇ ਅੰਕ ਤੇ ਏਸ ਅੰਕ ਵਿਚ ਪਾਠਕਾਂ/ਲੇਖਕਾਂ ਦੇ ਪੱਤਰ ਨਹੀਂ ਛਾਪ ਸਕੇ। ਅਗਲੇ ਅੰਕ ਵਿਚ ਇਹ ਪੱਤਰ ਜ਼ਰੂਰ ਛਪਣਗੇ। ਪਰ ਇਹ ਚੇਤੇ ਰਹੇ ਕਿ ਸਿਰਜਣਾ ਵਿਚ ਛਪੀਆਂ ਲਿਖਤਾਂ ਦੀ ਸਾਧਾਰਨ ਪ੍ਰਸੰਸਾ ਨਿੰਦਾ ਦੇ ਪੱਤਰ ਛਾਪਣ ਤੋਂ ਅਸੀਂ ਅਸਮਰੱਥ ਹੋਵਾਂਗੇ। ਕੇਵਲ ਉਹ ਪੱਤਰ ਹੀ ਛਪ ਸਕਣਗੇ ਜਿਨ੍ਹਾਂ ਵਿਚ ਛਪੀਆਂ ਰਚਨਾਵਾਂ ਦੇ ਪ੍ਰਸੰਗ ਵਿਚ ਜਾਂ ਕਿਸੇ ਵੀ ਹੋਰ ਮਹੱਤਵਪੂਰਨ ਵਿਸ਼ੇ ਬਾਰੇ ਕੋਈ ਅਹਿਮ ਨੁਕਤਾ ਉਠਾਇਆ ਗਿਆ ਹੋਵੇਗਾ।

ਸੰਪਾਦਕ]

ਮੁਦ੍ਰਕ, ਪ੍ਰਕਾਸ਼ਕ ਤੇ ਮਾਲਕ ਸ੍ਰੀ ਸੁਰਿੰਦਰ ਮੋਹਨ ਸਿੰਘ ਨੇ ਰੰਗਸ਼ਾਲਾ ਪ੍ਰਿੰਟਰਜ਼, 2017, ਸੈਕਟਰ 15-ਸੀ, ਚੰਡੀਗੜ੍ਹ ਤੋਂ ਛਪਵਾਕੇ 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ। ਪ੍ਰਕਾਸ਼ਨ ਮਿਤੀ : 20 ਅਪਰੈਲ, 1979

PUNJAB BACKWARD CLASSES LAND DEVELOPMENT
AND FINANCE CORPORATION
Sector 7-C, CHANDIGARH.

"Backfinco Serve The Poor"

Through liberal financial assistance on very nominal rate of interest for various productive activities e.g. agricultural development, small scale industries, transport etc. Backward Classes & Economically Weaker Sections of Society are eligible. Preferance to applicants belonging to Focal Villages and applying for loans under INTEGRATED RURAL DEVELOPMENT PROGRAMME.

Backfinco has introduced various employment oriented schemes for marginal farmers and landless labourers etc. including agencies of fast-selling products. Details can be had from the Corporation's Office at Chandigarh or from every District Welfare Officer in Punjab.

DILJIT SINGH PANNUN,
Chairman.

ANOKH SINGH PAWAR,
Executive Director.

## ਸਿਰਜਣਾ ਬਾਰੇ ਜਾਣਕਾਰੀ

| | |
|---|---|
| ਪ੍ਰਕਾਸ਼ਨ ਸਥਾਨ | 225 ਬੀ, ਮਖਦੂਮਪੁਰਾ, ਜਲੰਧਰ |
| ਪ੍ਰਕਾਸ਼ਨ ਸਮਾਂ | ਤ੍ਰੈਮਾਸਕ |
| ਮੁਦ੍ਰਿਕ, ਪ੍ਰਕਾਸ਼ਕ ਤੇ ਮਾਲਕ | ਸੁਰਿੰਦਰ ਮੋਹਨ ਸਿੰਘ |
| ਕੌਮੀਅਤ | ਭਾਰਤੀ |
| ਪਤਾ | 225 ਬੀ, ਮਖਦੂਮਪੁਰਾ, ਜਲੰਧਰ |
| ਸੰਪਾਦਕ | ਰਘਬੀਰ ਸਿੰਘ |
| ਕੌਮੀਅਤ | ਭਾਰਤੀ |
| ਪਤਾ | 1023, ਸੈਕਟਰ 38 ਬੀ, ਚੰਡੀਗੜ੍ਹ |

ਮੈਂ, ਸੁਰਿੰਦਰ ਮੋਹਨ ਸਿੰਘ, ਐਲਾਨ ਕਰਦਾ ਹਾਂ ਕਿ ਉਪਰ ਦਿੱਤਾ ਵੇਰਵਾ ਮੇਰੇ ਗਿਆਨ ਤੇ ਵਿਸ਼ਵਾਸ ਅਨੁਸਾਰ ਸਹੀ ਹੈ।

ਫਰਵਰੀ 28, 1979

ਦਸਖਤ/ਸੁਰਿੰਦਰ ਮੋਹਨ ਸਿੰਘ

# JUDGE US FROM OUR RECORD

**AGRICULTURE :** We have achieved a growth rate of 8.5 % in two years against 5.5% during 1972-77. In the case of paddy. in just two years, the increase has been a colassal 80%. A world record, if any. Distribution of Co-operative Credit has risen to Rs. 92 crores from Rs.67 crores annually during 1972-77. The supply of gypsum for land reclamation has increased five times in just two years.

**POWER :** The nightmare of power cuts is a thing of the past. We will be adding 800 MWS of power as against 900 MWs generated during the last 30 years.

**IRRIGATION :** More water courses and water channels have been lined during the last two years than have been lined during the last 30 years.

**INTEGRATED RURAL DEVELOPMENT PROGRAMME :** Launched by the Prime Minister, 500 focal points have been identified. Infra-structure like bank buildings, market yards, veterinary hospitals, retail depots and consumer shops have been provided at 112 focal points. An indication of the success of this scheme wheat yield has increased by 14% in the focal point villages as against an increase of 4.6% for the entire State.

**INDUSTRIES :** For the first time, rules for incentives have been framed and notified. The new industrial policy and the cordial labour relations have now made Punjab an ideal investment preposition.

**PANCHAYATS :** 1068 Harijan Sarpanches have been elected as against 456 in 1972. There have been unanimous elections in 3817 Panchayats as against merely 260 during 1972. 194 panchayats have women sarpanches as against 32 before the recent poll.

**WELFARE OF WEAKER SECTIONS :** We have provided built up houses for harijans and agricultural labourers. We have provided interest free loans to the harijans wishing to go abroad to seek employment. These are in addition to the continuing schemes which indicate our continuing concern for the weak.

**URBAN DEVELOPMENT :** We have launched a Rs. 67 crore water supply and sewerage scheme for the improvement of the quality of urban life.

We have taken giant strides in just 21 months. We promise many more.

SARDAR PARKASH SINGH BADAL
CHIEF MINISTER, PUNJAB.

## ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀਆਂ ਪੰਜਾਬੀ ਪ੍ਰਕਾਸ਼ਨਾਵਾਂ

### ਸਾਹਿਤਕ ਖੋਜ ਤੇ ਆਲੋਚਨਾ

1. ਭਾਈ ਵੀਰ ਸਿੰਘ : ਸਮਾਂ ਤੇ ਰਚਨਾ (ਸੰਪਾਦਕ ਡਾ. ਸੁਰਿੰਦਰ ਸਿੰਘ ਕੋਹਲੀ ਅਤੇ ਡਾ. ਹਰਨਾਮ ਸਿੰਘ ਸ਼ਾਨ) ਮੁੱਲ : 24 ਰੁਪਏ
2. ਭਾਈ ਵੀਰ ਸਿੰਘ ਸੰਦਰਭ-ਕੋਸ਼ (ਸੰ: ਡਾ. ਵਿਸ਼ਵਾਨਾਥ ਤਿਵਾੜੀ) ਮੁੱਲ : 36 ਰੁਪਏ
3. ਪਿਆਰੇ ਜੀਓ (ਭਾਈ ਵੀਰ ਸਿੰਘ ਦੀਆਂ ਚੋਣਵੀਆਂ ਚਿੱਠੀਆਂ) (ਸੰਪਾਦਕ : ਡਾ. ਵਿਸ਼ਵਾਨਾਥ ਤਿਵਾੜੀ) ਮੁੱਲ : 25 ਰੁਪਏ
4. ਸਾਹਿਤਯ ਦਰਪਨ (ਅਨੁਵਾਦਕ :ਪ੍ਰੋ. ਦੁਨੀ ਚੰਦ) ਮੁੱਲ : 30 ਰੁਪਏ
5. ਪੰਜਾਬੀ ਸਾਹਿੱਤ ਦਾ ਇਤਿਹਾਸ (ਸੰਪਾਦਕ : ਡਾ. ਸੁਰਿੰਦਰ ਸਿੰਘ ਕੋਹਲੀ) ਭਾਗ ਪਹਿਲਾ ਮੁੱਲ : 30 ਰੁਪਏ, ਭਾਗ ਦੂਜਾ, ਮੁੱਲ : 12 ਰੁਪਏ
6. ਪੁਰਾਤਨ ਪੰਜਾਬੀ ਵਾਰਤਕ (ਸੰ: ਡਾ. ਸੁਰਿੰਦਰ ਸ਼ਿੰਘ ਕੋਹਲੀ) ਮੁੱਲ : 15 ਰੁਪਏ
7. ਪੰਜਾਬੀ ਸਾਹਿਤ ਕੋਸ਼ (ਸੰਪਾਦਕ ਡਾ. ਸੁਰਿੰਦਰ ਸਿੰਘ ਕੋਹਲੀ) ਭਾਗ ਪਹਿਲਾ ਮੁੱਲ : 24 ਰੁਪਏ, ਭਾਗ ਦੂਜਾ, ਮੁੱਲ : 22 ਰੁਪਏ 50 ਪੈਸੇ

### ਗੁਰਮਤਿ ਸਾਹਿੱਤ

1. ਗੁਰੂ ਨਾਨਕ : ਜੀਵਨ, ਦਰਸ਼ਨ ਤੇ ਕਾਵਿ ਕਲਾ (ਸੰਪਾਦਕ : ਡਾ. ਸੁਰਿੰਦਰ ਸਿੰਘ ਕੋਹਲੀ) ਮੁੱਲ : 30 ਰੁਪਏ
2. ਗੁਰੂ ਨਾਨਕ ਦਾ ਸ਼ਾਹਕਾਰ : ਜਪੁਜੀ (ਡਾ. ਹਰਨਾਮ ਸਿੰਘ ਸ਼ਾਨ) ਮੁੱਲ : 36 ਰੁਪਏ
3. ਪਰਮ ਪੁਰਖ ਗੁਰੂ ਨਾਨਕ ਪਾਤਸ਼ਾਹ (ਮਹਾਂਕਾਵਿ) (ਇੰਦਰਜੀਤ ਸਿੰਘ ਤੁਲਸੀ) ਮੁੱਲ : 30 ਰੁਪਏ
4. ਕਰਾਂਤੀਕਾਰ ਗੁਰੂ ਨਾਨਕ (ਡਾ. ਵਿਸ਼ਵਾ ਨਾਥ ਤਿਵਾੜੀ) ਮੁੱਲ : 15 ਰੁਪਏ
5. ਬਾਬਾ ਫਰੀਦ : ਜੀਵਨ, ਸਮਾਂ ਅਤੇ ਰਚਨਾ (ਸੰਪਾਦਕ : ਡਾ. ਸੁਰਿੰਦਰ ਸਿੰਘ ਕੋਹਲੀ ਮੁੱਲ : 36 ਰੁਪਏ
6. ਗੁਰੂ ਤੇਗ ਬਹਾਦਰ : ਜੀਵਨ, ਸਮਾਂ ਅਤੇ ਰਚਨਾ (ਸੰਪਾਦਕ : ਡਾ. ਸੁਰਿੰਦਰ ਸਿੰਘ ਕੋਹਲੀ) ਮੁੱਲ : 40 ਰੁਪਏ
7. ਬਾਣੀ ਗੁਰੂ ਤੇਗ ਬਹਾਦਰ : ਵਿਸ਼ਾ ਤੇ ਕਲਾ (ਸੰ। ਸ. ਰਾਮ ਸਿੰਘ) ਮੁੱਲ : 20 ਰੁਪਏ

### ਪੰਜਾਬੀ ਭਾਸ਼ਾ ਤੇ ਭਾਸ਼ਾ ਵਿਗਿਆਨ

1. ਪੰਜਾਬੀ ਭਾਸ਼ਾ ਦਾ ਵਿਕਾਸ (ਪ੍ਰੋ: ਦੁਨੀ ਚੰਦ) ਮੁੱਲ : 10 ਰੁਪਏ
2. ਪੰਜਾਬੀ ਭਾਸ਼ਾ ਦਾ ਵਿਆਕਰਣ (ਪ੍ਰੋ: ਦੁਨੀ ਚੰਦ) ਮੁੱਲ : 15 ਰੁਪਏ
3. ਗੁਰਮੁਖੀ ਲਿੱਪੀ ਦਾ ਜਨਮ ਤੇ ਵਿਕਾਸ (ਸ. ਜੀ. ਬੀ. ਸਿੰਘ) ਮੁੱਲ : 15 ਰੁਪਏ
4. ਪੰਜਾਬੀ ਮੁਹਾਵਰਾ ਕੋਸ਼ (ਪ੍ਰੋ: ਸਾਹਿਬ ਸਿੰਘ ਅਤੇ ਡਾ. ਤਾਰਨ ਸਿੰਘ) ਮੁੱਲ : 20 ਰੁਪਏ
5. ਪੰਜਾਬੀ ਅਖਾਣ ਕੋਸ਼ (ਹੈਡਮਾਸਟਰ ਮਹਿਤਾਬ ਸਿੰਘ) ਮੁੱਲ : 16 ਰੁਪਏ

**ਸਕੱਤਰ, ਪਬਲੀਕੇਸ਼ਨ ਬਿਓਰੋ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।**

IMPORTANT CONSUMER INFORMATION

# PUNSUP

Implements Punjab Government Scheme for the Supply of WHEAT ATTA, VANASPATI GHEE AND DALS to the consumers at cheaper rates through 500 Retail Shops in the State.

Punjab Government rates of these commodities and the quantity to be supplied per unit, per month are as under :—

| Commodity | Rate per Kg. | Quantity per month |
|---|---|---|
| WHEAT ATTA | Rs. 1.30 | —10 Kg. per unit (for adults)<br>—5 Kg. per unit (for members below 12 years) |
| VANASPATI GHEE | Rs. 9.00 | —500 grams per unit. |
| DALS | | |
| —Moong whole | Rs. 2.50) | —500 grams per unit of any variety. |
| —Mash whole | Rs. 300) | |
| —Moong washed | Rs. 3.00) | |
| —Mash washed | Rs. 3.50) | |

Other essential commodities such as controlled and non-controlled cloth, Woollens, Khandsari, Match Boxes, Soaps, Salt, Cycle tyres and tubes etc. of good quality and at reasonable rates are available at the PUNSUP Retail Shops.

Besides, good quality Assam Tea is also available at Rs. 16.50 per Kg. at Punsup Shops.

## TIMING OF THE SHOPS

| | April to September | October to March |
|---|---|---|
| RURAL AREAS : | 9.00 A.M. to 1.30 P.M.<br>2.00 P.M. to 6.00 P.M. | 9.00 A.M. to 1.00 P.M.<br>2.00 P.M. to 6.00 P.M. |
| URBAN AREAS : | 10.00 A.M. to 1.00 P.M.<br>3.00 P.M. to 8.00 P.M. | 9.30 A.M. to 1.30 P.M.<br>3.30 P.M. to 7.30 P.M. |

Shanti Swaroop Sharma,
Chairman

N.S. Rattan, I.A.S.,
Managing Director.

Punjab State Civil Supplies Corporation Ltd.,
(PUNSUP) Chandigarh,



# ਕਈ ਧਰਮ, ਇੱਕ ਰਾਸ਼ਟਰ

## ਆਉ ਅਸੀਂ ਇਸ ਗਲ ਦਾ ਮਾਣ ਕਰ

ਦੁਨੀਆਂ ਦੇ ਦੇਸ਼ਾਂ ਵਿਚ ਭਾਰਤ ਨੂੰ ਅਨੇਕਤਾ ਵਿੱਚ ਏਕਤਾ ਲਈ ਹਮੇਸ਼ਾ ਹੀ ਸਤਿਕਾਰਿਆ ਗਿਆ ਹੈ। ਇਸ ਵਿਚ ਹਰ ਧਰਮ ਦੇ ਅਨੁਯਾਈ ਵੱਡੀ ਗਿਣਤੀ ਵਿਚ ਰਹਿੰਦੇ ਹਨ—ਤੇ ਸਾਡਾ ਸੰਵਿਧਾਨ ਉਹਨਾਂ ਸਾਰਿਆਂ ਨੂੰ ਬਰਾਬਰ ਦੇ ਅਧਿਕਾਰਾਂ ਤੇ ਹਰ ਇਕ ਨੂੰ ਨਿਜੀ ਗੌਰਵ ਦੀ ਜ਼ਾਮਨੀ ਦਿੰਦਾ ਹੈ।

**ਧਰਮ ਪਵਿਤਰ ਹੈ ਅਤੇ ਕਿਸੇ ਨੂੰ ਇਸਦਾ ਨਾਜਾਇਜ਼ ਫ਼ਾਇਦਾ ਨਹੀਂ ਉਠਾਉਣ ਦਿਤਾ ਜਾਣਾ ਚਾਹੀਦਾ।**

ਸਾਊ ਨਾਗਰਿਕਾਂ ਦੀ ਬਹੁ-ਗਿਣਤੀ ਲੰਮੇ ਸਮੇ ਤੋਂ ਗੜਬੜ, ਖਿਚੋਤਾਣ, ਅਤੇ ਫ਼ਿਰਕੂ ਹਿੰਸਾ ਪੈਦਾ ਕਰਨ ਵਾਲਿਆਂ ਨੂੰ ਬਰਦਾਸ਼ਤ ਕਰਦੀ ਚਲੀ ਆ ਰਹੀ ਹੈ। ਜਦੋਂ ਵੀ ਅਮਨ-ਕਾਨੂਨ ਭੰਗ ਹੁੰਦਾ ਹੈ ਤਾਂ ਅਮਨ-ਪਸੰਦ ਲੋਕਾਂ ਨੂੰ ਉਸਦਾ ਖ਼ਮਿਆਜ਼ਾ ਭੁਗਤਣਾ ਪੈਂਦਾ ਹੈ। ਪ੍ਰਵਾਰਾਂ ਨੂੰ ਨਿਤ-ਦਿਨ ਦੀਆਂ ਲੋੜਾਂ ਤੋਂ ਵੰਚਿਤ ਰਹਿਣਾ ਪੈਂਦਾ ਹੈ। ਬੱਚੇ ਪੜ੍ਹਾਈ ਤੋਂ ਬਿਨਾਂ, ਦਿਹਾੜੀਦਾਰ ਮਜ਼ਦੂਰ ਅਤੇ ਵਪਾਰੀ ਆਪਣੀ ਰੋਜ਼ੀ ਤੋਂ ਬਿਨਾਂ ਰਹਿ ਜਾਂਦੇ ਹਨ। ਸਰਬ ਜਨਕ ਸੰਪਤੀ ਤਬਾਹ ਕੀਤੀ ਜਾਂਦੀ ਹੈ ਤੇ ਸਾਡਾ ਸਾਰਿਆਂ ਦਾ ਨੁਕਸਾਨ ਹੁੰਦਾ ਹੈ।

## ਬੇਕਸੂਰ ਲੋਕ ਕਿਉਂ ਨੁਕਸਾਨ ਉਠਾਉਣ ?

ਪ੍ਰਧਾਨ ਮੰਤਰੀ ਨੇ ਸਪਸ਼ਟ ਕਰ ਦਿੱਤਾ ਹੈ ਕਿ ਵਖ ਵਖ ਧਰਮਾਂ ਦੀ ਬਰਾਬਰੀ ਦੀ ਅਵੱਗਿਆ ਸਹਿਨ ਨਹੀਂ ਕੀਤੀ ਜਾਵੇਗੀ। ਜਿਹੜੇ ਅਧਿਕਾਰੀ ਆਪਣੇ ਫ਼ਰਜ਼ ਦੀ ਪਾਲਣਾਂ ਵਿਚ ਅਸਫ਼ਲ ਰਹਿਣਗੇ, ਉਹਨਾਂ ਨਾਲ ਸਖ਼ਤੀ ਨਾਲ ਪੇਸ਼ ਆਇਆ ਜਾਵੇਗਾ।

**ਆਉ ਅਸੀਂ ਅਮਨ ਅਤੇ ਫ਼ਿਰਕੂ ਪ੍ਰੇਮ-ਪਿਆਰ ਨੂੰ ਮਜ਼ਬੂਤ ਬਣਾਈਏ।**

**ਰਕੂ ਗੜ-ਬੜ ਫੈਲਾਉਣ ਵਾਲੇ ਸਮਾਜ-ਦੁਸ਼ਮਣ ਅਨਸਰਾਂ ਵਿਰੁਧ ਸੰਘਰਸ਼ ਕਰ**

davp 78/392-

**SIRJANA**, LITERARY PUNJABI QUARTERLY, CHANDIGARH.
**No. 34** **April—June, 1979**

Ragistered with the Registrar of Newspapers for India Vide R. No. 10215/65

# ਪੰਜਾਬ ਬੁਕ ਸੈਂਟਰ ਦੇ ਨਵੇਂ ਪ੍ਰਕਾਸ਼ਨ

| | | |
|---|---|---|
| ਸੋਵੀਅਤ ਇਨਸਾਨ | ... | 10-00 |
| ਸੋਵੀਅਤ ਯੂਨੀਅਨ : ਪ੍ਰਸ਼ਨ ਅਤੇ ਉੱਤਰ | ... | 7-00 |
| ਅੱਜ ਦੀ ਇਸਤਰੀ | ... | 8-00 |
| ਲੈਨਿਨ : ਇਕ ਮਹਾਨ ਸਿਧਾਂਤਕਾਰ | ... | 12-00 |
| ਲੈਨਿਨ : ਮਾਨਵੀ ਅਤੇ ਮਹਾਨ | ... | 5-00 |
| ਪੀਲੇ ਦੈਂਤ ਦਾ ਸ਼ਹਿਰ | ਗੋਰਕੀ | 4-60 |
| ਮਜ਼ਦੂਰ ਜਮਾਤ ਅਤੇ ਕਿਸਾਨ ਵਿਚਾਲੇ ਏਕਤਾ | ਲੈਨਿਨ | 11-00 |
| ਔਰਤਾਂ ਦੀ ਬੰਦ ਖਲਾਸੀ ਬਾਰੇ | ਲੈਨਿਨ | 3-60 |
| ਸੰਸਾਰ ਦੀਆਂ ਨਜ਼ਰਾਂ ਵਿਚ ਲੈਨਿਨ | ... | 11-25 |
| ਸਿਆਸੀ ਆਰਥਿਕਤਾ ਦੀ ਆਲੋਚਨਾ ਵਿਚ ਯੋਗਦਾਨ | ਮਾਰਕਸ | 7-50 |
| ਨੌਜਵਾਨਾਂ ਬਾਰੇ | ਲੈਨਿਨ | 8-25 |
| ਸਮਾਜਵਾਦੀ ਇਨਕਲਾਬ ਦਾ ਲੈਨਿਨਵਾਦੀ ਸਿਧਾਂਤ ਅਤੇ ਅਜੋਕਾ ਸੰਸਾਰ | ... | 13-20 |

## ਨਵੀਆਂ ਸੋਵੀਅਤ ਪੁਸਤਕਾਂ

| | | |
|---|---|---|
| ਚੋਣਵੀਆਂ ਕਹਾਣੀਆਂ | ਗੋਰਕੀ | 6-50 |
| ਅਲਵਿਦਾ ਗੁਲਸਾਰੀ (ਨਾਵਲ) | ਚ. ਆਈਤਮਾਤੋਵ | ~~3-00~~ |
| ਕਹਾਣੀਆਂ ਤੇ ਛੋਟੇ ਨਾਵਲ | ਤਾਲਸਤਾਏ | 5-50 |
| ਅਸਲੀ ਇਨਸਾਨ ਦੀ ਕਹਾਣੀ | ਬੋਰਿਸ ਪੋਲੇਵੋਈ | 6-00 |
| ਕਮਿਊਨਿਸਟ ਪਾਰਟੀ ਦਾ ਮੈਨੀਫੈਸਟੋ | ਮਾਰਕਸ, ਐਂਗਲਜ਼ | 0-50 |
| ਯੂਟੋਪਿਆਈ ਤੇ ਵਿਗਿਆਨਕ ਸਮਾਜਵਾਦ | ਲੈਨਿਨ | 3-00 |
| ਸਾਮਰਾਜ ਅਤੇ ਸਾਮਰਾਜੀਆਂ ਬਾਰੇ | ਲੈਨਿਨ | 1-00 |
| ਲੋਕ ਵਿਦਿਆ ਬਾਰੇ | ਲੈਨਿਨ | 1-60 |
| ਅੱਜ ਦਾ ਕਮਿਊਨਿਸਟ ਵਿਰੋਧ | ਵੀ. ਮਸ਼ਵੇਵੀਸ਼ਗਦਜ਼ੇ | 1-00 |

# ਪੰਜਾਬ ਬੁਕ ਸੈਂਟਰ

**1126-27, ਸੈਕਟਰ 22 ਬੀ, ਚੰਡੀਗੜ੍ਹ**

ਬਰਾਂਚਾਂ :

ਪੁਰਾਣਾ ਡਾਕਖਾਨਾ ਰੋਡ, **ਜਲੰਧਰ**; ਘੁਮਾਰ ਮੰਡੀ ਚੌਂਕ, ਸਿਵਲ ਲਾਈਨਜ਼, **ਲੁਧਿਆਣਾ**; ਸਰਹੰਦੀ ਦਰਵਾਜ਼ੇ ਦੇ ਬਾਹਰ, **ਪਟਿਆਲਾ**; ਸ਼ਹੀਦ ਭਗਤ ਸਿੰਘ ਚੌਂਕ, **ਬਠਿੰਡਾ**; ਮਹਾਂਬੀਰ ਮਾਰਗ, **ਫਰੀਦਕੋਟ**